# کشتی نوح

تصنیف لطیف: حضرت مرزا غلام احمد قادیانی مسیح موعود علیہ السلام

# ਕਸ਼ਤੀ ਏ ਨੂਹ


ਲੇਖਕ :

ਕਲਮ ਦੇ ਬਾਦਸ਼ਾਹ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ

ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ




# کشتی نوح

تصنیف لطیف: حضرت مرزا غلام احمد قادیانی مسیح موعود علیہ السلام

# ਕਸ਼ਤੀ ਏ ਨੂਹ

## (ਨੂਹ ਦੀ ਬੇੜੀ)

**ਲੇਖਕ :**

**ਕਲਮ ਦੇ ਬਾਦਸ਼ਾਹ**

**ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ**

**ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ**

**ਪ੍ਰਕਾਸ਼ਕ : ਨਜ਼ਾਰਤ ਨਸ਼ਰੋ ਇਸ਼ਾਅਤ ਸਦਰ ਅਜੁੰਮਨ ਅਹਮਦੀਆ ਕਾਦੀਆਂ,**

**ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ**

بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ

کشتی نوح

تصنیف لطیف: حضرت مرزا غلام احمد قادیانی مسیح موعود علیہ السلام

# ਕਸ਼ਤੀ ਏ ਨੂਹ

(ਨੂਹ ਦੀ ਬੇੜੀ)


ਲੇਖਕ

ਕਲਮ ਦੇ ਬਾਦਸ਼ਾਹ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ

ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ



ਅਨੁਵਾਦਕ : ਗਿਆਨੀ ਸ਼ਮਸ਼ਾਦ ਅਹਮਦ ਅਦਨ

ਸੰਸਕਰਣ ਪਹਿਲਾ : ਅਗਸਤ 2021

ਗਿਣਤੀ : 1000

ਪ੍ਰਕਾਸ਼ਕ : ਨਜ਼ਾਰਤ ਨਸ਼ਰੋ ਇਸ਼ਾਅਤ, ਸਦਰ ਅਜੁੰਮਨ ਅਹਮਦੀਆ ਕਾਦੀਆਂ-143516, ਜ਼ਿਲਾ ਗੁਰਦਾਸਪੁਰ, ਪੰਜਾਬ, ਭਾਰਤ

ਛਾਪਕ : ਫ਼ਜ਼ਲੇ ਉਮਰ ਪ੍ਰਿੰਟਿੰਗ ਪ੍ਰੈਸ ਕਾਦੀਆਂ

Name of Book : KISHTI-E-NOOH

Written BY : Hadhrat Mirza Ghulam Ahmad[as] Qadiani Masih maood w Mahdi mahood alaihis slam

Punjabi Translation By : Giani Shamshad Ahmad Eden


Eddition First : August. 2021

Copies : 1000

Published By : Nazarat Nashro Ishaat Sadr Anjuman Ahmadiyya Qadian-143516, District-Gurdaspur, Punjab (INDIA)

Printed At : Fazle Umar Printing Press Qadian-143516

# ਪਹਿਲੇ ਪ੍ਰਕਾਸ਼ਨ ਦਾ ਟਾਈਟਲ



ٹائیٹل بار اول

کشتی نوح

اور دوسرا نام

دعوت الایمان

اور تیسرا نام

تقویۃ الایمان

اے لوگو اس میں سوار ہو جاؤ بسم الله مجريها ومرسيها لا عاصم اليوم من امر الله الا من رحم

۵- اکتوبر سنہ ۱۹۰۲ء

تعداد جلد ۵۰۰

شائع ہوا

# ਪ੍ਰਕਾਸ਼ਕ ਵੱਲੋਂ

ਇਲਾਹੀ ਰਸਮੰਡਲਾਂ ਵਿੱਚ ਉਡਾਰੀਆਂ ਲਾਉਣ ਵਾਲੇ ਕਲਮ ਦੇ ਬਾਦਸ਼ਾਹ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਸਾਹਬ ਕਾਦੀਆਨੀ ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ ਦੀ ਇਹ ਪਵਿੱਤਰ ਰਚਨਾ 'ਕਿਸ਼ਤੀ ਏ ਨੂਹ' ਜਿਸਦਾ ਦੂਜਾ ਨਾਂ 'ਦਾਅਵਤੁਲ ਇਮਾਨ' ਅਤੇ ਤੀਜਾ ਨਾਂ 'ਤਕਵੀਆਤੁਲ ਈਮਾਨ' ਹੈ ਪੰਜਾਬੀ ਭਾਸ਼ਾ ਵਿੱਚ ਪਹਿਲੀ ਵਾਰ ਪ੍ਰਕਾਸ਼ਨ ਕਰਨ ਲੱਗਿਆ ਹਾਰਦਿਕ ਪ੍ਰਸ਼ੰਨਤਾ ਪ੍ਰਾਪਤ ਕਰੋ ਰਹੇ ਹਾਂ। ਆਪ ਜੀ ਨੇ ਇਹ ਰਚਨਾ ਇਲਾਹੀ ਹੁਕੂਮ ਅਨੁਸਾਰ ਧਰਤੀ ਉਪੱਰ ਪਸਰਨ ਵਾਲੇ ਪਲੇਗ ਬਾਰੇ ਆਕਾਸ਼ੀ ਟੀਕੇ ਦੇ ਰੂਪ ਵਿੱਚ ਆਪਣੀ ਜਮਾਤ ਲਈ ਤਿਆਰ ਕੀਤੀ। 5 ਅਕਤੂਬਰ 1902 ਈ. ਨੂੰ ਇਸਦਾ ਪਹਿਲਾਂ ਪ੍ਰਕਾਸ਼ਨ ਉਰਦੂ ਭਾਸ਼ਾ ਵਿੱਚ ਹੋਇਆ ਮਗਰੋਂ ਅਨੇਕਾਂ ਭਾਸ਼ਾਵਾਂ ਵਿੱਚ ਇਸਦੇ ਅਨੁਵਾਦ ਪ੍ਰਕਾਸ਼ਤ ਹੋਏ।

ਇਸ ਪੁਸਤਕ ਨੂੰ ਸ਼੍ਰੀਮਾਨ ਗਿਆਨੀ ਸ਼ਮਾਸ਼ਾਦ ਅਹਮਦ ਅਦਨ ਨੇ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਕਰਕੇ ਪੰਜਾਬੀ ਡੈਸਕ ਨਸ਼ਰੋ ਇਸ਼ਾਤ ਰਾਹੀਂ ਪ੍ਰਕਾਸ਼ਨ ਦੀ ਸਾਰੀ ਭੂਮਿਕਾ ਪੂਰਨ ਕਰਦਿਆਂ ਹੋਇਆਂ ਪ੍ਰਕਾਸ਼ਨ ਯੋਗ ਬਣਾਇਆ।

ਹੁਣ ਇਸ ਪੁਸਤਕ ਨੂੰ ਅਹਮਦੀਆਂ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੀ ਵਿਸ਼ੇਸ਼ ਆਗਿਆ ਨਾਲ ਪ੍ਰਕਾਸ਼ਤ ਕਰ ਰਹੇ ਹਾਂ।

ਵਿਨਮ੍ਰ

ਹਾਫ਼ਿਜ਼ ਮਖ਼ਦੂਮ ਸ਼ਰੀਫ਼

ਨਾਜ਼ਿਰ ਨਸ਼ਰੋ ਇਸ਼ਾਅਤ ਕਾਦੀਆਂ

# ਲੇਖਕ ਬਾਰੇ

## ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ

ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ, ਮਸੀਹ ਮੌਊਦ ਵ ਮਹਦੀ ਮਾਹੂਦ ਅਲੈਹਿ ਸਲਾਮ 1835 ਈ. ਵਿੱਚ ਭਾਰਤ ਦੇ ਸੂਬਾ ਪੰਜਾਬ ਦੇ ਇਕ ਕਸਬੇ ਕਾਦੀਆਂ ਵਿੱਚ ਪੈਦਾ ਹੋਏ । ਪਹਿਲੀ ਉਮਰ ਵਿੱਚ ਹੀ ਆਪ ਇਲਾਹੀ ਇਬਾਦਤ, ਦੁਆਵਾਂ, ਕੁਰਆਨ ਕਰੀਮ ਦੇ ਸਿਮਰਣ ਅਤੇ ਹੋਰਨਾ ਧਾਰਮਕ ਪੁਸਤਕਾਂ ਦੇ ਅਧਿਐਨ ਵਿੱਚ ਲੀਨ ਰਹਿੰਦੇ ਸਨ । ਇਸਲਾਮ ਜੋ ਕਿ ਉਸ ਸਮੇਂ ਚਾਰੇ ਪਾਸਿਓਂ ਦੁਸ਼ਮਣਾ ਦਾ ਸ਼ਿਕਾਰ ਬਣਿਆ ਹੋਇਆ ਸੀ, ਇਸਦੀ ਰਹਿਮ ਯੋਗ ਅਵਸਥਾ ਦੇਖਕੇ ਆਪ ਅਲੈਹਿ ਸਲਾਮ ਨੂੰ ਬਹੁਤ ਦੁੱਖ ਹੁੰਦਾ । ਇਸਲਾਮ ਦੀ ਪ੍ਰਤੀ ਰੱਖਿਆ ਅਤੇ ਇਸਦੀ ਸਿੱਖਿਆਵਾਂ ਨੂੰ ਇਸਦੀ ਆਪਣੀ ਅਵਸਥਾ ਵਿੱਚ ਦੁਨੀਆ ਦੇ ਸਾਹਮਣੇ ਪੇਸ਼ ਕਰਨ ਲਈ ਆਪ ਅਲੈਹਿ ਸਲਾਮ ਨੇ 90 ਤੋਂ ਵੱਧ ਕਿਤਾਬਾਂ ਲਿੱਖੀਆਂ ਅਤੇ ਹਜ਼ਾਰਾਂ ਹੀ ਪਤੱਰ ਲਿੱਖੇ ਅਤੇ ਅਨੇਕਾਂ ਹੀ ਧਾਰਮਕ ਗੋਸ਼ਟੀਆਂ ਤੇ ਵਿਚਾਰ ਵਟਾਂਦਰੇ ਕੀਤੇ । ਆਪ ਅਲੈਹਿ ਸਲਾਮ ਨੇ ਦੱਸਿਆ ਕਿ ਇਸਲਾਮ ਹੀ ਉਹ ਜੀਊਂਦਾ ਧਰਮ ਹੈ ਜੋ ਮਨੁੱਖ ਦਾ ਸੰਬੰਧ ਆਪਣੇ ਹਕੀਕੀ ਸਿਰਜਣਹਾਰ ਨਾਲ ਪੈਦਾ ਕਰ ਸਕਦਾ ਹੈ ਅਤੇ ਇਸੇ ਦੀ ਪੈਰ੍ਹਵੀ ਨਾਲ ਆਚਰਣਕ ਤੇ ਆਤਮਕ ਰਸਮੰਡਲੀਆਂ ਹਾਸਲ ਕਰ ਸਕਦਾ ਹੈ ।

ਛੋਟੀ ਉਮਰ ਵਿੱਚ ਹੀ ਆਪ ਅਲੈਹਿ ਸਲਾਮ ਸੱਚੇ ਸੁਪਨਿਆ, ਦਿਵਦ੍ਰਿਸ਼, ਇਲਾਹੀ ਕਲਾਮ ਤੇ ਸੰਬੋਧਨਾ ਨਾਲ ਮੁਸ਼ਰੱਫ਼ ਹੋਏ । 1889 ਈ. ਵਿੱਚ ਆਪ ਅਲੈਹਿ ਸਲਾਮ ਨੇ ਇਲਾਹੀ ਹੁਕਮ ਅਨੁਸਾਰ ਬੈਅਤ ਲੈਂਣਾ ਅਰੰਭ ਕੀਤਾ ਅਤੇ ਇਕ ਪਵਿੱਤਰ ਜਮਾਤ ਦੀ ਨੀਂਹ ਰੱਖੀ। ਦਿਨ ਪ੍ਰਤੀਦਿਨ ਇਲਾਹੀ ਸੰਬੋਧਨਾ ਅਤੇ ਇਲਾਹੀ ਕਲਾਮ ਵਿੱਚ ਤਰੱਕੀ ਹੁੰਦੀ ਗਈ ਅਤੇ ਆਪ ਅਲੈਹਿ ਸਲਾਮ ਨੇ ਹੁਕਮੇ ਇਲਾਹੀ ਅਨੁਸਾਰ ਹੀ ਇਹ ਐਲਾਨ ਕੀਤਾ ਕਿ ਆਪ ਹੀ

ਉਹ ਅੰਤਮ ਯੁਗ ਦੇ ਸੁਧਾਰਕ (ਮੁਸਲਿਹ ਆਖਿਰੁਜ਼ੱਮਾਂ) ਹਨ ਜਿਸ ਦੀਆਂ ਪਹਿਲਾਂ ਤੋਂ ਹੀ ਖ਼ਬਰਾਂ ਮੌਜੂਦ ਹਨ ਅਤੇ ਵਿਸ਼ਵ ਭਰ ਵਿੱਚ ਵੱਖ ਵੱਖ ਨਾਵਾਂ ਨਾਲ ਮੌਜੂਦ ਹਨ। ਆਪ ਅਲੈਹਿ ਸਲਾਮ ਨੇ ਇਹ ਵੀ ਦਾਵਾ ਕੀਤਾ ਕਿ ਆਪ ਹੀ ਉਹ ਮਸੀਹ ਤੇ ਮਹਦੀ ਹਨ ਜਿਸਦੇ ਆਉਣ ਦੀਆਂ ਭਵਿੱਖਬਾਣੀਆਂ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਕੀਤੀ ਸੀ । ਹੁਣ ਅਹਮਦੀਆ ਮੁਸਲਿਮ ਜਮਾਤ ਦੁਨੀਆ ਦੇ ਦੋ ਸੌ ਤੋਂ ਵੱਧ ਦੇਸ਼ਾ ਵਿੱਚ ਸਥਾਪਤ ਹੋ ਚੁੱਕੀ ਹੈ ।

1908 ਈ. ਵਿੱਚ ਆਪ ਅਲੈਹਿ ਸਲਾਮ ਦੇ ਸਵਰਗ ਸਿਧਾਰਣ ਦੇ ਬਾਦ ਕੁਰਆਨ ਮਜੀਦ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀਆਂ ਭਵਿੱਖਬਾਣੀਆਂ ਅਨੁਸਾਰ ਆਪ ਅਲੈਹਿ ਸਲਾਮ ਦੇ ਮਿਸ਼ਨ ਦੀ ਸੰਪੂਰਨਤਾ ਲਈ ਨਿਜ਼ਾਮੇ ਖ਼ਿਲਾਫ਼ਤ ਦੀ ਸਥਾਪਨਾ ਹੋਈ । ਹਜ਼ਰਤ ਮਿਰਜ਼ਾ ਮਸਰੂਰ ਅਹਮਦ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਆਪ ਅਲੈਹਿ ਸਲਾਮ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ ਅਤੇ ਅੰਤਰ ਰਾਸ਼ਟਰੀ ਅਹਮਦੀਆ ਮੁਸਲਿਮ ਜਮਾਤ ਦੇ ਵਰਤਮਾਨ ਰੂਹਾਨੀ ਇਮਾਮ ਹਨ ।

# ਕਸ਼ਤੀ ਏ ਨੂਹ

## (ਨੂਹ ਦੀ ਬੇੜੀ)




## ਤਾਊਨ (ਪਲੇਗ) ਦਾ ਟੀਕਾ

لَنۡ یُّصِیۡبَنَاۤ اِلَّا مَا کَتَبَ اللّٰہُ لَنَا ۚ هُوَ مَوۡلٰىنَا ۚ وَعَلَى اللّٰهِ فَلۡيَتَوَكَّلِ الۡمُؤۡمِنُوۡنَ **(التوبة 51)**

**ਅਰਥ : ਸਾਨੂੰ ਕੋਈ ਮੁਸੀਬਤ ਨਹੀਂ ਪਹੁੰਚ ਸਕਦੀ ਸਿਵਾਏ ਇਸਦੇ ਕਿ ਰੱਬ ਨੇ ਜੋ ਸਾਡੇ ਲਈ ਲਿੱਖ ਦਿੱਤੀ ਹੈ, ਉਹ ਹੀ ਸਾਡਾ ਰੱਖਿਅਕ ਤੇ ਮਾਲਕ ਹੈ ਅਤੇ ਮੋਮਿਨਾ ਨੂੰ ਚਾਹੀਦਾ ਹੈ ਕਿ ਕੇਵਲ ਉਸੇ ਉਪੱਰ ਭਰੋਸਾ ਰਖੱਣ ।**

ਧੰਨਵਾਦ ਦੀ ਪਾਤਰ ਹੈ ਕਿ ਅੰਗ੍ਰੇਜ਼ੀ ਸਰਕਾਰ ਨੇ ਆਪਣੀ ਪ੍ਰਜਾ ਉਪੱਰ ਰਹਿਮ ਕਰਦਿਆਂ ਹੋਇਆਂ ਮੁੜ੍ਹ ਤਾਊਨ (ਪਲੇਗ) ਤੋਂ ਬਚਾਉਣ ਲਈ ਟੀਕਾ ਲਾਉਣ ਦੀ ਵਿਉਂਤਬੰਦੀ ਕੀਤੀ ਅਤੇ ਮਾਨਵਤਾ ਦੀ ਭਲਾਈ ਲਈ ਲਖੱਾਂ ਰੁਪਏ ਦਾ ਭਾਰ ਆਪਣੇ ਸਿਰ ਪਾ ਲਿਆ । ਵਾਸਤਵ ਵਿੱਚ ਇਹ ਉਹ ਕੰਮ ਹੈ ਜਿਸ ਦਾ ਧੰਨਵਾਦ ਸਹਿਤ ਸਵਾਗਤ ਕਰਨਾ ਸੂਝਵਾਨ ਪ੍ਰਜਾ ਦਾ ਕਰਤਵ ਹੈ ਅਤੇ ਅਤਿ ਮੂਰਖ ਤੇ ਆਪਣੇ ਆਪੇ ਦਾ ਦੁਸ਼ਮਣ ਹੈ ਉਹ ਮਨੁੱਖ ਜੋ ਟੀਕੇ ਬਾਰੇ ਬਦਜ਼ੰਨੀ ਕਰੇ, ਕਿਉਂਕਿ ਇਹ ਵਾਰ ਵਾਰ ਤਜਰਬੇ ਵਿੱਚ ਆ ਚੁੱਕਿਆ ਹੈ ਕਿ ਸਾਵਧਾਨ ਸਰਕਾਰ ਕਿਸੇ ਖ਼ਤਰਨਾਕ ਇਲਾਜ ਉਪੱਰ ਪ੍ਰਕਿਰਿਅ ਨਹੀਂ ਕਰਾਉਂਣਾ ਚਾਹੁੰਦੀ

ਸਗੋਂ ਅਨੇਕਾਂ ਤਜਰਬਿਆਂ ਮਗਰੋਂ ਅਜਿਹੇ ਕਾਰਜਾਂ ਵਿੱਚ ਜੋ ਉਪਾਅ ਹੁਣ ਦੀ ਘੜੀ ਲਾਹੇਵੰਦ ਪ੍ਰਮਣਤ ਹੁੰਦਾ ਹਨ ਉਸੇ ਨੂੰ ਪੇਸ਼ ਕਰਦੀ ਹੈ, ਸੋ, ਇਹ ਗੱਲ ਯੋਗਤਾ ਤੇ ਮਾਨਵਤਾ ਤੋਂ ਦੂਰੀ ਦੀ ਗੱਲ ਹੈ ਕਿ ਜਿਸ ਸੱਚੀ ਖ਼ੈਰਖ਼ਵਾਹੀ ਲਈ ਲਖੱਾਂ ਰੁਪਏ ਸਰਕਾਰ ਖਰਚ ਕਰਦੀ ਹੈ ਅਤੇ ਕਰ ਚੁਕੀ ਹੈ, ਉਸ ਦੀ ਇਹ ਪ੍ਰਸ਼ੰਸਾ ਕੀਤੀ ਜਾਵੇ ਕਿ ਸੰਭਵਤਾ ਸਰਕਾਰ ਨੂੰ ਇਸ ਸਿਰਦਰਦੀ ਤੇ ਲਖੱਾਂ ਦੇ ਖਰਚ ਨਾਲ ਆਪਣਾ ਕੋਈ ਵਿਸ਼ੇਸ਼ ਲਾਭ ਹੈ, ਉਹ ਪ੍ਰਜਾ ਬਦਕਿਸਮਤ ਹੈ ਕਿ ਬਦਜ਼ਨੱੀ ਵਿੱਚ ਐਨ੍ਹੀ ਵੱਧ ਜਾਏ । ਕੋਈ ਸੰਦੇਹ ਨਹੀਂ ਕਿ ਇਸ ਸਮੇਂ ਤੱਕ ਜੋ ਉਪਾਅ ਇਸ ਸੰਸਾਰ ਵਿੱਚ ਇਸ ਸਰਕਾਰ ਦੇ ਹੱਥ ਲੱਗੇ ਉਹ ਬਹੁਤ ਆਲਾ ਤੇ ਉਚੱਕੋਟਿ ਦੇ ਹਨ । ਅਤਿ ਉਤੱਮ ਇਹ ਉਪਾਅ ਹੈ ਕਿ ਟੀਕਾ ਕਰਾਇਆ ਜਾਏ, ਇਸ ਤੋਂ ਕਿਸੇ ਵੀ ਪ੍ਰਕਾਰ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਉਪਾਅ ਲਾਹੇਵੰਦ ਪਾਇਆ ਗਿਆ ਹੈ ਅਤੇ ਪਾਬੰਦੀ ਨਾਲ ਸਾਰੀ ਪ੍ਰਜਾ ਦਾ ਕਰਤਵ ਹੈ ਕਿ ਇਸ ਦੀ ਪਾਲਣਾ ਕਰੇ, ਉਹ ਦੁੱਖ ਜੋ ਸਰਕਾਰ ਨੂੰ ਉਹਨਾ ਦੀਆਂ ਜਾਨਾ ਲਈ ਹੈ ਉਸ ਤੋਂ ਮੁਕਤ ਕਰਣ । ਪਰ ਅਸੀਂ ਬਹੁਤ ਸਤਿਕਾਰ ਨਾਲ ਉਸ ਪਰਉਪਕਾਰੀ ਸਰਕਾਰ ਦੀ ਸੇਵਾ ਵਿੱਚ ਬਿਨਤੀ ਕਰਦੇ ਹਾਂ ਕਿ ਜੇਕਰ ਸਾਡੇ ਲਈ ਇਕ ਆਕਾਸ਼ੀ ਰੋਕ ਨ ਹੁੰਦੀ ਤਾਂ ਪ੍ਰਜਾ ਵਿੱਚੋਂ ਸਾਰਿਆਂ ਤੋਂ ਪਹਿਲਾਂ ਅਸੀਂ ਟੀਕਾ ਲਗਵਾਉਂਦੇ, ਅਤੇ ਅਕਾਸ਼ੀ ਰੋਕ ਇਹ ਹੈ ਕਿ ਰੱਬ ਨੇ ਚਾਹਿਆ ਹੈ ਕਿ ਇਸ ਜ਼ਮਾਨੇ ਦੇ ਮਨੁੱਖਾਂ ਲਈ ਇਕ ਆਕਾਸ਼ੀ ਰਹਮਤ ਦਾ ਨਿਸ਼ਾਨ (ਕ੍ਰਿਸ਼ਮਾ) ਦਿਖਾਏ । ਸੋ, ਉਸ ਨੇ ਮੈਨੂੰ ਸੰਬੋਧਨ ਕਰਕੇ ਫ਼ਰਮਾਇਆ ਹੈ ਕਿ ਤੂੰ ਅਤੇ ਜੋ ਵਿਅਕਤੀ ਤੇਰੇ ਘਰ ਦੀ ਚਾਰ ਦਿਵਾਰੀ ਦੇ ਅੰਦਰ ਹੋਵੇਗਾ ਅਤੇ ਉਹ ਜੋ ਕਾਮਲ ਪੈਰ੍ਹਵੀ ਅਤੇ ਆਗਿਆਕਾਰੀ ਅਤੇ ਸੱਚੇ ਤਕਵਾ (ਸੰਜਮਤਾ) ਨਾਲ ਤੇਰੇ ਵਿੱਚ ਵਿਲੀਨ ਹੋ ਜਾਵੇਗਾ, ਉਹ ਸਾਰੇ ਹੀ ਤਾਊਨ (ਪਲੇਗ) ਤੋਂ ਬਚਾਏ ਜਾਣਗੇ । ਅਤੇ ਇਹਨਾ ਅੰਤਲੇ ਦਿਨਾ ਵਿੱਚ ਰੱਬ ਦਾ ਇਹ ਨਿਸ਼ਾਨ (ਚਮਤਕਾਰ) ਹੋਵੇਗਾ ਤਾਂ ਜੋ ਉਹ ਕੌਮਾ ਵਿੱਚ ਅੰਤਰ ਕਰਕੇ ਦਿਖਾਵੇ । ਪਰ ਉਹ ਜੋ ਕਾਮਲ ਪੈਰ੍ਹਵੀ ਨਹੀਂ ਕਰਦਾ ਉਹ ਤੇਰੇ ਵਿੱਚੋਂ ਨਹੀਂ ਹੈ, ਉਸ ਲਈ ਦਿਲਗੀਰ (ਮਨ ਛੋਟਾ ਨ

ਕਰ) ਨ ਹੋ ਇਹ ਇਲਾਹੀ ਹੁਕਮ ਹੈ । ਜਿਸ ਕਰਕੇ ਸਾਨੂੰ ਆਪਣੇ ਲਈ ਅਤੇ ਉਹਨਾਂ ਸਾਰਿਆਂ ਲਈ ਜੋ ਸਾਡੇ ਘਰ ਦੀ ਚਾਰ ਦਿਵਾਰੀ ਵਿੱਚ ਰਹਿੰਦੇ ਹਨ ਟੀਕਾ ਕਰਾਉਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਜਿਵੇਂ ਕਿ ਮੈਂ ਹੁਣੇ ਹੀ ਵਰਨਣ ਕਰ ਚੁਕਿਆ ਹਾਂ ਅੱਜ ਤੋਂ ਇਕ ਸਮਾਂ ਪਹਿਲਾਂ ਉਹ ਰੱਬ ਜੋ ਧਰਤੀ ਤੇ ਆਕਾਸ਼ਾਂ ਦਾ ਰੱਬ ਹੈ ਜਿਸ ਦੇ ਗਿਆਨ ਤੇ ਅਧਿਕਾਰ'ਚੋਂ ਕੋਈ ਚੀਜ਼ ਬਾਹਰ ਨਹੀਂ, ਉਸ ਨੇ ਮੈਨੂੰ ਅਕਾਸ਼ਵਾਣੀ ਰਾਹੀਂ ਦੱਸਿਆ ਹੈ ਕਿ ਮੈਂ ਹਰ ਇਕ ਅਜਿਹੇ ਵਿਅਕਤੀ ਨੂੰ ਪਲੇਗ ਦੀ ਮੌਤ ਤੋਂ ਬਚਾਵਾਂਗਾ ਜੋ ਇਸ ਘਰ ਦੀ ਚਾਰ ਦਿਵਾਰੀ ਵਿੱਚ ਹੋਵੇਗਾ, ਸ਼ਰਤ ਇਹ ਹੈ ਕਿ ਉਹ ਆਪਣੇ ਸਾਰਿਆਂ ਵਿਰੋਧੀ ਨਿਸ਼ਚਿਆਂ ਤੋਂ ਮੁਕਤ ਹੋਕੇ ਪੂਰੀ ਨੇਕੀ, ਅਗਿਆਕਾਰੀ ਤੇ ਵਿਨਮ੍ਰਤਾ ਨਾਲ ਬੈਅਤ (ਦੀਖਿਅਤ ਹੋਕੇ) ਕਰਕੇ ਜਮਾਤ ਅਹਮਦੀਆ ਵਿੱਚ ਦਾਖ਼ਲ ਹੋਵੇ ਅਤੇ ਰੱਬ ਦੇ ਆਦੇਸ਼ਾਂ ਅਤੇ ਉਸ ਦੇ ਮਾਮੂਰ (ਉਸ ਵੱਲੋਂ ਸਥਾਪਤ ਹੋਏ ਅਵਤਾਰ) ਸਾਹਮਣੇ ਕਿਸੇ ਵੀ ਪੱਖੋਂ ਹੰਕਾਰੀ, ਅਭਿਮਾਨੀ, ਘਮੰਡੀ, ਗ਼ਾਫ਼ਲ, ਸਿਰਕੱਢ, ਸਵੇਛਾਧਾਰੀ ਅਤੇ ਆਪ ਮੁਹਾਰਾ ਨ ਹੋਵੇ ਅਤੇ ਕਰਮ ਰੂਪੀ ਅਵਸਥਾ ਸਿੱਖਿਆ ਅਨੁਕੂਲ ਰਖੱਦਾ ਹੋਵੇ । ਉਸ ਨੇ ਮੈਨੂੰ ਸੰਬੋਧਤ ਕਰਕੇ ਇਹ ਵੀ ਦਸ ਦਿਤੱਾ ਹੈ ਕਿ ਸਾਧਾਰਣ ਤੌਰ'ਤੇ ਕਾਦੀਆਂ ਵਿੱਚ ਭਿਆਨਕ ਬਰਬਾਦੀ ਵਾਲੀ ਪਲੇਗ ਨਹੀਂ ਫੈਲੇਗੀ, ਜਿਸ ਨਾਲ ਲੋਕ ਕੁੱਤਿਆਂ ਵਾਂਗ ਮਰਨ ਅਤੇ ਦੁੱਖ ਤੇ ਚਿੰਤਾ ਨਾਲ ਸ਼ੁਦਾਈ ਹੋ ਜਾਣ ਅਤੇ ਸਾਧਾਰਣਤਾ ਸਾਰੇ ਲੋਕ ਇਸ ਜਮਾਤ ਦੇ ਭਾਵੇਂ ਉਹ ਕਿੰਨ੍ਹੇ ਹੀ ਹੋਣ ਵਿਰੋਧੀਆਂ ਦੀ ਤੁਲਨਾ ਵਿੱਚ ਪਲੇਗ ਤੋਂ ਸੁਰੱਖਿਅਤ ਰਹਿਣਗੇ, ਪਰ ਅਜਿਹੇ ਲੋਕ ਉਹਨਾਂ ਵਿੱਚੋਂ ਜੋ ਆਪਣੇ ਬਚਨਾ ਉਪੱਰ ਪੂਰੀ ਤਰ੍ਹਾਂ ਕਾਇਮ ਨਹੀਂ ਜਾਂ ਉਹਨਾਂ ਬਾਰੇ ਹੋਰ ਕੋਈ ਕਾਰਣ ਗੁਪਤ ਹੋਵੇ ਜੋ ਰੱਬ ਦੀ ਜਾਣਕਾਰੀ ਵਿੱਚ ਹੋਵੇ, ਉਹਨਾਂ'ਤੇ ਤਾਊਨ (ਪਲੇਗ) ਵਾਪਰ ਸਕਦੀ ਹੈ ਪਰ ਅਖੀਰੀ ਲੋਕ ਹੈਰਾਨੀ ਦੀ ਦ੍ਰਿਸ਼ਟੀ ਨਾਲ ਇਕਰਾਰ ਕਰਨਗੇ ਕਿ ਤੁਲਨਾਤਮਕ ਰੂਪ ਵਿੱਚ ਰੱਬ ਦੀ ਪਖੱਤਾ ਇਸ ਕੌਮ ਨਾਲ ਹੈ ਅਤੇ ਉਸ ਨੇ ਵਿਸ਼ੇਸ਼ ਰਹਮਤ ਨਾਲ ਇਹਨਾ ਲੋਕਾਂ ਨੂੰ ਅਜਿਹਾ ਬਚਾਇਆ ਹੈ ਜਿਸ ਦੀ ਉਧਾਰਣ ਨਹੀਂ । ਇਸ ਗੱਲ'ਤੇ ਕੁਝ ਨਾਦਾਨ ਹੈਰਾਨ

ਹੋ ਜਾਣਗੇ ਅਤੇ ਕਈ ਹਸੱਣਗੇ ਅਤੇ ਕਈ ਮੈਂਨੂੰ ਦੀਵਾਨਾ ਕਰਾਰ ਦੇਣਗੇ ਅਤੇ ਕਈ ਹੈਰਾਨੀ ਵਿੱਚ ਪੈ ਜਾਣਗੇ ਕਿ ਕੀ ਅਜਿਹਾ ਰੱਬ ਮੌਜੂਦ ਹੈ ਬਿਨਾ ਸਬਬਾਂ ਦੇ ਵੀ ਰਹਿਮਤ ਉਤਾਰ ਸਕਦਾ ਹੈ ? ਇਸ ਦਾ ਉਤੱਰ ਇਹ ਹੈ ਕਿ ਹਾਂ, ਨਿਰਸੰਦੇਹ ਅਜਿਹਾ ਕਾਦਰ ਰੱਬ ਮੌਜੂਦ ਹੈ ਅਤੇ ਜੇਕਰ ਉਹ ਅਜਿਹਾ ਨ ਹੁੰਦਾ ਤਾਂ ਉਸ ਨਾਲ ਸੰਬੰਧ ਰਖੱਣ ਵਾਲੇ ਜੀਉਂਦੇ ਹੀ ਮਰ ਜਾਂਦੇ । ਉਹਨਾ ਨਿਰਾਲਾ ਕਾਦਰ ਹੈ, ਉਸ ਦੀਆਂ ਅਜੀਬ ਪਵਿੱਤਰ ਕੁਦਰਤਾਂ ਹਨ । ਇਕ ਪਾਸੇ ਨਾਸਮਝ ਵਿਰੋਧੀਆਂ ਨੂੰ ਆਪਣੇ ਮਿਤੱਰਾਂ'ਤੇ ਕੁੱਤਿਆਂ ਵਾਂਗ ਲਾ ਦਿੰਦਾ ਹੈ ਅਤੇ ਇਕ ਪਾਸੇ ਫ਼ਰਿਸ਼ਤਿਆਂ ਨੂੰ ਆਦੇਸ਼ ਦਿੰਦਾ ਹੈ ਕਿ ਉਹਨਾਂ ਦੀ ਸੇਵਾ ਕਰਨ, ਅਜਿਹਾ ਹੀ ਜੱਦ ਦੁਨੀਆ ਉਪੱਰ ਉਸ ਦੀ ਕਰੋਪੀ ਵਾਪਰਦੀ ਹੈ ਅਤੇ ਉਸ ਦਾ ਕਹਿਰ ਜ਼ਾਲਮਾ ਉਪੱਰ ਹਲੱਾ ਬੋਲਦਾ ਹੈ ਤਾਂ ਉਸਦੀ ਅੱਖ ਉਸ ਦੇ ਵਿਸ਼ੇਸ਼ ਲੋਕਾਂ ਦੀ ਸੁਰੱਖਿਆ ਕਰਦੀ ਹੈ । ਜੇਕਰ ਅਜਿਹਾ ਨ ਹੁੰਦਾ ਤਾਂ ਹੱਕ ਪ੍ਰਸਤਾਂ ਦਾ ਕਾਰਖਾਨਾ ਹੀ ਖਿੰਡ ਪੁੰਡ ਜਾਂਦਾ ਅਤੇ ਕੋਈ ਉਹਨਾਂ ਨੂੰ ਸ਼ਨਾਖ਼ਤ ਹੀ ਨ ਕਰ ਸਕਦਾ । ਉਸ ਦੀਆਂ ਕੁਦਰਤਾਂ ਅਸੰਖ ਹਨ ਪਰ ਵਿਸ਼ਵਾਸ ਅਨੁਸਾਰ ਲੋਕਾਂ ਉਪੱਰ ਪ੍ਰਕਟ ਹੁੰਦੀਆਂ ਹਨ । ਜਿੰਨ੍ਹਾ ਨੂੰ ਵਿਸ਼ਵਾਸ, ਪ੍ਰੇਮ ਅਤੇ ਉਸ ਵੱਲ ਲਗਨ ਪ੍ਰਦਾਨ ਕੀਤੀ ਗਈ ਹੈ ਅਤੇ ਭੌਤਕ ਇਛੱਾਵਾਂ ਤੋਂ ਬਾਹਰ ਕੀਤੇ ਗਏ ਹਨ, ਉਹਨਾਂ ਲਈ ਹੀ ਪ੍ਰਾਕ੍ਰਿਤਕ ਨਿਯਮਾ ਪ੍ਰਤੀ ਚਮਤਕਾਰ ਪ੍ਰਕਟ ਹੁੰਦੇ ਹਨ । ਰੱਬ ਜੋ ਚਾਹੁੰਦਾ ਹੈ ਕਰਦਾ ਹੈ, ਪਰ ਪ੍ਰਾਕ੍ਰਿਤੀ ਪ੍ਰਤੀ ਚਮਤਕਾਰ ਦਿਖਾਉਣ ਦਾ ਉਹਨਾਂ ਲਈ ਹੀ ਨਿਸ਼ਚਾ ਕਰਦਾ ਹੈ ਜੋ ਰੱਬ ਲਈ ਆਪਣੀਆਂ ਆਦਤਾਂ ਨੂੰ ਤਿਆਗਦੇ ਹਨ । ਇਸ ਜ਼ਮਾਨੇ ਵਿੱਚ ਅਜਿਹੇ ਲੋਕ ਬਹੁਤ ਹੀ ਘਟ ਹਨ ਜੋ ਉਸ ਨੂੰ ਜਾਣਦੇ ਹਨ ਅਤੇ ਉਸ ਦੀਆਂ ਨਿਰਾਲੀਆਂ ਕੁਦਰਤਾਂ ਉਪੱਰ ਇਮਾਨ ਰਖੱਦੇ ਹਨ ਸਗੋਂ ਅਜਿਹੇ ਲੋਕ ਬਹੁਤ ਹਨ ਜਿੰਨ੍ਹਾ ਨੂੰ ਉਕੱਾ ਹੀ ਉਸ ਕਾਦਰ ਰੱਬ ਉਪੱਰ ਇਮਾਨ ਨਹੀਂ, ਜਿਸਦੀ ਆਵਾਜ਼ ਨੂੰ ਹਰ ਇਕ ਚੀਜ਼ ਸੁਣਦੀ ਹੈ ਅਤੇ ਜਿਸ ਦੇ ਅੱਗੇ ਕੋਈ ਗੱਲ ਅਣਹੋਣੀ ਨਹੀਂ । ਇਸ ਥਾਂ ਚੇਤੇ ਰਹੇ ਕਿ ਜੇਕਰ ਤਾਊਨ (ਪਲੇਗ) ਵਿੱਚ ਇਲਾਜ ਕਰਵਾਉਣਾ ਪਾਪ ਨਹੀਂ ਹੈ ਸਗੋਂ ਇਕ ਹਦੀਸ ਵਿੱਚ ਆਇਆ ਹੈ ਕਿ

ਕੋਈ ਅਜਿਹਾ ਰੋਗ ਨਹੀਂ ਜਿਸ ਲਈ ਰੱਬ ਨੇ ਔਸ਼ਧ ਨਹੀਂ ਪੈਦਾ ਕੀਤੀ । ਪਰੰਤੂ ਮੈਂ ਇਸ ਗੱਲ ਨੂੰ ਪਾਪ ਸਮਝਦਾ ਹਾਂ ਕਿ ਰੱਬ ਦੀ ਉਸ ਪ੍ਰਕ੍ਰਿਤੀ ਨੂੰ ਟੀਕੇ ਰਾਹੀਂ ਸ਼ੰਕਾਜਨਕ ਕਰ ਦਿਆਂ, ਜਿਸ ਨਿਸ਼ਾਨ (ਕ੍ਰਿਸ਼ਮੇ) ਨੂੰ ਉਹ ਸਾਡੇ ਲਈ ਪ੍ਰਤਖ ਰੂਪ ਵਿੱਚ ਧਰਤੀ ਉਪੱਰ ਪ੍ਰਕਟ ਕਰਨਾ ਚਾਹੁੰਦਾ ਹੈ ਅਤੇ ਮੈਂ ਉਸ ਦੇ ਸੱਚੇ ਨਿਸ਼ਾਨ ਅਤੇ ਸੱਚੇ ਵਾਦੇ (ਪ੍ਰਣ) ਦਾ ਅਪਮਾਨ ਕਰਕੇ ਟੀਕੇ ਵੱਲ ਧਿਆਨ ਨਹੀਂ ਕਰਨਾ ਚਾਹੁੰਦਾ, ਅਤੇ ਜੇਕਰ ਮੈਂ ਅਜਿਹਾ ਕਰਾਂ ਤਾਂ ਇਹ ਪਾਪ ਮੇਰਾ ਪਕੜ ਯੋਗ ਹੋਵੇਗਾ ਕਿ ਮੈਂ ਰੱਬ ਦੇ ਉਸ ਵਾਦੇ ਉਪੱਰ ਇਮਾਨ ਨ ਲਿਆਇਆ ਜੋ ਮੇਰੇ ਨਾਲ ਕੀਤਾ ਗਿਆ । ਅਤੇ ਜੇਕਰ ਅਜਿਹਾ ਹੋਇਆ ਤਾਂ ਫਿਰ ਮੈਨੂੰ ਉਸ ਵੈਦ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਸ ਨੇ ਇਹ ਟੀਕਾ ਕੱਢਿਆ, ਨ ਕਿ ਰੱਬ ਦਾ ਧੰਨਵਾਦੀ, ਜਿਸ ਨੇ ਮੈਨੂੰ ਵਚਨ ਦਿਤੱਾ ਕਿ ਹਰ ਇਕ ਜੋ ਇਸ ਚਾਰ ਦਿਵਾਰੀ ਦੇ ਅੰਦਰ ਹੈ ਮੈਂ ਉਸ ਨੂੰ ਬਚਾਵਾਂਗਾ ।

ਮੈਂ ਮਨ ਦੀ ਚੇਤਨਾ ਰਾਹੀਂ ਕਹਿੰਦਾ ਹਾਂ ਕਿ ਉਸ ਕਾਦਰ ਰੱਬ ਦੇ ਵਾਦੇ (ਵਚਨ) ਸੱਚੇ ਹਨ ਅਤੇ ਮੈਂ ਆਉਣ ਵਾਲੇ ਦਿਨਾਂ ਨੂੰ ਇਉਂ ਦੇਖਦਾ ਹਾਂ ਸੰਭਵਤਾ ਉਹ ਆ ਚੁਕੇ ਹਨ ਅਤੇ ਮੈਂ ਇਹ ਵੀ ਜਾਣਦਾ ਹਾਂ ਕਿ ਸਾਡੀ ਮਹਾਨ ਸਰਕਾਰ ਦਾ ਅਸਲ ਮੰਤਵ ਇਹ ਕਿ ਕਿਸੇ ਪ੍ਰਕਾਰ ਲੋਕ ਪਲੇਗ ਤੋਂ ਮੁਕਤੀ ਪਾਉਣ ਅਤੇ ਜੇਕਰ ਸਰਕਾਰ ਨੂੰ ਭਵਿੱਖ ਵਿੱਚ ਪਲੇਗ ਤੋਂ ਮੁਕਤੀ ਪਾਉਣ ਲਈ ਟੀਕੇ ਤੋਂ ਚੰਗਾ ਕੋਈ ਉਪਰਾਲਾ ਮਿਲ ਜਾਏ ਤਾਂ ਉਹ ਖ਼ੁਸ਼ੀ ਨਾਲ ਉਸ ਨੂੰ ਪਰਵਾਨ ਕਰੇਗੀ, ਅਜਿਹੀ ਅਵਸਥਾ ਵਿੱਚ ਪ੍ਰਕਟ ਹੈ ਕਿ ਇਹ ਤਰੀਕਾ ਜਿਸ'ਤੇ ਮੈਨੂੰ ਰੱਬ ਨੇ ਚਲਾਇਆ ਹੈ, ਇਸ ਸਰਕਾਰ ਦੇ ਉਦੇਸ਼ਿਆਂ ਦੇ ਵਿਰੁਧ ਨਹੀਂ ਹੈ ਅਤੇ ਅੱਜ ਤੋਂ ਵੀਹ ਸਾਲ ਪਹਿਲਾਂ ਇਸ ਮਹਾਨ ਪ੍ਰਕੋਪ (ਪਲੇਗ) ਬਾਰੇ ਮੇਰੀ ਕਿਤਾਬ 'ਬ੍ਰਾਹੀਨ ਅਹਮਦੀਆ' ਵਿੱਚ ਭਵਿੱਖਬਾਣੀ ਦੇ ਰੂਪ ਵਿੱਚ ਇਹ ਖ਼ਬਰ ਮੌਜੂਦ ਹੈ ਅਤੇ ਇਸ ਸੰਬੰਧੀ ਵਿਸ਼ੇਸ਼ ਬਰਕਤਾਂ ਦਾ ਵਚਨ ਵੀ ਮੌਜੂਦ ਹੈ । ਦੇਖੋ ਬ੍ਰਾਹੀਨ ਅਹਮਦੀਆ ਪੰਨ੍ਹਾ 518–519 । ਫਿਰ ਇਸ ਤੋਂ ਬਿਨਾ ਇਹ ਪ੍ਰਤਖ ਤੇ ਸਪਸ਼ਟ ਸ਼ਬਦਾਂ ਵਿੱਚ ਰੱਬ ਵੱਲੋਂ ਭਵਿੱਖਬਾਣੀ ਹੈ ਕਿ ਰੱਬ ਮੇਰੇ ਘਰ ਦੇ ਅਹਾਤੇ

(ਵਲਗਣ) ਦੇ ਅੰਦਰ ਨੇਕ ਲੋਕਾਂ ਨੂੰ ਜੋ ਰੱਬ ਨੇ ਸੰਮੁੱਖ ਅਤੇ ਇਸ ਮਾਮੂਰ (ਰੱਬ ਵੱਲੋਂ ਭੇਜੇ ਹੋਏ ਅਵਤਾਰ) ਦੇ ਸਾਹਮਣੇ ਹੰਕਾਰ ਨਹੀਂ ਕਰਦੇ ਪਲੇਗ ਦੀ ਮਹਾਮਾਰੀ ਤੋਂ ਮੁਕਤੀ ਦੇਵੇਗਾ ਅਤੇ ਤੁਲਨਾਤਮਕ ਰੂਪ ਵਿੱਚ ਇਸ ਜਮਾਤ ਉਪੱਰ ਉਸ ਦੀ ਵਿਸ਼ੇਸ਼ ਮਿਹਰ ਰਹੇਗੀ । ਸੰਭਵਤਾ ਕਿਸੇ ਦੇ ਧਾਰਮਕ ਭਰੋਸੇ ਦੀ ਕਮਜ਼ੋਰੀ ਜਾਂ ਕਰਮਾਂ ਦੀ ਘਾਟ ਜਾਂ ਮੁਕਦੱਰ ਜਾਂ ਕਿਸੇ ਅਜਿਹੇ ਕਾਰਣਾ ਕਰਕੇ ਜੋ ਰੱਬ ਦੇ ਗਿਆਨ ਵਿੱਚ ਹੋਵੇ ਕੋਈ ਵਿਲਖੱਣ ਹੀ ਇਸ ਜਮਾਤ ਵਿੱਚ ਕੋਈ ਕੇਸ ਹੋ ਜਾਏ ਤਾਂ ਅਜਿਹੀ ਵਿਲਖੱਣਤਾ ਖਾਰਜ ਦਾ ਆਦੇਖ਼ ਰਖੱਦੀ ਹੈ । ਮੁਕਾਬਲੇ ਸਮੇਂ ਹਮੇਸ਼ਾਂ ਅਧਿਕਤਾ ਦੇਖੀ ਜਾਂਦੀ ਹੈ, ਜਿਵੇਂ ਕਿ ਸਰਕਾਰ ਨੇ ਆਪ ਤਜਰਬਾ ਕਰਕੇ ਪਤਾ ਲਾ ਲਿਆ ਹੈ ਕਿ ਪਲੇਗ ਦਾ ਟੀਕਾ ਲਾਉਣ ਵਾਲੇ ਦੂਜਿਆਂ ਦੀ ਤੁਲਨਾ ਵਿੱਚ ਬਹੁਤ ਘਟ ਮਰਦੇ ਹਨ । ਸੋ, ਜਿਵੇਂ ਕਿ ਟਾਂਵੇ ਟਾਂਵੇ ਦੀ ਮੌਤ ਟੀਕੇ ਦੀ ਮਹਤੱਾ ਨੂੰ ਘੱਟ ਨਹੀਂ ਕਰ ਸਕਦੀ, ਉਸੇ ਪ੍ਰਕਾਰ ਇਸ ਨਿਸ਼ਾਨ ਵਿੱਚ ਜੇਕਰ ਤੁਲਨਾਤਮਕ ਰੂਪ ਵਿੱਚ ਬਹੁਤ ਹੀ ਘਟ ਦਰਜੇ ਵਿੱਚ ਕਾਦੀਆਂ ਵਿੱਚ ਪਲੇਗ ਦੀਆਂ ਵਾਰਦਾਤਾਂ ਹੋਣ ਜਾਂ ਵਿਰਲੇ ਹੀ ਰੂਪ ਵਿੱਚ ਇਸ ਜਮਾਤ ਵਿੱਚੋਂ ਕੋਈ ਵਿਅਕਤੀ ਇਸ ਰੋਗ ਨਾਲ ਮਰ ਜਾਏ ਤਾਂ ਇਸ ਨਿਸ਼ਾਨ ਦੀ ਮਹਤੱਾ ਘੱਟ ਨਹੀਂ ਹੋਵੇਗੀ । ਉਹ ਸ਼ਬਦ ਜੋ ਰੱਬ ਦੇ ਪਵਿੱਤਰ ਕਲਾਮ ਵਿੱਚੋਂ ਪ੍ਰਕਟ ਹੁੰਦੇ ਹਨ ਉਹਨਾਂ ਦੀ ਪਾਬੰਦੀ ਨਾਲ ਇਹ ਭਵਿੱਖਬਾਣੀ ਲਿਖੀ ਗਈ ਹੈ, ਜੋ ਸੂਝਵਾਨਾ ਦਾ ਕੰਮ ਨਹੀਂ ਹੈ ਕਿ ਪਹਿਲਾਂ ਤੋਂ ਹੀ ਆਕਾਸ਼ੀ ਗਲੱਾਂ ਉਪੱਰ ਹਾਸਾ ਕਰੇ, ਇਹ ਰੱਬ ਦਾ ਕਲਾਮ ਹੈ ਨ ਕਿ ਕਿਸੇ ਜੋਤਸ਼ੀ ਦੀਆਂ ਗੱਲਾਂ । ਇਹ ਨੂਰਾਨੀ ਅੱਖਾਂ ਰਾਹੀਂ ਹੈ ਨ ਕਿ ਹਨੇ੍ਰਿਆਂ ਦੀਆਂ ਅਟਕਲਾਂ ਰਾਹੀਂ । ਇਹ ਉਸ ਦਾ ਕਲਾਮ ਹੈ ਜਿਸਨੇ ਪਲੇਗ ਪਸਾਰੀ ਹੈ ਅਤੇ ਜੋ ਉਸ ਨੂੰ ਦੂਰ ਕਰ ਸਕਦਾ ਹੈ। ਸਾਡੀ ਸਰਕਾਰ ਨਿਰਸੰਦੇਹ ਉਸ ਸਮੇਂ ਇਸ ਭਵਿੱਖਬਾਣੀ ਦੀ ਕਦਰ ਕਰੇਗੀ ਜੱਦ ਦੇਖੇਗੀ ਕਿ ਇਹ ਹੈਰਾਨੀ ਜਨਕ ਕੀ ਕੰਮ ਹੋਇਆ ਕਿ ਟੀਕਾ ਲਾਉਣ ਵਾਲਿਆਂ ਦੀ ਤੁਲਨਾ ਵਿੱਚ ਇਹ ਲੋਕ ਠੀਕ ਠਾਕ ਤੇ ਸਵਸਥ ਹਨ ਅਤੇ ਮੈਂ ਸੱਚ ਸੱਚ ਕਹਿੰਦਾ ਹਾਂ ਕਿ ਜੇਕਰ ਇਸ ਭਵਿੱਖਬਾਣੀ ਅਨੁਸਾਰ ਕਿ ਜੋ ਵਾਸਤਵ ਵਿੱਚ

ਵੀਹ ਬਾਈ (20-22) ਸਾਲ ਤੋਂ ਪ੍ਰਸਿੱਧੀ ਪ੍ਰਾਪਤ ਕਰ ਰਹੀ ਹੈ ਪ੍ਰਗਟ ਨ ਹੋਈ ਤਾਂ ਮੈਂ ਰੱਬ ਵੱਲੋਂ (ਭੇਜਿਆ ਹੋਇਆ ਪੈਗੰਬਰ) ਨਹੀਂ ਹਾਂ । ਮੇਰਾ ਰੱਬ ਵੱਲੋਂ ਹੋਣ ਦਾ ਇਹ ਚਮਤਕਾਰ ਹੋਵੇਗਾ ਕਿ ਮੇਰੇ ਘਰ ਦੀ ਚਾਰਦਿਵਾਰੀ ਦੇ ਅੰਦਰ ਰਹਿਣ ਵਾਲੇ ਨੇਕ ਲੋਕ ਇਸ ਰੋਗ ਦੀ ਮੌਤ ਤੋਂ ਸੁਰੱਖਿਅਤ ਰਹਿਣਗੇ ਅਤੇ ਮੇਰੀ ਸਾਰੀ ਜਮਾਤ ਮੁਕਾਬਲੇ ਵਿੱਚ ਅਤੇ ਤੁਲਨਾਤਮਕ ਰੂਪ ਵਿੱਚ ਪਲੇਗ ਦੇ ਹਮਲੇ ਤੋਂ ਬਚੀ ਰਹੇਗੀ ਅਤੇ ਉਹ ਸਲਾਮਤੀ ਜੋ ਉਹਨਾ ਵਿੱਚ ਪਾਈ ਜਾਏਗੀ ਉਸ ਦੀ ਉਧਾਰਣ ਕਿਸੇ ਹੋਰ ਵਿੱਚ ਦਿਖਾਈ ਨਹੀਂ ਦੇਵੇਗੀ ਅਤੇ ਕਾਦੀਆ ਵਿੱਚ ਪਲੇਗ ਦੀ ਮਹਾਮਾਰੀ ਦਾ ਭਿਆਨਕ ਰੂਪ ਜੋ ਤਬਾਹ ਕਰ ਦੇਵੇ ਨਹੀਂ ਆਏਗਾ । ਬਹੁਤ ਹੀ ਘਟ, ਟਾਂਵੇ ਟਾਂਵੇ ਸੰਭਵਤਾ ਕੋਈ ਵਿਰਲਾ ਹੀ । ਕਾਸ਼, ਜੇਕਰ ਇਹ ਲੋਕ ਸਿੱਧੇ ਹੁੰਦੇ ਅਤੇ ਰੱਬ ਤੋਂ ਡਰਦੇ ਤਾਂ ਬਿਲਕੁਲ ਬਚਾਏ ਜਾਂਦੇ । ਕਿਉਂਕਿ ਧਰਮ ਦੀ ਭਿੰਨਤਾ ਕਰਕੇ ਦੁਨੀਆ ਵਿੱਚ ਕਿਸੇ ਉਪੱਰ ਪ੍ਰਕੋਪ ਨਹੀਂ ਪਸਰਦਾ, ਉਸਦਾ ਹਿਸਾਬ ਕਯਾਮਤ (ਪਰਲੈ) ਦੇ ਦਿਨ ਹੋਵੇਗਾ । ਦੁਨੀਆ ਵਿੱਚ ਕੇਵਲ ਸ਼ਰਾਰਤਾਂ, ਸ਼ੋਖ਼ੀਆਂ, ਹੈਂਕੜਾਂ ਅਤੇ ਪਾਪਾਂ ਦੀ ਅਧਿਕੱਤਾ ਕਰਕੇ ਪ੍ਰਕੋਪ ਆਉਂਦੇ ਹਨ ਅਤੇ ਇਹ ਵੀ ਚੇਤੇ ਰਹੇ ਕਿ ਕੁਰਆਨ ਸ਼ਰੀਫ਼ ਵਿੱਚ ਸਗੋਂ ਤੌਰਾਤ ਦੇ ਕੁਝ ਸਹੀਫ਼ਿਆਂ ਵਿੱਚ ਵੀ ਇਹ ਖ਼ਬਰ ਮੌਜੂਦ ਹੈ ਕਿ ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਪਲੇਗ ਪਏਗੀ[1] ਸਗੋਂ ਹਜ਼ਰਤ ਮਸੀਹ ਅਲੈਹਿ ਸਲਾਮ ਨੇ ਵੀ ਇੰਜੀਲ ਵਿੱਚ ਇਹ ਖ਼ਬਰ ਦਿੱਤੀ ਹੈ ਅਤੇ ਸੰਭਵ ਨਹੀਂ ਕਿ ਨਬੀਆਂ ਦੀਆਂ ਭਵਿੱਖਬਾਣੀਆਂ ਟੱਲ ਜਾਣ । ਇਹ ਵੀ ਚੇਤੇ ਰਹੇ ਕਿ ਸਾਨੂੰ ਇਸ ਇਲਾਹੀ ਵਚਨ ਦੇ ਮੁਕਾਬਲੇ ਵਿੱਚ ਇਸ ਲਈ ਵੀ ਮਨੁੱਖੀ ਤਦਬੀਰਾਂ ਤੋਂ ਗੁਰੇਜ਼ ਕਰਨਾ ਲਾਜ਼ਮ ਹੈ, ਤਾਂ ਜੋ ਰੱਬੀ ਚਮਤਕਾਰ ਨੂੰ ਕੋਈ ਦੁਸ਼ਮਣ ਦੂਜੇ ਪਾਸੇ ਨ ਲੈ ਜਾਏ, ਪਰ ਜੇਕਰ ਇਸ ਦੇ ਨਾਲ ਰੱਬ ਆਪਣੇ ਕਲਾਮ ਰਾਹੀਂ ਆਪ ਕੋਈ ਤਦਬੀਰ

[1] ਮਸੀਹ ਮੌਊਦ ਅਲੈਹਿ ਸਲਾਮ ਦੇ ਸਮੇਂ ਤਾਊਨ (ਪਲੇਗ) ਦਾ ਪੈਣਾ ਬਾਈਬਲ ਦੀਆਂ ਕਿਤਾਬਾਂ ਵਿੱਚ ਮੌਜੂਦ ਹੈ, ਦੇਖੋ, ਜ਼ਕਰੀਆ 12/14, ਇੰਜੀਲ ਮਤੀ 8/24, ਮੁਕਾਸ਼ਫ਼ਾਤ 8/22

ਸਮਝਾ ਦੇਵੇ ਜਾਂ ਕੋਈ ਦਵਾਈ ਦੱਸ ਦੇਵੇ ਤਾਂ ਅਜਿਹੀ ਤਦਬੀਰ ਜਾਂ ਦਵਾਈ ਇਸ ਚਮਤਕਾਰ ਵਿੱਚ ਕੋਈ ਰੋਕ ਨਹੀਂ ਹੋਵੇਗੀ ਕਿਉਂਕਿ ਉਹ ਉਸ ਰੱਬ ਵੱਲੋਂ ਹੈ ਜਿਸ ਵੱਲੋਂ ਇਹ ਚਮਤਕਾਰ ਹੈ । ਕਿਸੇ ਨੂੰ ਇਹ ਭਰਮ ਨ ਲੰਘ ਜਾਏ ਕਿ ਜੇਕਰ ਵਿਰਲੇ ਹੀ ਕੋਈ ਸਾਡੀ ਜਮਾਤ ਵਿੱਚ ਪਲੇਗ ਕਰਕੇ ਮਰ ਜਾਏ ਤਾਂ ਚਮਤਕਾਰ ਦੀ ਮਹਤੱਾ ਵਿੱਚ ਕੋਈ ਅੰਤਰ ਆਏਗਾ ਕਿਉਕਿ ਪਹਿਲੇ ਯੁਗਾਂ ਵਿੱਚ ਮੂਸਾ ਅਤੇ ਈਸਾ ਅਤੇ ਅੰਤ ਵਿੱਚ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮਮ ਨੂੰ ਆਦੇਸ਼ ਹੋਇਆ ਸੀ ਕਿ ਜਿੰਨ੍ਹਾ ਲੋਕਾਂ ਨੇ ਤਲਵਾਰ ਚੁੱਕੀ ਅਤੇ ਸੈਂਕੜਿਆਂ ਮਨੁੱਖਾਂ ਦੇ ਰੱਤ ਵਹਾਏ ਉਹਨਾਂ ਨੂੰ ਤਲਵਾਰ ਨਾਲ ਹੀ ਕਤਲ ਕੀਤਾ ਜਾਏ ਅਤੇ ਇਹ ਨਬੀਆਂ ਵੱਲੋਂ ਨਿਸ਼ਾਨ ਸੀ ਜਿਸ ਦੇ ਬਾਦ ਮੱਕੇ ਦੀ ਮਹਾਨ ਫ਼ਤਹ ਹੋਈ । ਜੱਦ ਕਿ ਟਾਕਰੇ ਵਿੱਚ ਮੁਜਰਮਾ ਦੇ ਹੱਥੀ ਸੱਚੇ ਵੀ ਉਹਨਾਂ ਦੀਆਂ ਤਲਵਾਰਾਂ ਨਾਲ ਕਤਲ ਹੁੰਦੇ ਸੀ ਪਰ ਬਹੁਤ ਘੱਟ ਅਤੇ ਐਨ੍ਹੇ ਤੁਛ ਹਾਣ ਨਾਲ ਚਮਤਕਾਰ ਵਿੱਚ ਕੋਈ ਫ਼ਰਕ ਨਹੀਂ ਪੈਂਦਾ ਸੀ, ਸੋ, ਅਜਿਹਾ ਹੀ ਜੇਕਰ ਇਕੱਾ ਦੁਕੱਾ ਦੇ ਤੌਰ'ਤੇ ਕੋਈ ਸਾਡੀ ਜਮਾਤ ਵਿੱਚੋਂ ਵੀ ਕਈਆਂ ਨੂੰ ਉਹਨਾਂ ਦੇ ਸਬਬਾਂ ਕਰਕੇ ਪਲੇਗ ਹੋ ਜਾਂਦਾ ਤਾਂ ਅਜਿਹੀ ਪਲੇਗ ਇਲਾਹੀ ਚਮਤਕਾਰ ਵਿੱਚ ਕੁਝ ਵੀ ਹਰਜਾ ਨਹੀਂ ਹੋਵੇਗੀ । ਕੀ ਇਹ ਮਹਾਨਤਮ ਚਮਤਕਾਰ ਨਹੀਂ ਕਿ ਮੈਂ ਵਾਰ ਵਾਰ ਕਹਿੰਦਾ ਹਾਂ ਕਿ ਰੱਬ ਇਸ ਭਵਿੱਖਬਾਣੀ ਨੂੰ ਅਜਿਹੇ ਰੂਪ ਵਿੱਚ ਪ੍ਰਕਟ ਕਰੇਗਾ ਕਿ ਕਿਸੇ ਵੀ ਸਚੱਾਈ ਦੇ ਜਾਚਕ ਨੂੰ ਕੋਈ ਸੰਦੇਹ ਨਹੀਂ ਰਹੇਗਾ ਅਤੇ ਉਹ ਸਮਝ ਜਾਏਗਾ ਕਿ ਚਮਤਕਾਰ ਦੇ ਰੂਪ ਵਿੱਚ ਰੱਬ ਨੇ ਇਸ ਜਮਾਤ ਨਾਲ ਮਾਮਲਾ ਕੀਤਾ ਹੈ ਸਗੋਂ ਇਲਾਹੀ ਚਮਤਕਾਰ ਨਾਲ ਅਜਿਹਾ ਹੋਵੇਗਾ ਕਿ ਤਾਊਨ ਰਾਹੀਂ ਇਹ ਜਮਾਤ ਵਧੇਗੀ ਅਤੇ ਕ੍ਰਿਸ਼ਮਾਤੀ ਰੂਪ ਵਿੱਚ ਤਰੱਕੀ ਕਰੇਗੀ ਅਤੇ ਇਹਨਾਂ ਦੀ ਇਹ ਤਰੱਕੀ ਹੈਰਾਨੀ ਨਾਲ ਦੇਖੀ ਜਾਏਗੀ ਅਤੇ ਵਿਰੋਧੀ ਜੋ ਹਰ ਮੌਕੇ'ਤੇ ਪਰਾਜਿਤ ਹੁੰਦੇ ਰਹੇ ਹਨ ਜਿਵੇਂ ਕਿ ਕਿਤਾਬ 'ਨਜ਼ੂਲੁਲ ਮਸੀਹ' ਵਿੱਚ ਮੈਂ ਲਿੱਖਿਆ ਹੈ, ਜੇਕਰ ਇਸ ਪੇਸ਼ਗੋਈ ਅਨੁਸਾਰ ਰੱਬ ਨੇ ਇਸ ਜਮਾਤ ਅਤੇ ਦੂਜੀਆਂ ਜਮਾਤਾਂ ਵਿੱਚ ਕੁਝ ਅੰਤਰ ਨ ਕਰ ਦਿਖਾਇਆ ਤਾਂ ਉਹਨਾਂ ਦਾ

ਅਧਿਕਾਰ ਹੋਵੇਗਾ ਕਿ ਮੇਰਾ ਖੰਡਨ ਕਰਨ, ਹੁਣ ਤੱਕ ਉਹਨਾਂ ਨੇ ਜੋ ਮੇਰਾ ਖੰਡਨ ਕੀਤਾ ਹੈ ਇਸ ਵਿੱਚ ਤਾਂ ਉਹਨਾਂ ਨੇ ਕੇਵਲ ਲਾਨ੍ਹਤ ਮੁੱਲ ਲਈ ਹੈ । ਉਧਾਰਣ ਲਈ ਵਾਰ ਵਾਰ ਰੌਲ੍ਹਾ ਪਾਇਆ ਕਿ ਆਥਮ ਪੰਦਰ੍ਹਾਂ ਮਹੀਨਿਆ ਵਿੱਚ ਨਹੀਂ ਮਰਿਆ, ਜੱਦ ਕਿ ਭਵਿੱਖਬਾਣੀ ਵਿੱਚ ਸਪਸ਼ਟ ਸ਼ਬਦਾਂ ਵਿੱਚ ਕਹਿ ਦਿਤੱਾ ਸੀ ਕਿ ਜੇਕਰ ਉਹ ਸਚੱਾਈ ਵੱਲ ਧਿਆਨ ਕਰੇਗਾ ਤਾਂ ਪੰਦਰ੍ਹਾਂ ਮਹੀਨਿਆ ਵਿੱਚ ਨਹੀਂ ਮਰੇਗਾ । ਸੋ, ਉਸ ਨੇ ਐਨ ਮੌਕੇ 'ਜਲਸਾ ਮੁਬਾਹਿਸਾ' (ਵਾਦ ਵਿਵਾਦ ਦੇ ਜਲਸੇ) ਸਮੇਂ ਸਤੱਰ ਵਿਅਕਤੀਆਂ ਦੇ ਰੂਬਰੂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ 'ਦਜੱਾਲ' (ਝੂਠਾ ਜਾਂ ਸੱਚ ਨੂੰ ਲੁਕਾਉਣ ਵਾਲਾ) ਕਹਿਣ ਤੋਂ ਮੁੜ ਗਿਆ ਅਤੇ ਨ ਕੇਵਲ ਇਹ ਸਗੋਂ ਉਸ ਨੇ ਪੰਦਰ੍ਹਾਂ ਮਹੀਨਿਆਂ ਤੱਕ ਆਪਣੀ ਚੁੱਪੀ ਬਣਾਈ ਰੱਖੀ ਅਤੇ ਖ਼ੌਫ਼ ਨਾਲ ਆਪਣਾ ਪਰਤਨਾ ਪ੍ਰਮਾਣਤ ਕਰ ਦਿਤੱਾ । ਪੇਸ਼ਗੋਈ ਦਾ ਅਧਾਰ ਇਹੋ ਸੀ ਕਿ ਉਸ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਅਹਿ ਵਸਲਮ ਨੂੰ ਦਜੱਾਲ ਕਿਹਾ ਸੀ । ਇਸ ਲਈ ਉਸਨੇ ਇਸ ਤੋਂ ਪਰਤਕੇ ਕੇਵਲ ਇੰਨ੍ਹਾ ਹੀ ਲਾਭ ਉਠਾਇਆ ਕਿ ਪੰਦਰ੍ਹਾਂ ਮਹੀਨਿਆਂ ਦੇ ਬਾਦ ਮਰਿਆ ਪਰ ਮਰ ਗਿਆ, ਇਹ ਇਸ ਲਈ ਹੋਇਆ ਕਿ ਪੇਸ਼ਗੋਈ ਵਿੱਚ ਇਹ ਵਰਨਣ ਸੀ ਕਿ ਦੋਹਾਂ ਧੜਿਆਂ ਵਿੱਚੋਂ ਜੋ ਵਿਅਕਤੀ ਆਪਣੇ ਅਕੀਦੇ ਦੇ ਪੱਖੋਂ ਝੂਠਾ ਹੈ ਉਹ ਪਹਿਲਾਂ ਮਰੇਗਾ, ਸੋ, ਉਹ ਮੈਥੋਂ ਪਹਿਲਾਂ ਮਰ ਗਿਆ । ਇਸੇ ਪ੍ਰਕਾਰ ਉਹ ਗ਼ੈਬ ਦੀਆਂ ਗਲੱਾਂ ਜੋ ਰੱਬ ਨੇ ਮੈਨੂੰ ਦੱਸੀਆਂ ਹਨ ਅਤੇ ਫਿਰ ਆਪਣੇ ਸਮੇਂ'ਤੇ ਪੂਰੀਆਂ ਹੋਈਆਂ ਉਹ ਦੱਸ ਹਜ਼ਾਰ ਤੋਂ ਘੱਟ ਨਹੀਂ, ਪਰ ਕਿਤਾਬ 'ਨਜ਼ੂਲੁਲ ਮਸੀਹ' ਵਿੱਚ ਜੋ ਕਿ ਛੱਪ ਰਹੀ ਹੈ ਨਮੂਨੇ ਦੇ ਰੂਪ ਵਿੱਚ ਉਸ ਵਿੱਚ ਕੇਵਲ ਡੇਢ ਸੌ ਆਪਣੇ ਪ੍ਰਮਾਣਾ ਤੇ ਗਵਾਹੀਆਂ ਸਹਿਤ ਲਿੱਖੀਆਂ ਗਈਆਂ ਹਨ ਅਤੇ ਮੇਰੀ ਕੋਈ ਵੀ ਅਜਿਹੀ ਪੇਸ਼ਗੋਈ ਨਹੀਂ ਹੈ ਜੋ ਪੂਰੀ ਨਹੀਂ ਹੋਈ ਜਾਂ ਉਸ ਦੇ ਦੋ ਭਾਗਾਂ ਵਿੱਚੋਂ ਇਕ ਭਾਗ ਪੂਰਾ ਨਹੀਂ ਹੋ ਚੁੱਕਿਆ । ਜੇਕਰ ਕੋਈ ਭਾਲ ਕਰਦਾ ਕਰਦਾ ਮਰ ਵੀ ਜਾਵੇ ਤਾਂ ਕੋਈ ਪੇਸ਼ਗੋਈ ਜੋ ਮੇਰੇ ਮੂੰਹੋ ਨਿਕਲੀ ਹੋਵੇ ਉਸ ਨੂੰ ਨਹੀਂ ਮਿਲੇਗੀ ਜਿਸ ਬਾਰੇ ਇਹ ਕਹਿ ਸਕਦਾ ਹੋਵੇ ਕਿ ਖਾਲੀ ਗਈ । ਪਰ ਬੇਸ਼ਰਮੀ

ਨਾਲ ਜਾਂ ਅਣਜਾਣੇ ਵਿੱਚ ਜੋ ਚਾਹੇ ਕਹੇ । ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਮੇਰੀਆਂ ਹਜ਼ਾਰਾਂ ਹੀ ਅਜਿਹੀਆਂ ਖੁੱਲੀਆਂ ਖੁੱਲੀਆਂ ਭਵਿੱਖਬਾਣੀਆਂ ਹਨ ਜੋ ਅਤਿਅੰਤ ਸਪਸ਼ਟਤਾ ਨਾਲ ਪੂਰੀਆਂ ਹੋਈਆਂ ਹਨ ਜਿੰਨ੍ਹਾ ਦੇ ਲਖੱਾਂ ਹੀ ਲੋਕ ਗਵਾਹ ਹਨ । ਉਹਨਾਂ ਦੀਆਂ ਉਧਾਰਣਾ ਬੀਤੇ ਨਬੀਆਂ ਵਿੱਚ ਭਾਲੀਆਂ ਜਾਣ ਤਾਂ ਸਿਵਾਏ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਕਿਸੇ ਹੋਰ ਥਾਂ ਉਹਨਾਂ ਦੀ ਉਧਾਰਣ ਨਹੀਂ ਮਿਲੇਗੀ । ਜੇਕਰ ਮੇਰੇ ਮੁਖ਼ਾਲਫ਼ ਇਸੇ ਢੰਗ ਨਾਲ ਫ਼ੈਸਲਾ ਕਰਦੇ ਤਾਂ ਕਦੋਂ ਦੀਆਂ ਉਹਨਾਂ ਦੀਆਂ ਅਖੱਾਂ ਖੁੱਲ੍ਹ ਜਾਂਦੀਆਂ ਅਤੇ ਮੈਂ ਉਹਨਾਂ ਨੂੰ ਇਕ ਬਹੁਤ ਵੱਡਾ ਪੁਰੁਸਕਾਰ ਦੇਣ ਲਈ ਤਿਆਰ ਸੀ । ਜੇਕਰ ਉਹ ਦੁਨੀਆ ਵਿੱਚ ਕੋਈ ਉਧਾਰਣ ਜਿਹੀਆਂ ਪੇਸ਼ਗੋਈਆਂ ਦੀ ਪੇਸ਼ ਕਰ ਸਕਦੇ । ਕੇਵਲ ਸ਼ਰਾਰਤ ਜਾਂ ਹਮਾਕਤ (ਮੂਰਖਤਾ) ਨਾਲ ਇਹ ਆਖਣਾ ਕਿ ਫਲਾਣੀ ਪੇਸ਼ਗੋਈ ਪੂਰੀ ਨਹੀਂ ਹੋਈ ਅਸੀਂ ਸਿਵਾਏ ਇਸਦੇ ਕੀ ਆਖੀਏ ਕਿ ਅਜਿਹੀਆਂ ਗਲੱਾਂ ਨੂੰ ਖ਼ਬਾਸਤ (ਨੀਚਤਾ) ਤੇ ਬਦਜ਼ੱਨੀ ਵੱਲ ਮੜ੍ਹੀਏ । ਜੇਕਰ ਕਿਸੇ ਮਜਮੇ (ਭੀੜ, ਸੰਗਤ) ਵਿੱਚ ਇਸ ਦੀ ਖੋਜ ਲਈ ਗੱਲ ਕਰਦੇ ਤਾਂ ਉਹਨਾਂ ਨੂੰ ਆਪਣੇ ਮੂੰਹ ਦੀ ਖਾਣੀ ਪੈਂਦੀ ਜਾਂ ਬੇ ਹਿਯਾ ਅਖਵਾਉਣਾ ਪੈਂਦਾ । ਹਜ਼ਾਰਾਂ ਪੇਸ਼ਗੋਈਆਂ ਦਾ ਹੂਬਹੂ ਪੂਰਾ ਹੋ ਜਾਣਾ ਅਤੇ ਉਹਨਾਂ ਦੇ ਪੂਰਾ ਹੋਣ'ਤੇ ਹਜ਼ਾਰਾਂ ਗਵਾਹਾਂ ਦਾ ਜੀਉਂਦੇ ਪਾਇਆ ਜਾਣਾ ਇਹ ਕੋਈ ਨਿੱਕੀ ਜਿਹੀ ਗੱਲ ਨਹੀਂ ਹੈ, ਸੰਭਵਤਾ ਜੀਉਂਦੇ ਰੱਬ ਨੂੰ ਦਿਖਾਉਂਣਾ ਹੈ । ਕੀ ਕਿਸੇ ਜੁੱਗ ਵਿੱਚ ਨਬੀਆਂ ਦੇ ਜੁੱਗ ਨੂੰ ਛੱਡਕੇ ਕਦੇ ਕਿਸੇ ਨੇ ਅਵਲੋਕਣ ਕੀਤਾ ਹੈ ਕਿ ਹਜ਼ਾਰਾਂ ਪੇਸ਼ਗੋਈਆਂ ਵਰਨਣ ਕੀਤੀਆਂ ਗਈਆਂ ਅਤੇ ਉਹ ਸਾਰੀਆਂ ਚੜ੍ਹੇ ਦਿਨ ਵਾਂਗ ਪੂਰੀਆਂ ਹੋਈਆਂ ਹੋਣ ਅਤੇ ਹਜ਼ਾਰਾਂ ਹੀ ਲੋਕਾਂ ਨੇ ਉਹਨਾਂ ਦੇ ਪੂਰਾ ਹੋਣ ਦੀਆਂ ਗਵਾਹੀਆਂ ਦਿੱਤੀਆਂ ਹੋਣ । ਮੈਂ ਨਿਸ਼ਚੇ ਹੀ ਜਾਣਦਾ ਹਾਂ ਕਿ ਇਸ ਜੁੱਗ ਵਿੱਚ ਜਿਵੇਂ ਰੱਬ ਨੇੜੇ ਹੋਕੇ ਪ੍ਰਕਟ ਹੋ ਰਿਹਾ ਹੈ ਅਤੇ ਸੈਂਕੜੇ ਗ਼ੈਬੀ ਕੰਮ ਆਪਣੇ ਬੰਦੇ ਉਪੱਰ ਖੋਲ ਰਿਹਾ ਹੈ ਇਸ ਜੁੱਗ ਦੀ ਬੀਤੇ ਜੁਗੱਾਂ ਵਿੱਚ ਬਹੁਤ ਘੱਟ ਉਧਾਰਣ ਮਿਲੇਗੀ । ਲੋਕ ਛੇਤੀ ਹੀ ਦੇਖ ਲੈਂਣਗੇ ਕਿ ਇਸ ਜੁੱਗ ਵਿੱਚ ਰੱਬ ਦਾ ਚਿਹਰਾ ਪ੍ਰਕਟ ਹੋਵੇਗਾ ਸੰਭਵਤਾ

ਉਹ ਆਕਾਸ਼ ਤੋਂ ਉਤਰੇਗਾ, ਉਸ ਨੇ ਬਹੁਤ ਸਮੇਂ ਤੱਕ ਆਪਣੇ ਆਪ ਨੂੰ ਲੁਕਾਈ ਰੱਖਿਆ ਅਤੇ ਇਨਕਾਰ ਕੀਤਾ ਗਿਆ ਤੇ ਚੁੱਪ ਰਿਹਾ ਪਰ ਉਹ ਹੁਣ ਨਹੀਂ ਛੁਪਾਏਗਾ ਅਤੇ ਦੁਨੀਆਂ ਉਸ ਦੀ ਕੁਦਰਤ ਦੇ ਉਹ ਨਮੂਨੇ ਦੇਖੇਗੀ ਕਿ ਕਦੇ ਉਹਨਾਂ ਦੇ ਪਿਓ ਦਾਦਿਆਂ ਨੇ ਨਹੀਂ ਦੇਖੇ ਸਨ । ਇਹ ਇਸ ਲਈ ਹੋਵੇਗਾ ਕਿ ਧਰਤੀ ਵਿਗੜ ਗਈ ਅਤੇ ਅਕਾਸ਼ ਤੇ ਧਰਤੀ ਪੈਦਾ ਕਰਨ ਵਾਲੇ ਉਪੱਰ ਲੋਕਾਂ ਦਾ ਇਮਾਨ ਨਹੀਂ ਰਿਹਾ, ਬੁਲ੍ਹੱਾਂ'ਤੇ ਉਸ ਦਾ ਸਿਮਰਣ ਹੈ ਪਰ ਦਿਲ ਉਸ ਤੋਂ ਫਿਰ ਗਏ ਹਨ । ਇਸ ਲਈ ਰੱਬ ਨੇ ਕਿਹਾ ਕਿ ਹੁਣ ਮੈਂ ਨਵਾਂ ਅਕਾਸ਼ ਤੇ ਨਵੀਂ ਧਰਤੀ ਬਣਾਵਾਂਗਾ । ਇਸ ਦਾ ਅਰਥ ਇਹੋ ਹੈ ਕਿ ਧਰਤੀ ਮਰ ਗਈ ਅਰਥਾਤ ਧਰਤੀ ਦੇ ਲੋਕਾਂ ਦੇ ਦਿਲ ਸਖ਼ਤ ਹੋ ਗਏ ਸੰਭਵਤਾ ਮਰ ਗਏ ਕਿਉਂਕਿ ਰੱਬ ਦਾ ਚਿਹਰਾ ਉਹਨਾਂ ਤੋਂ ਛੁੱਪ ਗਿਆ ਅਤੇ ਬੀਤੇ ਸਾਰੇ ਆਕਾਸ਼ੀ ਚਮਤਕਾਰ ਕਿੱਸੇ ਕਹਾਣੀਆਂ ਵਾਂਗ ਹੋ ਗਏ । ਸੋ ਰੱਬ ਨੇ ਨਿਸ਼ਚਾ ਕੀਤਾ ਕਿ ਉਹ ਨਵੀਂ ਧਰਤੀ ਤੇ ਨਵਾਂ ਅਕਾਸ਼ ਬਣਾਏ । ਉਹ ਕੀ ਹੈ ਨਵਾਂ ਅਕਾਸ਼ ? ਅਤੇ ਕੀ ਹੈ ਨਵੀਂ ਧਰਤੀ? ਨਵੀਂ ਧਰਤੀ ਉਹ ਪਾਕ ਦਿਲ ਹਨ ਜਿੰਨ੍ਹਾ ਨੂੰ ਰੱਬ ਆਪਣੇ ਹੱਥੀਂ ਤਿਆਰ ਕਰ ਰਿਹਾ ਹੈ, ਜੋ ਰੱਬ ਵੱਲੋਂ ਪ੍ਰਕਟ ਹੋਏ ਅਤੇ ਰੱਬ ਉਹਨਾਂ ਰਾਹੀਂ ਪ੍ਰਕਟ ਹੋਵੇਗਾ । ਅਤੇ ਨਵਾਂ ਅਕਾਸ਼ ਉਹ ਚਮਤਕਾਰ ਹਨ ਜੋ ਉਸ ਦੇ ਬੰਦੇ ਦੇ ਹੱਥੀਂ ਉਸੇ ਦੇ ਹੁਕਮ ਰਾਹੀਂ ਪ੍ਰਕਟ ਹੋ ਰਹੇ ਹਨ । ਪਰ ਦੁੱਖ ਦੀ ਗੱਲ ਹੈ ਕਿ ਦੁਨੀਆਂ ਨੇ ਰੱਬ ਦੀ ਇਸ ਨਵੀਂ ਜੋਤਿ ਨਾਲ ਦੁਸ਼ਮਣੀ ਕੀਤੀ । ਉਹਨਾਂ ਦੇ ਹਥੱਾਂ ਵਿੱਚ ਸਿਵਾਏ ਕਿੱਸੇ ਕਹਾਣੀਆਂ ਦੇ ਹੋਰ ਕੁਝ ਨਹੀਂ ਅਤੇ ਉਹਨਾਂ ਦਾ ਰੱਬ ਉਹਨਾ ਦੀਆਂ ਆਪਣੀਆਂ ਹੀ ਕਲਪਨਾਵਾਂ ਹਨ, ਦਿਲ ਟੇਢੇ ਹਨ ਅਤੇ ਹੌਂਸਲੇ ਪਸਤ ਹਨ ਅਖੱਾਂ'ਤੇ ਪਰਦੇ ਪਏ ਹੋਏ ਹਨ । ਦੂਜੀਆਂ ਜਾਤੀਆਂ ਤਾਂ ਆਪ ਹਕੀਕੀ ਰੱਬ ਨੂੰ ਗੁਆਈ ਬੈਠੀਆਂ ਹਨ, ਉਹਨਾਂ ਦੀ ਕੀ ਗੱਲ ਹੈ, ਜਿੰਨ੍ਹਾ ਨੇ ਮਨੁੱਖਾਂ ਦੇ ਬੱਚਿਆਂ ਨੂੰ ਰੱਬ ਬਣਾਇਆ ਹੋਇਆ ਹੈ । ਮੁਸਲਮਾਨਾ ਦਾ ਹਾਲ ਦੇਖੋ ਕਿ ਕਿੰਨ੍ਹੇ ਦੂਰ ਹੋ ਗਏ ਹਨ । ਸਚੱਾਈ ਦੇ ਪੱਕੇ ਦੁਸ਼ਮਣ ਹਨ, ਸੁਮਾਰਗ ਦੇ ਜਾਨੀ ਦੁਸ਼ਮਣ ਵਾਂਗ ਵਿਰੋਧੀ ਹਨ । ਉਧਾਰਣ ਲਈ 'ਨਦਵਾਤੁਲ ਓਲਮਾ' ਨੇ

ਇਸਲਾਮ ਲਈ ਜੋ ਕੁਝ ਦਾਵਾ ਕੀਤਾ ਹੈ ਅਤੇ ਜਾਂ 'ਅੰਜੁਮਨ ਹਮਾਇਤ ਇਸਲਾਮ ਲਾਹੌਰ' ਜੋ ਇਸਲਾਮ ਦੇ ਨਾਂ'ਤੇ ਮੁਸਲਮਾਨਾ ਦਾ ਮਾਲ ਲੈਂਦੀ ਹੈ, ਕੀ ਇਹ ਲੋਕ ਇਸਲਾਮ ਦੇ ਖ਼ੈਰਖ਼ਵਾਹ ਹਨ ? ਕੀ ਇਹ ਲੋਕ 'ਸਿਰਾਤੇ ਮੁਸਤਕੀਮ' (ਸੁਮਾਰਗ) ਦਾ ਪੱਖ ਪੂਰਦੇ ਹਨ ? ਕੀ ਇਹਨਾਂ ਨੂੰ ਚੇਤੇ ਹੈ ਕਿ ਇਸਲਾਮ ਕਿਹੜੀਆਂ ਮੁਸੀਬਤਾਂ ਹੇਠ ਕੁਚਲਿਆ ਗਿਆ ਅਤੇ ਮੁੜ ਸੁਰਜੀਤ ਕਰਨ ਲਈ ਰੱਬ ਦੀ ਕੀ ਪ੍ਰਕ੍ਰਿਤੀ ਹੈ ? ਮੈਂ ਸੱਚ ਸੱਚ ਕਹਿੰਦਾ ਹਾਂ ਕਿ ਜੇਕਰ ਮੈਂ ਨ ਆਇਆਂ ਹੁੰਦਾ ਤਾਂ ਇਹਨਾਂ ਦੇ ਇਸਲਾਮੀ ਪੱਖ ਪੂਰਨ ਦੇ ਦਾਵੇ ਕਿਸੇ ਹੱਦ ਤੱਕ ਮਾਨਤਾ ਯੋਗ ਹੋ ਸਕਦੇ ਸਨ, ਪਰ ਇਹ ਲੋਕ ਰੱਬ ਦੇ ਆਰੋਪ ਹੇਠ ਹਨ ਕਿ ਮਦਦ ਦਾ ਦਾਵਾ ਕਰਕੇ ਜੱਦ ਅਕਾਸ਼ ਦਾ ਤਾਰਾ ਨਿਕਲਿਆ ਤਾਂ ਸਾਰਿਆਂ ਤੋਂ ਪਹਿਲਾਂ ਇਨਕਾਰੀ ਹੋ ਗਏ ।

ਹੁਣ ਉਹ ਉਸ ਰੱਬ ਨੂੰ ਕੀ ਉਤੱਰ ਦੇਣਗੇ ਜਿਸ ਨੇ ਐਨ੍ਹ ਮੌਕੇ ਮੈਨੂੰ ਭੇਜਿਆ ਹੈ ਪਰ ਉਹਨਾਂ ਨੂੰ ਤਾਂ ਕੋਈ ਪਰਵਾਹ ਨਹੀਂ । ਸੂਰਜ ਦੁਪਹਿਰ ਨੇੜੇ ਆ ਗਿਆ ਪਰ ਉਹਨਾਂ ਅਨੁਸਾਰ ਹੁਣ ਤੱਕ ਰਾਤ ਹੈ । ਰੱਬ ਦਾ ਸੋਮਾ ਫੁੱਟ ਪਿਆ ਪਰ ਉਹ ਹੁਣੇ ਵੀ ਮਾਰੁਥਲਾਂ ਵਿੱਚ ਰੋ ਰਹੇ ਹਨ । ਉਸ ਦੇ ਆਕਾਸ਼ੀ (ਆਤਮਕ) ਗਿਆਨ ਦਾ ਇਕ ਦਰਿਆ ਵੱਗ ਰਿਹਾ ਹੈ ਪਰ ਇਹਨਾਂ ਲੋਕਾਂ ਨੂੰ ਕੁਝ ਵੀ ਖ਼ਬਰ ਨਹੀਂ । ਉਸ ਦੇ ਚਮਤਕਾਰ ਪ੍ਰਕਟ ਹੋ ਰਹੇ ਹਨ, ਪਰ ਇਹ ਲੋਕ ਉਕੱਾ ਹੀ ਗ਼ਾਫ਼ਲ ਹਨ ਅਤੇ ਨ ਕੇਵਲ ਗ਼ਾਫ਼ਲ ਸਗੋਂ ਰੱਬ ਦੇ ਸਿਲਸਿਲੇ (ਜਮਾਤ) ਨਾਲ ਦੁਸ਼ਮਣੀ ਰਖੱਦੇ ਹਨ । ਸੋ, ਇਹੋ ਇਸਲਾਮ ਦੀ ਪਖੱਤਾ ਹੈ, ਇਹੋ ਇਸਲਾਮ ਦੀ ਪ੍ਰਥਾ ਅਤੇ ਇਸਲਾਮ ਦੀ ਸਿੱਖਿਆ ਹੈ ਜੋ ਇਹਨਾਂ ਦੇ ਹੱਥੀਂ ਹੋ ਰਹੀ ਹੈ ? ਪਰ ਕੀ ਇਹ ਲੋਕ ਆਪਣੇ ਮੂੰਹ ਫੇਰ ਲੈਂਣ ਨਾਲ ਰੱਬ ਦੇ ਸੱਚੇ ਇਰਾਦੇ ਨੂੰ ਰੋਕ ਦੇਣਗੇ ਜੋ ਅਰੰਭ ਤੋਂ ਸਾਰੇ ਨਬੀ ਇਸ'ਤੇ ਗਵਾਹੀ ਦਿੰਦੇ ਆਏ ਹਨ, ਨਹੀਂ, ਸਗੋਂ ਰੱਬ ਦੀ ਇਹ ਪੇਸ਼ਗੋਈ ਛੇਤੀ ਹੀ ਪੂਰੀ ਹੋਣ ਵਾਲੀ ਹੈ ਕਿ

كَتَبَ اللّٰهُ لَاَغۡلِبَنَّ اَنَا وَرُسُلِیۡ (المجادلة 22)

'ਕਾਤਾਬਲੱਾਹੁ ਲਾ ਅਗ਼ਲਿਬਨੱਾ ਅਨਾ ਵ ਰੁਸੁਲੀ' (ਸੂਰਤ ਮੁਜਾਦਿਲਹ 22)

ਰੱਬ ਨੇ ਜਿਵੇਂ ਅੱਜ ਤੋਂ ਦੱਸ ਸਾਲ ਪਹਿਲਾਂ ਆਪਣੇ ਬੰਦੇ ਦੀ ਪ੍ਰਮਾਣਕਤਾ ਲਈ ਅਕਾਸ਼ ਉਪੱਰ ਰਮਜ਼ਾਨ ਵਿੱਚ 'ਖ਼ਸੂਫ਼ ਵ ਕਸੂਫ਼' (ਰਮਜ਼ਾਨ ਦੇ ਮਹੀਨਿ ਵਿੱਚ ਮਿੱਥੀ ਮਿਤੀਆਂ ਵਿੱਚ ਸੂਰਜ ਤੇ ਚੰਨ੍ਹ ਦੇ ਗ੍ਰਹਿਣ ਹੋਣ ਦੇ ਚਮਤਕਾਰ ਨੂੰ ਦਰਸ਼ਾਉਣ ਦੀ ਪ੍ਰਕ੍ਰਿਆ) ਦਰਸ਼ਾਇਆ ਅਤੇ ਦਿਨ ਦੇ ਚਾਨ੍ਹਣੇ (ਸੂਰਜ) ਨੂੰ ਤੇ ਰਾਤ ਦੇ ਚਾਨ੍ਹਣੇ (ਚੰਨ੍ਹ) ਨੂੰ ਮੇਰੇ ਲਈ ਗਵਾਹ ਬਣਾਕੇ ਦੋ ਚਮਤਕਾਰ ਦਿਖਾਏ । ਅਜਿਹਾ ਹੀ ਉਸ ਨੇ ਨਬੀਆਂ ਦੀ ਪੇਸ਼ਗੋਈ ਅਨੁਸਾਰ ਧਰਤੀ ਉਪੱਰ ਵੀ ਦੋ ਨਿਸ਼ਾਨ (ਚਮਤਕਾਰ) ਪ੍ਰਕਟ ਕੀਤੇ । ਇਕ ਉਹ ਨਿਸ਼ਾਨ ਜਿਸ ਨੂੰ ਤੁਸੀਂ ਕੁਰਆਨ ਕਰੀਮ ਵਿੱਚ ਪੜ੍ਹਦੇ ਹੋ

وَإِذَا الْعِشَارُ عُطِّلَتْ (التكوير 5)

'ਵ ਇਜ਼ਲ ਇਸ਼ਾਰੁ ਉੱਤੇਲਤ' (ਸੂਰਤ ਤਕਵੀਰ-5)

ਅਤੇ ਹਦੀਸ ਪੜ੍ਹਦੇ ਹੋ وليتركن القلاص فلا يسعى عليها (ਵਲਾ ਯੁਤਰਾ ਕੁਨੱਲ ਕਿਲਾਸੁ ਫ਼ਲਾ ਯੁਸਆ ਅਲੈਹਾ) ਜਿਸ ਦੀ ਪੂਰਨਤਾ ਲਈ ਹਿਜਾਜ਼ ਦੀ ਧਰਤੀ ਅਰਥਾਤ ਮਦੀਨਿ ਤੇ ਮੱਕੇ ਦੇ ਮਾਰਗ ਵਿੱਚ ਰੇਲ ਵੀ ਤਿਆਰ ਹੋ ਰਹੀ ਹੈ ।

ਦੂਜਾ ਨਿਸ਼ਾਨ : ਤਾਊਨ (ਪਲੇਗ) ਦਾ ਜਿਵੇਂ ਕਿ ਰੱਬ ਨੇ ਫ਼ਰਮਾਇਆ :

وَإِنْ مِّنْ قَرْيَةٍ إِلَّا نَحْنُ مُهْلِكُوهَا قَبْلَ يَوْمِ الْقِيَامَةِ أَوْ مُعَذِّبُوهَا (الإسراء 59)

'ਵ ਇਨ ਮਿਨ ਕਰਯੱਤਿਨ ਇਲੱਾ ਨਹਨੁ ਮੁਹਲਿਕੂਹਾ ਕਬਲਾ ਯੌਮਿਲ ਕਿਯਾਮਾਤਿ ਔ ਮੁਅੱਜ਼ਿਬੂਹਾ' (ਸੂਰਤ ਬਨੀ ਇਸਰਾਈਲ 59)

ਸੋ ਰੱਬ ਨੇ ਦੇਸ਼ ਵਿੱਚ ਰੇਲ ਵੀ ਚਲਾ ਦਿੱਤੀ ਅਤੇ ਤਾਊਨ ਵੀ ਭੇਜ ਦਿੱਤੀ, ਤਾਂ ਜੋ ਧਰਤੀ ਵੀ ਗਵਾਹ ਹੋਵੇ ਤੇ ਅਕਾਸ਼ ਵੀ । ਸੋ, ਰੱਬ ਤੋਂ ਨ ਲੜੋ, ਰੱਬ ਤੋਂ ਲੜਨਾ ਮੂਰਖਤਾ ਹੈ । ਇਸ ਤੋਂ ਪਹਿਲਾਂ ਰੱਬ ਨੇ ਜੱਦ ਆਦਮ ਨੂੰ ਖ਼ਲੀਫ਼ਾ ਬਣਾਉਣਾ ਚਾਹਿਆ ਸੀ ਤਾਂ ਫ਼ਰਿਸ਼ਤਿਆਂ ਨੇ ਰੋਕਿਆ, ਪਰ ਕੀ ਰੱਬ ਉਹਨਾਂ ਦੇ ਕਹਿਣ'ਤੇ ਰੁਕ ਗਿਆ । ਹੁਣ ਰੱਬ ਨੇ ਦੂਜਾ ਆਦਮ ਪੈਦਾ ਕਰਨ ਦਾ ਸਮਾਂ ਦੱਸਿਆ ਹੈ ।

أَرَدْتُ أَنْ أَسْتَخْلِفَ فَخَلَقْتُ آدَمَ 'ਅਰਦਤੁ ਅਨ ਅਸਤਖ਼ਲਿਫ਼ਾ ਫ਼ਖ਼ਲਕਤੁ ਆਦਮਾ'

ਅਰਥਾਤ ਮੈਂ ਨਿਸ਼ਚਾ ਕੀਤਾ ਜੋ ਖ਼ਲੀਫ਼ਾ ਬਣਾਵਾਂ, ਸੋ ਮੈਂ ਇਸ ਆਦਮ ਨੂੰ ਪੈਦਾ ਕੀਤਾ । ਹੁਣ ਦੱਸੋ ਕਿ ਕੀ ਤੁਸੀਂ ਰੱਬ ਦੇ ਨਿਸ਼ਚੇ ਨੂੰ ਰੋਕ ਸਕਦੇ ਹੋ । ਸੋ, ਤੁਸੀਂ ਕਿਉਂ ਭਰਮ ਦੀਆਂ ਗਲੱਾਂ ਦੀ ਧੂੜ ਉਡਾਉਂਦੇ ਹੋ ਅਤੇ ਭਰੋਸੇ ਦਾ ਮਾਰਗ ਧਾਰਨ ਨਹੀਂ ਕਰਦੇ । ਪ੍ਰੀਖਿਆ ਵਿੱਚ ਨ ਪਵੋ, ਨਿਸ਼ਚੇ ਹੀ ਚੇਤੇ ਰੱਖੋ ਕਿ ਰੱਬ ਦੇ ਇਰਾਦੇ ਨੂੰ ਰੋਕਣ ਵਾਲਾ ਕੋਈ ਨਹੀਂ । ਇਸ ਪ੍ਰਕਾਰ ਦੀਆਂ ਲੜਾਈਆਂ ਸੰਜਮਤਾ ਦਾ ਢੰਗ ਨਹੀਂ । ਜੇਕਰ ਕੋਈ ਸ਼ੰਕਾ ਹੈ ਤਾਂ ਇਹ ਤਰੀਕਾ ਹੋ ਸਕਦਾ ਹੈ ਕਿ ਜਿਵੇਂ ਕਿ ਮੈਂ ਰੱਬ ਤੋਂ ਇਲਹਾਮ ਪ੍ਰਾਪਤ ਕਰਕੇ ਮਨੁੱਖਾਂ ਦੀ ਇਕ ਸੰਗਤ ਲਈ ਜੋ ਮੇਰੇ ਕਥਨਾ ਉਪੱਰ ਚਲੱਣ ਵਾਲੇ ਹਨ, ਤਾਊਨ ਦੇ ਪ੍ਰਕੋਪ ਤੋਂ ਬਚਣ ਲਈ ਖ਼ੁਸ਼ਖਬਰੀ ਪ੍ਰਾਪਤ ਕੀਤੀ ਹੈ ਅਤੇ ਉਸ ਨੂੰ ਪ੍ਰਕਾਸ਼ਤ ਕਰ ਦਿੱਤਾ ਹੈ ਅਜਿਹਾ ਹੀ ਜੇਕਰ ਆਪਣੀ ਕੌਮ ਦੀ ਭਲਾਈ ਆਪ ਲੋਕਾਂ ਦੇ ਮਨ ਵਿੱਚ ਹੈ ਤਾਂ ਆਪ ਲੋਕ ਵੀ ਆਪਣੇ ਸਹਿਧਰਮਾ ਲਈ ਰੱਬ ਤੋਂ ਮੁਕਤੀ ਦੀ ਅਕਾਸ਼ਬਾਣੀ ਹਾਸਲ ਕਰੋ ਕਿ ਉਹ ਤਾਊਨ ਤੋਂ ਸੁਰੱਖਿਅਤ ਰਹਿਣਗੇ ਅਤੇ ਇਸ ਖ਼ੁਸ਼ਖ਼ਬਰੀ ਨੂੰ ਮੇਰੇ ਵਾਂਗ ਛਪੇ ਹੋਏ ਇਸ਼ਤਿਹਾਰ ਪ੍ਰਕਾਸ਼ਤ ਕਰਨਗੇ ਜੋ ਲੋਕ ਸਮਝ ਸਕਣ ਕਿ ਰੱਬ ਆਪ ਲੋਕਾਂ ਨਾਲ ਹੈ ਸਗੋਂ ਇਹ ਮੌਕਾ ਇਸਾਈਆਂ ਲਈ ਵੀ ਬਹੁਤ ਖ਼ੂਬ ਹੈ, ਉਹ ਹਮੇਸ਼ਾ ਕਹਿੰਦੇ ਹਨ ਕਿ ਮੁਕਤੀ ਮਸੀਹ ਨਾਲ ਹੈ । ਸੋ, ਹੁਣ ਉਹਨਾਂ ਦਾ ਵੀ ਕਰਤਵ ਹੈ ਕਿ ਇਹਨਾਂ ਔਕੁੜਾਂ ਦੇ ਦਿਨਾਂ ਵਿੱਚ ਇਸਾਈਆਂ ਨੂੰ ਤਾਊਨ (ਪਲੇਗ) ਤੋਂ ਮੁਕਤੀ ਦੁਆ ਦੇਣ । ਇਹਨਾਂ ਸਾਰਿਆਂ ਫ਼ਿਰਕਿਆਂ ਵਿੱਚੋਂ ਜਿਸ ਦੀ ਬਹੁਤੀ ਸੁਣੀ ਗਈ ਉਹੋ ਹੀ ਮਕਬੂਲ ਹੈ, ਹੁਣ ਰੱਬ ਨੇ ਹਰ ਇਕ ਨੂੰ ਮੌਕਾ ਦਿਤੱਾ ਹੈ ਕਿ ਐਵੇਂ ਹੀ ਖ਼ਾਮਖ਼ਵਾਹ ਧਰਤੀ ਉਪੱਰ ਵਾਦ ਵਿਵਾਦ ਨ ਕਰਨ, ਆਪਣੀ ਪਰਵਾਨਗੀ ਵੱਧ ਚੜ੍ਹਕੇ ਦਿਖਾਉਣ, ਤਾਂ ਜੋ ਤਾਊਨ ਤੋਂ ਵੀ ਬਚਣ ਅਤੇ ਉਹਨਾਂ ਦੀ ਸਚੱਾਈ ਵੀ ਖੁੱਲ ਜਾਵੇ । ਵਿਸ਼ੇਸ਼ ਕਰਕੇ ਪਾਦਰੀ ਸਾਹਿਬਾਨ ਜੋ ਦੁਨੀਆ ਤੇ ਆਖ਼ਰਤ ਵਿੱਚ ਮਸੀਹ ਇਬਨੇ ਮਰਯੱਮ ਨੂੰ ਹੀ ਮੁਕਤੀ ਦਾਤਾ ਕਰਾਰ ਦੇ ਚੁਕੇ ਹਨ । ਜੇਕਰ ਉਹ ਦਿਲ ਤੋਂ ਇਬਨੇ ਮਰਯੱਮ ਨੂੰ ਦੁਨੀਆ ਤੇ ਆਖ਼ਰਤ ਦਾ ਮਾਲਕ ਸਮਝਦੇ ਹਨ ਤਾਂ ਹੁਣ ਇਸਾਈਆਂ ਦਾ ਹੱਕ ਹੈ ਕਿ

ਇਹਨਾ ਦੇ ਕਫ਼ੱਾਰੇ ਤੋਂ ਮੁਕਤੀ ਦੇ ਨਮੂਨੇ ਦੇਖ ਲੈਂਣ, ਇਸ ਪ੍ਰਕਾਰ ਸਰਕਾਰ ਨੂੰ ਵੀ ਬਹੁਤ ਆਸਾਨੀ ਹੋ ਸਕਦੀ ਹੈ ਕਿ ਬ੍ਰਿਟਿਸ਼ ਇੰਡੀਆ ਦੇ ਵੱਖ ਵੱਖ ਫਿਰਕੇ ਜੋ ਆਪਣੇ ਆਪਣੇ ਧਰਮ ਦੀ ਸਚੱਾਈ ਉਪੱਰ ਭਰੋਸਾ ਰਖੱਦੇ ਹਨ ਆਪਣੀ ਸੰਗਤ ਦੇ ਸਮੂਹ ਨੂੰ ਛੁਡਾਉਣ ਲਈ ਅਤੇ ਤਾਊਨ ਤੋਂ ਬਚਾਉਣ ਲਈ ਇਹ ਪ੍ਰਬੰਧ ਕਰਨ ਕਿ ਆਪਣੇ ਉਸ ਰੱਬ ਤੋਂ ਜਿਸ ਉਪੱਰ ਉਹ ਆਸਥਾ ਰਖੱਦੇ ਹਨ ਜਾਂ ਆਪਣੇ ਕਿਸੇ ਹੋਰ ਇਸ਼ਟ ਨੂੰ ਜਿਸ ਨੂੰ ਉਹਨਾਂ ਨੇ ਰੱਬ ਸਮਝ ਲਿਆ ਹੈ, ਇਹਨਾਂ ਦੁੱਖਿਆਰਾਂ ਦੀ ਮਦਦ ਕਰਨ ਅਤੇ ਉਸ ਤੋਂ ਕੋਈ ਪਕੱਾ ਪ੍ਰਣ ਲੈਕੇ ਇਸ਼ਤਿਹਾਰਾਂ ਰਾਹੀਂ ਪ੍ਰਕਾਸ਼ਤ ਕਰ ਦੇਣ, ਜਿਵੇਂ ਕਿ ਅਸੀਂ ਇਸ਼ਤਿਹਾਰ ਰਾਹੀਂ ਪ੍ਰਕਾਸ਼ਤ ਕਰ ਦਿੱਤਾ ਹੈ । ਇਸ ਵਿੱਚ ਤਾਂ ਪੂਰਨਤਾ ਮਖ਼ਲੂਕ ਦੀ ਭਲਾਈ ਹੈ ਅਤੇ ਆਪਣੇ ਧਰਮ ਦੀ ਸਚੱਾਈ ਦਾ ਪ੍ਰਮਾਣ ਹੈ ਅਤੇ ਸਰਕਾਰ ਦੀ ਮਦਦ ਹੈ । ਇਸ ਤੋਂ ਬਿਨਾ ਸਰਕਾਰ ਹੋਰ ਕੀ ਚਾਹੁੰਦੀ ਹੈ ਕਿ ਉਸ ਦੀ ਪ੍ਰਜਾ ਤਾਊਨ ਦੇ ਪ੍ਰਕੋਪ ਤੋਂ ਬੱਚ ਜਾਏ, ਭਾਵੇਂ ਕਿਸੇ ਪ੍ਰਕਾਰ ਬੱਚ ਜਾਏ । ਅਖ਼ੀਰੀ ਇਹ ਚੇਤੇ ਰਹੇ ਕਿ ਅਸੀਂ ਇਸ ਇਸ਼ਤਿਹਾਰ ਵਿੱਚ ਆਪਣੀ ਜਮਾਤ ਨੂੰ ਜੋ ਪੰਜਾਬ ਦੇ ਵੱਖ ਵੱਖ ਭਾਗਾਂ ਤੇ ਭਾਰਤ ਭਰ ਵਿੱਚ ਫੈਲੀ ਹੋਈ ਹੈ, ਟੀਕਾ ਲਵਾਉਣ ਤੋਂ ਮਨਾਂ ਨਹੀਂ ਕਰਦੇ, ਜਿੰਨ੍ਹਾਂ ਲੋਕਾਂ ਲਈ ਟੀਕਾ ਲਵਾਉਣ ਦਾ ਸਰਕਾਰੀ ਆਦੇਸ਼ ਹੈ, ਉਹਨਾਂ ਨੂੰ ਟੀਕਾ ਅਵਸ਼ ਕਰਾਉਂਣਾ ਚਾਹੀਦਾ ਹੈ ਅਤੇ ਸਾਰਕਾਰੀ ਆਦੇਸ਼ ਦੀ ਪਾਲਣਾ ਕਰਨੀ ਚਾਹੀਦੀ ਹੈ ਅਤੇ ਜਿੰਨ੍ਹਾ ਨੂੰ ਆਪਣੀ ਮਰਜ਼ੀ ਉਪੱਰ ਛੱਡਿਆ ਗਿਆ ਹੈ ਜੇਕਰ ਉਹ ਇਸ ਸਿੱਖਿਆ ਉਪੱਰ ਪੂਰੇ ਪੂਰੇ ਕਾਇਮ ਨਹੀਂ ਹਨ ਜੋ ਉਹਨਾਂ ਨੂੰ ਦਿੱਤੀ ਗਈ ਹੈ ਤਾਂ ਉਹਨਾਂ ਨੂੰ ਵੀ ਟੀਕਾ ਕਰਾਉਣਾ ਉਚਿਤ ਹੈ ਤਾਂ ਜੋਂ ਉਹ ਠੋਕਰ ਨ ਖਾਣ ਅਤੇ ਅਤੇ ਉਹ ਆਪਣੀ ਖ਼ਰਾਬ ਹਾਲਤ ਕਰਕੇ ਰੱਬ ਦੇ ਵਾਦੇ ਬਾਰੇ ਲੋਕਾਂ ਨੂੰ ਧੋਖਾ ਨ ਦੇਣ ਅਤੇ ਜੇਕਰ ਇਹ ਪ੍ਰਸ਼ਨ ਹੋਵੇ ਕਿ ਉਹ ਸਿੱਖਿਆ ਕੀ ਹੈ ਜਿਸ ਦੀ ਪੂਰੀ ਪਾਬੰਦੀ ਤਾਊਨ ਦੇ ਪ੍ਰਕੋਪ ਤੋਂ ਬਚਾ ਸਕਦੀ ਹੈ ਤਾਂ ਮੈਂ ਸੰਖੇਪ ਵਿੱਚ ਕੁਝ ਪੰਕਤੀਆਂ ਹੇਠਾ ਲਿੱਖ ਦਿੰਦਾ ਹਾਂ :

# ਸਿੱਖਿਆ

ਸਪਸ਼ਟ ਰਹੇ ਕਿ ਕੇਵਲ ਮੂੰਹੋਂ ਬੈਅਤ (ਦੀਖਿਅਤ ਹੋਣ) ਦਾ ਇਕਰਾਰ ਕਰਨਾ ਕੋਈ ਚੀਜ਼ ਨਹੀਂ ਹੈ ਜੱਦ ਤੱਕ ਦਿਲੋਂ ਇਸ ਉਪੱਰ ਪੂਰਾ ਪੂਰਾ ਅਮਲ ਨ ਹੋਵੇ । ਸੋ, ਜੋ ਵਿਅਕਤੀ ਮੇਰੀ ਸਿੱਖਿਆ ਉਪੱਰ ਪੂਰਾ ਪੂਰਾ ਅਮਲ ਕਰਦਾ ਹੈ ਉਹ ਮੇਰੇ ਘਰ ਵਿੱਚ ਦਾਖ਼ਲ ਹੋ ਜਾਂਦਾ ਹੈ, ਜਿਸ ਬਾਰੇ ਰੱਬ ਦੇ ਕਲਾਮ ਵਿੱਚ ਬਚਨ ਹੈ,

(اِنِّیۡ اُحَافِظُ کُلَّ مَنۡ فِی الدَّارِ) 'ਇਨੀ ਉਹਾਫ਼ਿਜ਼ੁ ਕੁਲੱਾ ਮਨ ਫ਼ਿਦੱਾਰਿ'

ਅਰਥਾਤ ਹਰ ਇਕ ਜੋ ਤੇਰੇ ਘਰ ਦੀ ਚਾਰਦਿਵਾਰੀ ਦੇ ਅੰਦਰ ਹੈ ਮੈਂ ਉਸ ਨੂੰ ਬਚਾਵਾਂਗਾ, ਇਸ ਥਾਂ ਇਹ ਨਹੀਂ ਸਮਝਣਾ ਚਾਹੀਦਾ ਕਿ ਉਹੋ ਲੋਕ ਮੇਰੇ ਘਰ ਦੇ ਅੰਦਰ ਹਨ ਜੋ ਮੇਰੇ ਇਸ ਮਿੱਟੀ ਤੇ ਇਟੱਾਂ ਦੇ ਘਰ ਵਿੱਚ ਵਸਦੇ ਹਨ, ਸਗੋਂ ਉਹ ਲੋਕ ਵੀ ਜੋ ਮੇਰੀ ਪੂਰੀ ਪੂਰੀ ਪੈਰ੍ਹਵੀ ਕਰਦੇ ਹਨ ਮੇਰੇ ਰੂਹਾਨੀ ਘਰ ਵਿੱਚ ਦਾਖ਼ਲ ਹਨ । ਪੈਰ੍ਹਵੀ ਕਰਨ ਲਈ ਇਹ ਗਲੱਾਂ ਹਨ ਕਿ ਉਹ ਵਿਸ਼ਵਾਸ ਕਰਨ ਕਿ ਉਹਨਾ ਦਾ ਇਕ ਕਾਦਰ, ਸਰਬ ਵਿਆਪਕ, ਸਰਬ ਰਚਨਹਾਰ ਤੇ ਸਦਾ ਸਲਾਮਤ ਰੱਬ ਹੈ ਜੋ ਆਪਣੇ ਗੁਣਾ ਵਿੱਚ ਅਜ਼ਲ ਤੋਂ ਸਦੈਵੀ ਤੇ ਅਨਾਦਿ ਹੈ, ਨ ਉਹ ਕਿਸੇ ਦਾ ਪੁਤੱਰ, ਨ ਕੋਈ ਉਸਦਾ ਪੁਤੱਰ, ਉਹ ਦੁੱਖ ਝਲੱਣ ਅਤੇ ਸਲੀਬ ਉਪੱਰ ਚੜ੍ਹਨ ਅਤੇ ਮਰਨ ਤੋਂ ਪਾਕ ਹੈ । ਉਹ ਅਜਿਹਾ ਹੈ ਕਿ ਦੂਰ ਹੁੰਦਿਆਂ ਹੋਇਆਂ ਵੀ ਨੇੜੇ ਹੈ ਅਤੇ ਨੇੜੇ ਹੁੰਦਿਆਂ ਹੋਇਆਂ ਵੀ ਦੂਰ ਹੈ ਅਤੇ ਇਕ ਹੁੰਦਿਆਂ ਹੋਇਆਂ ਵੀ ਉਸ ਦੀਆਂ ਅਨੇਕਾਂ ਜੋਤਾਂ (ਨੂਰ) ਹਨ । ਮਨੁੱਖ ਵੱਲ ਜੱਦ ਇਕ ਨਵੇਂ ਰੂਪ ਵਿੱਚ ਜੋਤ ਪ੍ਰਕਟ ਹੁੰਦੀ ਹੈ ਤਾਂ ਉਸ ਲਈ ਉਹ ਇਕ ਨਵਾਂ ਰੱਬ ਬਣ ਜਾਂਦਾ ਹੈ ਅਤੇ ਇਕ ਨਵੀਂ ਜੋਤ ਨਾਲ ਉਸ ਨਾਲ ਮਾਮਲਾ ਕਰਦਾ ਹੈ ਅਤੇ ਮਨੁੱਖ ਆਪਣੀ ਬਦਲੀ ਹੋਈ ਅਵਸਥਾ ਅਨੁਸਾਰ ਰੱਬ ਵਿੱਚ ਵੀ ਤਬਦੀਲੀ ਦੇਖਦਾ ਹੈ, ਪਰ ਇਹ ਨਹੀਂ ਕਿ ਰੱਬ ਵਿੱਚ ਵੀ ਕੋਈ ਪਰਿਵਰਤਨ ਆ ਜਾਂਦਾ ਹੈ ਸਗੋਂ ਉਹ ਆਦਿ ਤੋਂ ਨ ਬਦਲਣ ਵਾਲਾ ਅਤੇ ਅਤਿ ਸੰਪੂਰਨਤਾ ਰਖੱਦਾ ਹੈ, ਪਰੰਤੂ ਮਨੁੱਖੀ ਪਰਿਵਰਤਨਾ ਸਮੇਂ ਜੱਦ ਨੇਕੀ ਵੱਲ ਮਨੁੱਖ ਦੇ

ਪਰਿਵਰਤਨ ਹੁੰਦੇ ਹਨ ਤਾਂ ਰੱਬ ਵੀ ਇਕ ਨਵੇਂ ਨੂਰ (ਜੋਤਿ) ਨਾਲ ਉਸ'ਤੇ ਪ੍ਰਕਟ ਹੁੰਦਾ ਹੈ । ਹਰ ਇਕ ਉਨੱਤੀ ਦੀ ਅਵਸਥਾ ਸਮੇਂ ਜੋ ਮਨੁੱਖ ਰਾਹੀਂ ਪ੍ਰਕਟ ਹੁੰਦੀ ਹੈ ਰੱਬ ਦੇ ਪ੍ਰਕ੍ਰਿਤਕ ਚਮਤਕਾਰ ਵੀ ਇਸ ਤਰੱਕੀ ਦੇ ਨਾਲ ਪ੍ਰਕਟ ਹੁੰਦੇ ਹਨ। ਉਹ ਆਪਣੇ ਚਮਤਕਾਰ ਉਸੇ ਥਾਂ ਦਿਖਾਉਦਾ ਹੈ ਜਿੱਥੇ ਔਲੀਆਉਲੱਾਹ ਦੇ ਕ੍ਰਿਸ਼ਮਿਆਂ ਕਰਕੇ ਤਬਦੀਲੀ ਪੈਦਾ ਹੁੰਦੀ ਹੈ ਅਤੇ ਕੁਦਰਤ ਪ੍ਰਤੀ ਕ੍ਰਿਸ਼ਮਿਆਂ ਤੇ ਚਮਤਕਾਰਾਂ ਦਾ ਇਹੋ ਮੁੱਢ ਹੈ। ਇਹ ਰੱਬ ਹੈ ਜੋ ਸਾਡੀ ਜਮਾਤ ਦੀ ਸ਼ਰਤ ਹੈ, ਇਸ'ਤੇ ਇਮਾਨ ਲਿਆਓ ਅਤੇ ਆਪਣੇ ਨਫ਼ਸ ਉਪੱਰ ਅਤੇ ਆਪਣੇ ਆਰਾਮ ਉਪੱਰ ਆਪਣੇ ਸਾਰੇ ਸੰਬੰਧਾਂ ਉਪੱਰ ਉਸ ਨੂੰ ਪਹਿਲ ਦਿਓ ਅਤੇ ਅਮਲੀ ਰੂਪ ਵਿੱਚ ਬਹਾਦੁਰੀ ਨਾਲ ਉਸ ਦੇ ਮਾਰਗ ਵਿੱਚ ਸਚੱਾਈ ਤੇ ਵਫ਼ਾਦਾਰੀ ਦਿਖਾਓ । ਦੁਨੀਆ ਆਪਣੇ ਅਸਬਾਬਾਂ ਅਤੇ ਆਪਣੇ ਸਜੱਣਾ ਉਪੱਰ ਉਸ ਨੂੰ ਪਹਿਲ ਨਹੀਂ ਦਿੰਦੀ, ਪਰੰਤੂ ਤੁਸੀਂ ਉਸ ਨੂੰ ਪਹਿਲ ਦਿਓ, ਤਾਂ ਜੋ ਤੁਸੀਂ ਅਕਾਸ਼ ਉਪੱਰ ਉਸ ਦੀ ਜਮਾਤ ਲਿੱਖੇ ਜਾਓ । ਰਹਮਤ ਦਾ ਨਿਸ਼ਾਨ ਦਿਖਾਉਂਣਾ ਆਦਿ ਤੋਂ ਰੱਬ ਦੀ ਪ੍ਰਵਿਰਤੀ ਹੈ । ਪਰ ਤੁਸੀਂ ਇਸ ਅਵਸਥਾ ਵਿੱਚ ਇਸ ਪ੍ਰਵਿਰਤੀ ਵਿੱਚ ਭਾਗ ਲੈ ਸਕਦੇ ਹੋ ਕਿ ਤੁਹਾਡੇ ਵਿੱਚ ਅਤੇ ਉਸ ਵਿੱਚ ਕੋਈ ਭਿੰਨਤਾ ਨ ਰਹੇ ਅਤੇ ਤੁਹਾਡੀ ਮਰਜ਼ੀ ਉਸ ਦੀ ਮਰਜ਼ੀ ਤੁਹਾਡੀ ਇਛੱਾਵਾਂ ਉਸ ਦੀ ਇਛੱਾਵਾਂ ਹੋ ਜਾਣ ਅਤੇ ਤੁਹਾਡਾ ਸਿਰ ਹਰ ਸਮੇਂ ਹਰ ਹਾਲਤ ਵਿੱਚ ਮੁਰਾਦਾਂ ਪਾਉਣ ਜਾਂ ਨ ਪਾਉਣ ਵਿੱਚ ਉਸ ਦੇ ਦਰ'ਤੇ ਪਿਆ ਰਹੇ ਤਾਂ ਜੋ ਚਾਹੇ ਕਰੇ ਜੇਕਰ ਤੁਸੀਂ ਅਜਿਹਾ ਕਰੋਗੇ ਤਾਂ ਤੁਹਾਡੇ ਵਿੱਚ ਉਹ ਰੱਬ ਪ੍ਰਕਟ ਹੋਵੇਗਾ ਜਿਸ ਨੇ ਮੁਦੱਤਾਂ ਤੋਂ ਆਪਣਾ ਚਿਹਰਾ ਛੁਪਾ ਲਿਆ ਹੈ, ਕੀ ਤੁਹਾਡੇ ਵਿੱਚੋਂ ਕੋਈ ਹੈ, ਜੋ ਇਸ ਉਪੱਰ ਅਮਲ ਕਰੇ ਅਤੇ ਉਸ ਦੀ ਰਜ਼ਾ ਦਾ ਜਾਚਕ ਹੋਵੇ ਅਤੇ ਉਸ ਦੇ ਇਲਾਹੀ ਆਦੇਸ਼ਾਂ ਉਪੱਰ ਖ਼ਫ਼ਾ ਨ ਹੋਵੇ, ਸੋ ਤੁਸੀਂ ਦੁਖੱਾਂ ਨੂੰ ਦੇਖਕੇ ਹੋਰ ਵੀ ਅੱਗੇ ਵਧੋ ਕਿ ਇਹ ਤੁਹਾਡੀ ਤਰੱਕੀ ਦਾ ਸਾਧਨ ਹੈ ਅਤੇ ਉਸ ਦੀ ਤੌਹੀਦ (ਇਕ ਈਸ਼ਵਰਵਾਦ) ਨੂੰ ਫੈਲਾਉਣ ਲਈ ਆਪਣੇ ਹਰ ਸੰਭਵ ਜਤਨ ਕਰੋ ਅਤੇ ਉਸ ਦੇ ਬੰਦਿਆਂ ਉਪੱਰ ਰਹਿਮ ਕਰੋ ਅਤੇ ਉਹਨਾਂ'ਤੇ ਮੂੰਹ, ਹੱਥ ਜਾਂ ਹੋਰ ਕਿਸੇ ਸਾਧਨ ਰਾਹੀਂ ਜ਼ੁਲਮ ਨ ਕਰੋ ਅਤੇ

ਮਖ਼ਲੂਕ ਦੀ ਭਲਾਈ ਲਈ ਜਤਨ ਕਰਦੇ ਰਹੋ ਅਤੇ ਕਿਸੇ ਵੀ ਗੱਲ'ਤੇ ਹੰਕਾਰ ਨ ਕਰੋ ਭਾਵੇਂ ਕੋਈ ਆਪਣੇ ਅਧੀਨ ਹੋਵੇ ਅਤੇ ਕਿਸੇ ਨੂੰ ਗਾਲ੍ਹ ਨ ਕੱਢੋ ਭਾਵੇਂ ਉਹ ਗਾਲ੍ਹਾਂ ਕਢੱਦਾ ਹੋਵੇ । ਗ਼ਰੀਬ, ਹਲੀਮ, ਮਿਸਕੀਨ, ਨੇਕ ਨੀਯਤ ਤੇ ਮਖ਼ਲੂਕ ਦੇ ਹਮਦਰਦ ਬਣ ਜਾਓ ਤਾਂ ਜੋ ਕੁਬੂਲ ਕੀਤੇ ਜਾਓ । ਬਹੁਤ ਹਨ ਜੋ ਹਲੀਮੀ ਪ੍ਰਗਟ ਕਰਦੇ ਹਨ ਪਰ ਉਹ ਅੰਦਰੋਂ ਭੇੜੀਏ ਹਨ, ਬਹੁਤ ਹਨ ਜੋ ਉਪੱਰੋਂ ਸਾਫ਼ ਹਨ ਪਰ ਅੰਦਰੋ ਸੱਪ ਹਨ, ਸੋ ਤੁਸੀਂ ਉਸਦੇ ਦਰ ਵਿੱਚ ਕੁਬੂਲ ਨਹੀਂ ਹੋ ਸਕਦੇ ਜੱਦ ਤੱਕ ਅੰਦਰ ਬਾਹਰ ਇਕ ਨ ਹੋਵੇ, ਵੱਡੇ ਹੋਕੇ ਛੋਟਿਆਂ ਉਪੱਰ ਰਹਿਮ ਕਰੋ ਨ ਕਿ ਅਪਮਾਨ ਅਤੇ ਵਿਦਵਾਨ ਹੋਕੇ ਨਾਦਾਨਾ ਨੂੰ ਨਸੀਹਤ ਕਰੋ ਨ ਕਿ ਅਭਿਾਨ ਨਾਲ ਉਹਨਾ ਦਾ ਨਿਰਾਦਰ ਅਤੇ ਅਮੀਰ ਹੋਕੇ ਗ਼ਰੀਬਾਂ ਦੀ ਸੇਵਾ ਕਰੋ ਨ ਕਿ ਅਭਿਮਾਨ ਨਾਲ ਉਹਨਾਂ'ਤੇ ਹੰਕਾਰ । ਤਬਾਹੀ ਦੇ ਮਾਰਗਾਂ ਤੋਂ ਡਰੋ । ਰੱਬ ਤੋਂ ਡਰਦੇ ਰਹੋ । ਤਕਵਾ (ਸੰਜਮਤਾ) ਧਾਰਨ ਕਰੋ ਅਤੇ ਮਖ਼ਲੂਕ ਪ੍ਰਸਤੀ (ਪ੍ਰਾਣੀ ਪੂਜਾ) ਨ ਕਰੋ ਅਤੇ ਆਪਣੇ ਮੌਲਾ (ਸਿਰਜਨਹਾਰ) ਵੱਲ ਲੱਗ ਜਾਓ ਅਤੇ ਸੰਸਾਰ ਪ੍ਰਸਤੀ ਤੋਂ ਅੱਡ ਹੋ ਜਾਓ ਅਤੇ ਉਸੇ ਦੇ ਹੋ ਜਾਓ ਅਤੇ ਉਸੇ ਲਈ ਜੀਵਨ ਬਤੀਤੀ ਕਰੋ । ਕੇਵਲ ਉਸੇ ਲਈ ਹਰ ਇਕ ਅਪਵਿਤੱਰਤਾ, ਪਾਪ ਤੇ ਗੁਨਾਹਾਂ ਤੋਂ ਘ੍ਰਿਣਾ ਕਰੋ ਕਿਉਂਕਿ ਉਹ ਪਾਕ ਹੈ । ਚਾਹੀਦਾ ਹੈ ਕਿ ਹਰ ਸਵੇਰ ਤੁਹਾਡੇ ਲਈ ਗਵਾਹੀ ਦੇਵੇ ਕਿ ਤੁਸੀਂ ਤਕਵਾ (ਸੰਜਮਤਾ) ਨਾਲ ਰਾਤ ਬਤੀਤ ਕੀਤੀ ਅਤੇ ਹਰ ਇਕ ਸ਼ਾਮ ਤੁਹਾਡੇ ਲਈ ਗਵਾਹੀ ਦੇਵੇ ਕਿ ਤੁਸੀਂ ਡਰਦਿਆਂ ਡਰਦਿਆਂ ਦਿਨ ਬਤੀਤ ਕੀਤਾ, ਦੁਨੀਆਂ ਦੀਆਂ ਲਾਨ੍ਹਤਾਂ ਤੋਂ ਨ ਡਰੋ ਕਿ ਉਹ ਧੂੰਏ ਵਾਂਗ ਦੇਖਦਿਆਂ ਦੇਖਦਿਆਂ ਅਲੋਪ ਹੋ ਜਾਂਦੀਆਂ ਹਨ ਅਤੇ ਉਹ ਦਿਨ ਨੂੰ ਰਾਤ ਨਹੀਂ ਕਰ ਸਕਦੀਆਂ ਸਗੋਂ ਤੁਸੀਂ ਰੱਬ ਦੀਆਂ ਲਾਨ੍ਹਤਾਂ ਤੋਂ ਡਰੋ ਜੋ ਆਕਾਸ਼ ਤੋਂ ਉਤਰਦੀਆਂ ਹਨ ਅਤੇ ਜਿਸ'ਤੇ ਪੈਂਦੀ ਹੈ ਉਸਦਾ ਦੋਵੇਂ ਜਹਾਨ ਵਿੱਚ ਥੇਹੁ ਕਰ ਜਾਂਦੀ ਹੈ । ਤੁਸੀਂ ਦਿਖਾਵੇ ਨਾਲ ਆਪਣੇ ਆਪ ਨੂੰ ਬਚਾ ਨਹੀਂ ਸਕਦੇ ਕਿਉਂਕਿ ਉਹ ਰੱਬ ਜੋ ਤੁਹਾਡਾ ਰੱਬ ਹੈ ਉਸ ਦੀ ਮਨੁੱਖ ਦੇ ਪਾਤਾਲ ਤੱਕ ਨਜ਼ਰ ਹੈ, ਕੀ ਤੁਸੀਂ ਉਸ ਨੂੰ ਧੋਖਾ ਦੇ ਸਕਦੇ ਹੋ ? ਸੋ, ਤੁਸੀਂ ਸਿੱਧੇ ਹੋ ਜਾਓ, ਸਾਫ਼ ਹੋ ਜਾਓ,

ਪਾਕ ਹੋ ਜਾਓ ਅਤੇ ਖਰੇ ਹੋ ਜਾਓ, ਜੇਕਰ ਇਕ ਰੱਤੀ ਵੀ ਟੇਢਾਪਨ ਤੁਹਾਡੇ ਵਿੱਚ ਬਾਕੀ ਹੈ ਤਾਂ ਉਹ ਤੁਹਾਡੀ ਸਾਰੀ ਰੌਸ਼ਨੀ ਨੂੰ ਦੂਰ ਕਰ ਦੇਵੇਗਾ ਅਤੇ ਤੁਹਾਡੇ ਕਿਸੇ ਵੀ ਪੱਖ ਵਿੱਚ ਹੰਕਾਰ ਹੈ ਜਾਂ ਧੋਖਾ ਹੈ ਜਾਂ ਦਿਖਾਵਾ ਹੈ ਜਾਂ ਅਭਿਮਾਨ ਹੈ ਜਾਂ ਲੋਭ ਹੈ ਜਾਂ ਆਲਸ ਹੈ ਤਾਂ ਤੁਸੀਂ ਅਜਿਹੀ ਚੀਜ਼ ਨਹੀਂ ਹੋ ਕਿ ਕੁਬੂਲ ਕਰਨ ਯੋਗ ਹੋਵੋ, ਅਜਿਹਾ ਨ ਹੋਵੇ ਕਿ ਤੁਸੀਂ ਕੇਵਲ ਕੁਝ ਗਲੱਾਂ ਨੂੰ ਲੈਕੇ ਆਪਣੇ ਆਪ ਨੂੰ ਧੋਖਾ ਦਿਓ ਕਿ ਜੋ ਕੁਝ ਅਸੀਂ ਕਰਨਾ ਸੀ ਕਰ ਲਿਆ ਹੈ ਕਿਉਂਕਿ ਰੱਬ ਚਾਹੁੰਦਾ ਹੈ ਕਿ ਤੁਹਾਡੇ ਵੁਜੂਦ ਵਿੱਚ ਪੂਰਾ ਪੂਰਾ ਇਨਕਲਾਬ ਆਵੇ ਅਤੇ ਤੁਹਾਡੇ ਕੋਲੋਂ ਉਹ ਇਕ ਮੌਤ ਮੰਗਦਾ ਹੈ ਜਿਸ ਦੇ ਬਾਦ ਉਹ ਤੁਹਾਨੂੰ ਮੁੜ੍ਹ ਸੁਰਜੀਤ ਕਰੇਗਾ । ਤੁਸੀਂ ਆਪੋ ਵਿੱਚ ਛੇਤੀ ਸੁਲਾਹ ਕਰੋ ਅਤੇ ਆਪਣੇ ਭਰਾਵਾਂ ਦੇ ਗੁਨਾਹ ਬਖਸ਼ੋ ਕਿਉਕਿ ਬੱਦ ਹੈ ਉਹ ਮਨੁੱਖ ਜੋ ਆਪਣੇ ਭਰਾ ਨਾਲ ਸੁਲਾਹ ਲਈ ਰਾਜ਼ੀ ਨਹੀਂ, ਉਹ ਅੱਡ ਕੀਤਾ ਜਾਵੇਗਾ ਕਿਉਂਕਿ ਉਹ ਵਿਤਕਰਾ ਪਾਉਂਦਾ ਹੈ । ਤੁਸੀਂ ਆਪਣੇ ਨਫ਼ਸ ਦੇ ਆਪੇ ਨੂੰ ਹਰ ਪੱਖੋਂ ਛੱਡ ਦਿਓ ਅਤੇ ਆਪਸੀ ਨਰਾਜ਼ਗੀ ਜਾਣ ਦਿਓ ਅਤੇ ਸੱਚੇ ਹੋਕੇ ਝੂਠਿਆਂ ਵਾਂਗ ਆਜਜ਼ੀ ਅਪਣਾਓ ਤਾਂ ਜੋ ਤੁਸੀਂ ਬਖ਼ਸ਼ੇ ਜਾਓ । ਆਪਣੇ ਆਪੇ ਦੀ ਅਣਖ ਦੇ ਮੁਟਾਪੇ ਨੂੰ ਤਿਆਗ ਦਿਓ ਕਿ ਜਿਸ ਦਰ ਲਈ ਤੁਸੀਂ ਬੁਲਾਏ ਗਏ ਹੋ ਉਸ ਵਿੱਚੋਂ ਇਕ ਮੋਟਾ ਮਨੁੱਖ ਦਾਖ਼ਲ ਨਹੀਂ ਹੋ ਸਕਦਾ । ਕਿੰਨ੍ਹਾ ਹੀ ਅਭਾਗਾ ਹੈ ਉਹ ਮਨੁੱਖ ਜੋ ਇਹਨਾ ਗਲੱਾਂ ਨੂੰ ਨਹੀਂ ਮਨ੍ਹਦਾ ਜੋ ਰੱਬ ਦੇ ਮੂੰਹੋ ਨਿਕਲੀਆਂ ਅਤੇ ਮੈਂ ਵਰਨਣ ਕੀਤੀਆਂ । ਜੇਕਰ ਤੁਸੀਂ ਚਾਹੁੰਦੇ ਹੋ ਕਿ ਅਕਾਸ਼ ਉਪੱਰ ਰੱਬ ਤੁਹਾਡੇ ਤੋਂ ਰਾਜ਼ੀ ਹੋ ਜਾਏ ਤਾਂ ਤੁਸੀਂ ਆਪੋ ਵਿੱਚ ਅਜਿਹੇ ਇਕ ਹੋ ਜਾਓ ਜਿਵੇਂ ਇਕ ਕੁੱਖ ਵਿੱਚੋਂ ਦੋ ਭਾਈ । ਤੁਹਾਡੇ ਵਿੱਚੋਂ ਬਹੁਤਾ ਨੇਕ ਉਹੋ ਹੈ ਜੋ ਬਹੁਤਾ ਆਪਣੇ ਭਰਾ ਦੇ ਗੁਨਾਹ ਬਖ਼ਸ਼ਦਾ ਹੈ ਅਤੇ ਅਭਾਗਾ ਹੈ ਉਹ ਜੋ ਹੱਠ ਕਰਦਾ ਹੈ ਅਤੇ ਨਹੀਂ ਬਖ਼ਸ਼ਦਾ, ਸੋ, ਉਸਦਾ ਮੇਰੇ ਵਿੱਚ ਕੋਈ ਹਿਸੱਾ ਨਹੀਂ । ਰੱਬ ਦੀ ਲਾਨ੍ਹਤ ਤੋਂ ਬਹੁਤ ਡਰਦੇ ਰਹੋ ਕਿ ਉਹ ਪਵਿੱਤਰ ਤੇ ਸਵਾਭਿਮਾਨੀ ਹੈ । ਬਦਕਾਰ (ਦੁਰਾਚਾਰੀ) ਰੱਬ ਦੀ ਨੇੜਤਾ ਹਾਸਲ ਨਹੀਂ ਕਰ ਸਕਦਾ । ਹੰਕਾਰੀ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ । ਜ਼ਾਲਮ ਉਸ

ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ, ਵਿਸ਼ਵਾਸਘਾਤੀ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ ਅਤੇ ਹਰ ਇਕ ਜੋ ਉਸ ਦੇ ਨਾਂ ਲਈ ਗ਼ੈਰਤ ਨਹੀਂ ਰਖੱਦਾ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦਾ । ਉਹ ਜੋ ਦੁਨੀਆ'ਤੇ ਕੁੱਤਿਆਂ ਜਾਂ ਕੀੜੀਆਂ ਜਾਂ ਗਿਲਝਾਂ ਵਾਂਗ ਡਿਗੱਦੇ ਹਨ ਅਤੇ ਦੁਨੀਆ ਨਾਲ ਵਿਲਾਸੀ ਹਨ, ਉਹ ਉਸ ਦੀ ਨੇੜਤਾ ਪ੍ਰਾਪਤ ਨਹੀਂ ਕਰ ਸਕਦੇ । ਹਰ ਇਕ ਨਾਪਾਕ ਅੱਖ ਉਸ ਤੋਂ ਦੂਰ ਹੈ, ਹਰ ਇਕ ਨਾਪਾਕ ਦਿਲ ਉਸ ਤੋਂ ਅਣਜਾਣ ਹੈ, ਉਹ ਜੋ ਉਸ ਲਈ ਅੱਗ ਵਿੱਚ ਹੈ, ਉਹ ਅੱਗ ਤੋਂ ਮੁਕਤੀ ਦਿਤੱਾ ਜਾਏਗਾ । ਉਹ ਜੋ ਉਸ ਦੇ ਲਈ ਰੋਂਦਾ ਹੈ ਉਹ ਹੱਸੇਗਾ । ਉਹ ਜੋ ਉਸ ਦੀ ਖ਼ਾਤਰ ਦੁਨੀਆ ਤਿਆਗਦਾ ਹੈ ਉਹ ਉਸ ਨੂੰ ਮਿਲੇਗਾ, ਤੁਸੀਂ ਸੱਚੇ ਦਿਲ ਨਾਲ ਅਤੇ ਪੂਰੇ ਸਿਦਕ ਤੇ ਸਰਗਰਮੀ ਨਾਲ ਰੱਬ ਦੇ ਮਿਤੱਰ ਬਣੋ ਤਾਂ ਜੋ ਉਹ ਵੀ ਤੁਹਾਡਾ ਮਿਤੱਰ ਬਣ ਜਾਏ । ਤੁਸੀਂ ਮਾਤਹਿਤਾਂ ਅਤੇ ਆਪਣੀਆਂ ਪਤਨੀਆਂ ਅਤੇ ਆਪਣੇ ਗ਼ਰੀਬ ਭਰਾਵਾਂ ਉਪੱਰ ਰਹਿਮ ਕਰੋ ਤਾਂ ਜੋ ਆਕਾਸ਼ ਉਪੱਰ ਤੁਹਾਡੇ ਉਪੱਰ ਵੀ ਰਹਿਮ ਹੋਵੇ । ਤੁਸੀਂ ਸਚੱਮੁੱਚ ਉਸ ਦੇ ਹੋ ਜਾਓ ਤਾਂ ਜੋ ਉਹ ਵੀ ਤੁਹਾਡਾ ਹੋ ਜਾਏ । ਦੁਨੀਆਂ ਹਜ਼ਾਰਾਂ ਬਲਾਵਾਂ ਦੀ ਥਾਂ ਹੈ ਜਿੰਨ੍ਹਾ ਵਿੱਚੋਂ ਇਕ ਤਾਊਨ (ਪਲੇਗ) ਵੀ ਹੈ, ਸੋ, ਤੁਸੀਂ ਰੱਬ ਨਾਲ ਸਿਦਕ (ਸਚੱਾਈ) ਨਾਲ ਪੰਜਾ ਮਾਰੋ ਤਾਂ ਜੋ ਉਹ ਇਹ ਬਲਾਵਾਂ ਤੁਹਾਥੋਂ ਦੂਰ ਰੱਖੇ, ਕੋਈ ਮੁਸੀਬਤ ਧਰਤੀ ਵਿੱਚ ਪੈਦਾ ਨਹੀਂ ਹੁੰਦੀ ਜੱਦ ਤੱਕ ਆਕਾਸ਼ ਤੋਂ ਹੁਕਮ ਨ ਹੋਵੇ ਅਤੇ ਕੋਈ ਆਫ਼ਤ ਦੂਰ ਨਹੀਂ ਹੁੰਦੀ ਜੱਦ ਤੱਕ ਅਕਾਸ਼ ਤੋਂ ਰਹਿਮ ਨਾਜ਼ਲ ਨ ਹੋਵੇ, ਸੋ, ਤੁਹਾਡੀ ਸਮਝਦਾਰੀ ਇਸੇ ਵਿੱਚ ਹੈ ਕਿ ਤੁਸੀਂ ਜੜ੍ਹ ਨੂੰ ਫੜੋ ਨ ਕਿ ਟਾਹਣੀ ਨੂੰ । ਤੁਹਾਨੂੰ ਦਵਾ ਤੇ ਤਦਬੀਰ ਤੋਂ ਮਨਾਹੀ ਨਹੀਂ ਹੈ ਪਰ ਉਹਨਾਂ'ਤੇ ਭਰੋਸਾ ਕਰਨ'ਤੇ ਮਨਾਹੀ ਹੈ ਅਤੇ ਅਖ਼ੀਰ ਉਹੋ ਹੋਵੇਗਾ ਜੋ ਰੱਬ ਦਾ ਇਰਾਦਾ ਹੋਵੇਗਾ, ਜੇਕਰ ਕੋਈ ਤਾਕਤ ਰੱਖੇ ਤਾਂ ਤਵਕੱਲ (ਰੱਬ'ਤੇ ਭਰੋਸਾ ਰਖੱਣਾ) ਦਾ ਮੁਕਾਮ ਹਰ ਇਕ ਮੁਕਾਮ ਤੋਂ ਵਧੱਕੇ ਹੈ ਅਤੇ ਤੁਹਾਡੇ ਲਈ ਇਕ ਜ਼ਰੂਰੀ ਸਿੱਖਿਆ ਇਹ ਹੈ ਕਿ ਕੁਰਆਨ ਸ਼ਰੀਫ਼ ਨੂੰ ਬਿਰਹਾ ਵਾਂਗ ਨ ਛੱਡ ਦਿਓ ਕਿ ਤੁਹਾਡਾ ਜੀਵਨ ਇਸੇ ਵਿੱਚ ਹੈ, ਜੋ ਲੋਕ ਕੁਰਆਨ ਨੂੰ ਸਨਮਾਨ ਦੇਣਗੇ ਉਹ

ਆਕਾਸ਼ ਉਪੱਰ ਸਨਮਾਨ ਪਾਉਣਗੇ, ਜੋ ਲੋਕ ਹਰ ਇਕ ਹਦੀਸ ਅਤੇ ਹਰ ਇਕ ਕਥਨ ਉਪੱਰ ਕੁਰਆਨ ਨੂੰ ਪ੍ਰਾਥਮਿਕਤਾ ਦੇਣਗੇ ਉਹਨਾਂ ਨੂੰ ਆਕਾਸ਼ ਉਪੱਰ ਮੁਕਦੱਮ ਰੱਖਿਆ ਜਾਵੇਗਾ । ਮਾਨਵਤਾ ਲਈ ਇਸ ਧਰਤੀ ਵਿੱਚ ਹੁਣ ਕੋਈ ਕਿਤਾਬ ਨਹੀਂ ਪਰ ਕੁਰਆਨ । ਅਤੇ ਸਾਰੀ ਮਨੁਖੱਤਾ ਲਈ ਹੁਣ ਕੋਈ ਰਸੂਲ ਤੇ ਸਫ਼ਾਰਸ਼ੀ ਨਹੀਂ ਪਰ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ, ਸੋ, ਤੁਸੀਂ ਜਤਨ ਕਰੋ ਕਿ ਸਚੱਾ ਪ੍ਰੇਮ ਉਸ ਜਾਹੋ ਜਲਾਲ ਵਾਲੇ ਨਬੀ ਨਾਲ ਰੱਖੋ ਅਤੇ ਉਸ ਤੋਂ ਬਿਨਾ ਕਿਸੇ ਹੋਰ ਨੂੰ ਵੱਡਿਆਈ ਨ ਦਿਓ ਤਾਂ ਜੋ ਤੁਸੀਂ ਆਕਾਸ਼ ਉਪੱਰ ਮੁਕੱਤੀ ਪ੍ਰਾਪਤ ਲਿੱਖੇ ਜਾਓ ਅਤੇ ਚੇਤੇ ਰੱਖੋ ਕਿ ਨਿਜਾਤ (ਮੁਕਤੀ) ਉਹ ਚੀਜ਼ ਨਹੀਂ ਜੋ ਮਰਨ ਦੇ ਬਾਦ ਪ੍ਰਕਟ ਹੋਵੇਗੀ ਸਗੋਂ ਵਾਸਤਵਿਕ ਮੁਕਤੀ ਉਹ ਹੈ ਜੋ ਇਸੇ ਦੁਨੀਆ ਵਿੱਚ ਆਪਣਾ ਪ੍ਰਕਾਸ਼ ਦਿਖਾਉਂਦੀ ਹੈ, ਮੁਕਤੀ ਪ੍ਰਾਪਤ ਕੌਣ ਹੈ ? ਉਹ ਜੋ ਵਿਸ਼ਵਾਸ ਰਖੱਦਾ ਹੈ ਕਿ ਰੱਬ ਸੱਚ ਹੈ ਅਤੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਸ (ਰੱਬ) ਵਿੱਚ ਅਤੇ ਮਖ਼ਲੂਕ ਵਿਚਕਾਰ ਸਫ਼ਾਰਸ਼ ਕਰਨ ਵਾਲੇ ਹਨ ਅਤੇ ਆਕਾਸ਼ ਹੇਠ ਉਸ ਜਿਹਾ (ਅਰਥਾਤ ਉਸ ਦੇ ਮਰਤਬੇ ਦੇ ਬਰਾਬਰ) ਕੋਈ ਰਸੂਲ ਨਹੀਂ ਹੈ ਅਤੇ ਕੁਰਆਨ ਕਰੀਮ ਦੇ ਮਰਤਬੇ ਦੇ ਬਰਾਬਰ ਕੋਈ ਕਿਤਾਬ ਨਹੀਂ ਹੈ, ਅਤੇ ਕਿਸੇ ਲਈ ਵੀ ਰੱਬ ਨੇ ਨਹੀਂ ਚਾਹਿਆ ਕਿ ਉਹ ਹਮੇਸ਼ਾ ਜੀਉਂਦਾ ਰਹੇ ਪਰ ਇਹ ਵੱਡਿਆਈ ਵਾਲਾ ਨਬੀ ਹਮੇਸ਼ਾ ਲਈ ਜੀਉਂਦਾ ਹੈ ਅਤੇ ਇਸ ਦੇ ਹਮੇਸ਼ਾ ਜੀਉਂਦੇ ਰਹਿਣ ਲਈ ਰੱਬ ਨੇ ਇਹ ਨੀਂਹ ਪਾਈ ਹੈ ਕਿ ਇਸ ਦੀ ਰੂਹਾਨੀ ਸ਼ਰੀਅਤ ਨੂੰ ਕਯਾਮਤ ਤੱਕ ਜਾਰੀ ਰੱਖਿਆ ਅਤੇ ਅੰਤ ਉਸਦੇ ਰੂਹਾਨੀ ਫ਼ੈਜ ਦੇ ਮੂਜਬ ਉਸ ਮਸੀਹ ਮੌਊਦ (ਜਿਸਦਾ ਵਾਦਾ ਦਿੱਤਾ ਗਿਆ ਸੀ) ਨੂੰ ਭੇਜਿਆ ਜਿਸ ਦਾ ਆਉਣਾ ਇਸਲਾਮ ਦੀ ਇਮਾਰਤ ਦੀ ਪੂਰਨਤਾ ਲਈ ਜ਼ਰੂਰੀ ਸੀ ਕਿਉਂਕਿ ਜਰੂਰੀ ਸੀ ਕਿ ਇਹ ਦੁਨੀਆਂ ਖ਼ਤਮ ਨ ਹੋਵੇ ਜੱਦ ਤੱਕ ਮੁਹਮੱਦੀ ਸਿਲਸਿਲੇ ਲਈ ਇਕ ਰੂਹਾਨੀ ਮਸੀਹ ਨ ਦਿਤੱਾ ਜਾਂਦਾ ਜਿਵੇਂ ਕਿ ਮੂਸਵੀ ਸਿਲਸਿਲੇ ਲਈ ਦਿਤੱਾ ਗਿਆ ਸੀ । ਉਸੇ ਵੱਲ ਇਹ ਆਇਤ ਸੰਕੇਤ ਕਰਦੀ ਹੈ ਕਿ

اھۡدِنَا الصِّرَاطَ الۡمُسۡتَقِیۡمَ صِرَاطَ الَّذِیۡنَ اَنۡعَمۡتَ عَلَیۡہِمۡ

'ਇਹਦਿ ਨਸ ਸਿਰਾਤਲ ਮੁਸਤਕੀਮਾ ਸਿਰਾਤਲੱਜ਼ੀਨਾ ਅਨ ਅਮਤਾ ਅਲੈਹਿਮ'

(ਸੂਰਤ ਫ਼ਤਿਹਾ ਆਇਤ 6-7)

ਮੂਸਾ ਨੇ ਉਹ ਸਰਮਾਇਆ ਪ੍ਰਾਪਤ ਕੀਤਾ ਜੋ ਉਸ ਤੋਂ ਪਹਿਲੇ ਲੋਕ ਗੁਆ ਬੈਠੇ ਸਨ ਅਤੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਹ ਸਰਮਾਇਆ ਪ੍ਰਾਪਤ ਕੀਤਾ ਜਿਸ ਨੂੰ ਮੂਸਾ ਦੀ ਕੌਮ (ਸਿਲਸਿਲਾ) ਗੁਆ ਚੁਕੀ ਸੀ । ਹੁਣ ਮੁਹਮੱਦੀ ਸਿਲਸਿਲਾ ਮੂਸਵੀ ਸਿਲਸਿਲੇ ਦਾ ਪ੍ਰਤੀਨਿਧ ਹੈ ਪਰ ਸ਼ਾਨ ਤੇ ਮਹਾਨਤਾ ਵਿੱਚ ਹਜ਼ਾਰ ਗੁਣਾ ਵਧੱਕੇ । ਮੂਸਾ ਦਾ ਪ੍ਰਤੀਨਿੱਧ ਮੂਸਾ ਤੋਂ ਵਧੱਕੇ ਅਤੇ ਮਰਯੱਮ ਦੇ ਪੁਤੱਰ ਈਸਾ ਦਾ ਪ੍ਰਤੀਨਿੱਧ ਈਸਾ ਤੋਂ ਵਧੱਕੇ । ਉਹ ਮਸੀਹ ਮੌਊਦ ਕੇਵਲ ਸਮੇਂ ਦੇ ਪੱਖੋਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਚੌਦਵੀਂ ਸਦੀ ਵਿੱਚ ਪ੍ਰਕਟ ਹੋਇਆ ਜਿਵੇਂ ਕਿ ਮਰੱਯਮ ਦਾ ਪੁਤੱਰ ਈਸਾ ਮੂਸਾ ਦੇ ਬਾਦ ਚੌਦਵੀਂ ਸਦੀ[2] ਵਿੱਚ ਪ੍ਰਕਟ ਹੋਇਆ ਸੀ, ਸਗੋਂ ਉਹ ਅਜਿਹੇ ਸਮੇਂ ਆਇਆ ਜੱਦ ਕਿ ਮੁਸਲਮਾਨਾ ਦਾ ਉਹੋ ਹਾਲ ਸੀ ਜਿਵੇਂ ਕਿ ਮਰਯੱਮ ਦੇ ਪੁਤੱਰ ਈਸਾ ਦੇ ਪ੍ਰਗਟ ਹੋਣ ਸਮੇਂ ਯਹੂਦੀਆਂ ਦਾ ਹਾਲ ਸੀ । ਸੋ, ਉਹ ਮੈਂ ਹੀ ਹਾਂ, ਰੱਬ ਜੋ ਚਾਹੁੰਦਾ ਹੈ ਕਰਦਾ ਹੈ ਮੂਰਖ ਹੈ ਉਹ ਜੋ ਉਸ ਨਾਲ ਲੜੇ ਅਤੇ ਜਾਹਲ ਹੈ ਉਹ ਜੋ ਉਸ ਦੇ ਟਾਕਰੇ'ਤੇ ਇਤਰਾਜ਼ ਕਰੇ ਕਿ ਇਉਂ ਨਹੀਂ, ਇੰਝ ਚਾਹੀਦਾ ਸੀ। ਉਸ ਨੇ ਮੈਂਨੂੰ ਚਮਕਦੇ ਹੋਏ ਨਿਸ਼ਾਨਾ (ਚਮਤਕਾਰਾਂ) ਨਾਲ ਭੇਜਿਆ ਹੈ ਜੋ ਦੱਸ ਹਜ਼ਾਰ ਤੋਂ ਵੀ ਵੱਧ ਹਨ । ਉਹਨਾਂ ਵਿੱਚੋਂ ਤਾਊਨ (ਪਲੇਗ) ਵੀ ਇਕ ਚਮਤਕਾਰ ਹੈ । ਸੋ, ਜਿਹੜਾ ਵਿਅਕਤੀ ਮੇਰੀ ਸੱਚੀ ਬੈਅਤ (ਦੀਖਿਅਤ ਹੋਣਾ) ਕਰਦਾ ਹੈ ਅਤੇ ਸੱਚੇ ਮਨ ਨਾਲ ਮੇਰੀ ਪੈਰ੍ਹਵੀ ਕਰਨ ਵਾਲਾ ਬਣਦਾ ਹੈ ਅਤੇ ਮੇਰੀ ਤਾਬਿਆਦਾਰੀ ਵਿੱਚ ਲੀਨ ਹੋਕੇ ਆਪਣੇ ਸਾਰੇ ਇਰਾਦਿਆਂ ਨੂੰ ਛਡੱਦਾ ਹੈ

---

[2] ਯਹੂਦੀ ਆਪਣੇ ਇਤਿਹਾਸ ਅਨੁਸਾਰ ਸਾਮੂਹਿਕ ਰੂਪ ਵਿੱਚ ਇਹੋ ਮਨ੍ਹਦੇ ਹਨ ਕਿ ਮੂਸਾ ਤੋਂ ਬਾਦ ਚੌਦਵੀਂ ਸਦੀ ਦੇ ਸਿਰੇ 'ਤੇ ਈਸਾ ਪ੍ਰਗਟ ਹੋਏ ਸੀ । ਦੇਖੋ ਯਹੂਦੀਆਂ ਦਾ ਇਤਿਹਾਸ । ਲੇਖਕ ।

ਉਹੋ ਹੈ ਜੋ ਇਹਨਾਂ ਆਫ਼ਤਾਂ ਦੇ ਦਿਨਾਂ ਵਿੱਚ ਮੇਰੀ ਰੂਹ ਉਸ ਦੀ ਸਫ਼ਾਰਸ਼ ਕਰੇਗੀ । ਸੋ, ਹੇ ਸਾਰੇ ਲੋਕੋ ! ਜੋ ਆਪਣੇ ਆਪ ਨੂੰ ਮੇਰੀ ਜਮਾਤ ਵਿੱਚ ਗਿਣਦੇ ਹੋ ਅਕਾਸ਼'ਤੇ ਤੁਸੀਂ ਉਸ ਸਮੇਂ ਮੇਰੀ ਜਮਾਤ ਗਿਣੇ ਜਾਓਗੇ ਜੱਦ ਸੱਚਮੁਚ ਤਕਵਾ (ਸੰਜਮਤਾ) ਦੇ ਮਾਰਗਾਂ ਉਪੱਰ ਪੈਰ੍ਹ ਧਰੋਗੇ । ਸੋ, ਆਪਣੀਆਂ ਪੰਜ ਵੇਲੇ ਦੀਆਂ ਨਮਾਜ਼ਾਂ ਨੂੰ ਅਜਿਹੇ ਖ਼ੌਫ਼ ਤੇ ਸੰਮੁਖਤਾ ਨਾਲ ਪੂਰਾ ਕਰੋ ਕਿ ਸੰਭਵਤਾ ਰੱਬ ਨੂੰ ਦੇਖਦੇ ਹੋ ਅਤੇ ਆਪਣੇ ਰੋਜ਼ਿਆਂ (ਉਪਵਾਸਾਂ) ਨੂੰ ਰੱਬ ਖਾਤਰ ਸਿਦਕ ਨਾਲ ਪੂਰਾ ਕਰੋ । ਹਰ ਇਕ ਜੋ ਜ਼ਕਾਤ ਦੇਣ ਯੋਗ ਹੈ ਉਹ ਜ਼ਕਾਤ ਦੇਵੇ ਅਤੇ ਜਿਸ ਉਪੱਰ ਹੱਜ ਫ਼ਰਜ਼ ਹੋ ਚੁਕਿਆ ਹੈ ਅਤੇ ਕੋਈ ਰੋਕ ਨਹੀਂ ਤਾਂ ਉਹ ਹੱਜ ਕਰੇ । ਨੇਕੀ ਨੂੰ ਸੁਆਰ ਕੇ ਪੂਰਾ ਕਰੋ ਅਤੇ ਬਦੀ ਨੂੰ ਘ੍ਰਿਣਾ ਨਾਲ ਤਿਆਗ ਦਿਓ । ਨਿਸ਼ਚੇ ਹੀ ਚੇਤੇ ਰੱਖੋ ਕਿ ਕੋਈ ਕਰਮ ਰੱਬ ਤੱਕ ਨਹੀਂ ਪਹੁੰਚ ਸਕਦਾ ਜੋ ਤਕਵਾ (ਸੰਜਮਤਾ) ਤੋਂ ਸਖੱਣਾ ਹੈ, ਹਰ ਨੇਕੀ ਦੀ ਜੜ੍ਹ ਤਕਵਾ (ਸੰਜਮਤਾ) ਹੈ, ਜਿਸ ਕਰਮ ਵਿੱਚ ਇਹ ਜੜ੍ਹ ਨਸ਼ਟ ਨਹੀਂ ਹੋਵੇਗੀ ਉਹ ਅਮਲ ਵੀ ਨਸ਼ਟ ਨਹੀਂ ਹੋਵੇਗਾ । ਅਵਸ਼ ਹੈ ਕਿ ਭਿੰਨ ਭਿੰਨ ਦੁਖੱਾਂ ਤੇ ਔਕੜਾਂ ਰਾਹੀਂ ਤੁਹਾਡ ਪ੍ਰੀਖਿਆ ਵੀ ਹੋਵੇ, ਜਿਵੇਂ ਕਿ ਪਹਿਲਾਂ ਮੋਮਿਨਾਂ ਦੀ ਪ੍ਰੀਖਿਆ ਹੋਈ । ਸੋ, ਖ਼ਬਰਦਾਰ ਰਹੋ, ਅਜਿਹਾ ਨ ਹੋਵੇ ਕਿ ਠੋਕਰ ਖਾਓ । ਧਰਤੀ ਤੁਹਾਡਾ ਕੁਝ ਨਹੀਂ ਵਿਗਾੜ ਸਕਦੀ ਜੇਕਰ ਤੁਹਾਡਾ ਆਕਾਸ਼ (ਰੱਬ) ਨਾਲ ਪਕੱਾ ਸੰਬੰਧ ਹੈ । ਜੱਦ ਕਦੇ ਵੀ ਤੁਸੀਂ ਆਪਣਾ ਨੁਕਸਾਨ ਕਰੋਗੇ ਤਾਂ ਆਪਣੇ ਹਥੱਾਂ ਰਾਹੀਂ ਨ ਕਿ ਵੈਰੀਆਂ ਦੇ ਹੱਥੀਂ । ਜੇਕਰ ਤੁਹਾਡਾ ਸਾਰਾ ਸਨਮਾਨ ਜਾਂਦਾ ਰਹੇ ਤਾਂ ਰੱਬ ਤੁਹਾਨੂੰ ਅਕਾਸ਼'ਤੇ ਨ ਮੁਕੱਣ ਵਾਲਾ ਸਨਮਾਨ ਪ੍ਰਦਾਨ ਕਰੇਗਾ । ਸੋ, ਤੁਸੀਂ ਉਸ ਨੂੰ ਨ ਛੱਡੋ ਅਤੇ ਜ਼ਰੂਰੀ ਹੈ ਕਿ ਤੁਸੀਂ ਦੁੱਖ ਦਿੱਤੇ ਜਾਓ ਅਤੇ ਆਪਣੀਆਂ ਕਈ ਆਸਾਂ ਤੋਂ ਬੇ ਨਸੀਬੇ ਕੀਤੇ ਜਾਓ । ਸੋ, ਇਹਨਾਂ ਹਾਲਾਤਾਂ ਵਿੱਚ ਤੁਸੀਂ ਦਿਲ ਨਾ ਛੱਡੋ ਕਿਉਂਕਿ ਤੁਹਾਡਾ ਰੱਬ ਤੁਹਾਨੂੰ ਪਰਖਦਾ ਹੈ ਕਿ ਤੁਸੀਂ ਉਸ ਦੇ ਮਾਰਗ ਵਿੱਚ ਪੱਕੇ ਪੈਰ੍ਹੀਂ ਹੋ ਕਿ ਨਹੀਂ । ਜੇਕਰ ਤੁਸੀ ਚਾਹੁੰਦੇ ਹੋ ਕਿ ਆਕਾਸ਼ ਉਪੱਰ ਫ਼ਰਿਸ਼ਤੇ ਵੀ ਤੁਹਾਡੀ ਪ੍ਰਸ਼ੰਸਾ ਕਰਨ ਤਾਂ ਤੁਸੀਂ ਮਾਰਾਂ ਖਾਓ ਅਤੇ ਖ਼ੁਸ਼ ਰਹੋ, ਗਾਲ੍ਹਾਂ ਸੁਣੋ ਤੇ ਧੰਨਵਾਦ

ਕਰੋ ਅਤੇ ਅਸਫ਼ਲਤਾਵਾਂ ਦੇਖੋ ਅਤੇ ਸੰਬੰਧ ਨ ਤੋੜੋ । ਤੁਸੀਂ ਰੱਬ ਦੀ ਅੰਤਮ ਜਮਾਤ ਹੋ, ਸੋ, ਉਹ ਨੇਕ ਅਮਲ ਦਿਖਾਓ ਜੋ ਆਪਣੇ ਕਮਾਲ ਵਿੱਚ ਅਤਿਅੰਤ ਦਰਜਾ ਰਖੱਦਾ ਹੈ । ਹਰ ਇਕ ਜੋ ਤੁਹਾਡੇ ਵਿੱਚੋਂ ਸੁਸਤ ਹੋ ਜਾਏਗਾ ਉਹ ਇਕ ਗੰਦੀ ਚੀਜ਼ ਵਾਂਗ ਜਮਾਤ ਵਿੱਚੋਂ ਬਾਹਰ ਸੁੱਟ ਦਿਤੱਾ ਜਾਏਗਾ ਅਤੇ ਹਸਰਤਾਂ ਨਾਲ ਮਰੇਗਾ ਅਤੇ ਰੱਬ ਦਾ ਕੁਝ ਵੀ ਵਿਗਾੜ ਨ ਸਕੇਗਾ, ਦੇਖੋ ਮੈਂ ਬਹੁਤ ਖ਼ੁਸ਼ੀ ਦੀ ਖ਼ਬਰ ਦਿੰਦਾ ਹਾਂ ਕਿ ਤੁਹਾਡਾ ਰੱਬ ਵਾਸਤਵ ਵਿੱਚ ਮੌਜੂਦ ਹੈ, ਬੇਸ਼ਕ ਸਾਰੀ ਮਖ਼ਲੂਕ ਉਸੇ ਦੀ ਹੈ ਪਰ ਉਹ ਉਸ ਵਿਅਕਤੀ ਨੂੰ ਚੁਣ ਲੈਂਦਾ ਹੈ ਜੋ ਉਸ ਨੂੰ ਚੁਣਦਾ ਹੈ, ਉਹ ਉਸਦੇ ਨੇੜੇ ਆ ਜਾਂਦਾ ਹੈ ਜੋ ਉਸ ਦੇ ਨੇੜੇ ਆਉਂਦਾ ਹੈ, ਜੋ ਉਸ ਨੂੰ ਸਨਮਾਨ ਦਿੰਦਾ ਹੈ, ਉਹ ਵੀ ਉਸ ਨੂੰ ਸਨਮਾਨ ਦਿੰਦਾ ਹੈ ।

ਤੁਸੀਂ ਆਪਣੇ ਦਿਲਾਂ ਨੂੰ ਸਿਧੱਾ ਕਰਕੇ ਅਤੇ ਮੂੰਹ, ਅਖੱਾਂ ਤੇ ਕੰਨ੍ਹਾਂ ਨੂੰ ਪਾਕ ਕਰਕੇ ਉਸ ਵੱਲ ਆ ਜਾਓ ਕਿ ਉਹ ਤੁਹਾਨੂੰ ਕੁਬੂਲ ਕਰੇਗਾ, ਆਸਥਾ ਦੇ ਪੱਖੋਂ ਜੋ ਰੱਬ ਤੁਹਾਹੇ ਕੋਲੋਂ ਚਾਹੁੰਦਾ ਹੈ ਉਹ ਇਹੋ ਹੈ ਕਿ ਰੱਬ ਇਕ ਹੈ ਅਤੇ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਉਸ ਦੇ ਨਬੀ ਅਤੇ ਖ਼ਾਤਾਮੁਲ ਅੰਬਿਆ ਹਨ ਅਤੇ ਸਭ ਤੋਂ ਵਧੱਕੇ ਹਨ, ਹੁਣ ਕੋਈ ਨਬੀ ਨਹੀਂ ਪਰ ਉਹੋ ਜਿਸ ਨੂੰ ਮੁਹਮੱਦ ਦੀ ਛਤਰ ਛਾਇਆ ਹੇਠ ਚਾਦਰ ਪੁਆਈ ਗਈ ਹੋਵੇ । ਕਿਉਂਕਿ ਸੇਵਕ ਆਪਣੇ ਸਵਾਮੀ ਤੋਂ ਅੱਡ ਨਹੀਂ ਅਤੇ ਨ ਹੀ ਟਾਹਣੀ ਆਪਣੇ ਮੁੱਢ ਤੋਂ ਅੱਡ ਹੈ । ਸੋ, ਜੋ ਸੰਪੂਰਨ ਰੂਪ ਵਿੱਚ ਆਪਣੇ ਸਵਾਮੀ ਵਿੱਚ ਫ਼ਨਾ (ਲੀਨ) ਹੋਕੇ ਰੱਬ ਤੋਂ ਨਬੀ ਦਾ ਸਿਰਨਾਵਾ (ਉਪਾਧੀ) ਪ੍ਰਾਪਤ ਕਰਦਾ ਹੈ, ਉਹ ਖ਼ਤਮੇ ਨਬੁਵੱਤ ਦਾ ਵਿਘਨ ਕਰਤਾ ਨਹੀਂ, ਜਿਵੇਂ ਕਿ ਜੱਦ ਤੁਸੀਂ ਦਰਪਨ ਵਿੱਚ ਆਪਣੀ ਸ਼ਕਲ ਦੇਖੋ ਤਾਂ ਤੁਸੀਂ ਦੋ ਨਹੀਂ ਹੋ ਸਕਦੇ ਸਗੋਂ ਇਕ ਹੀ ਹੋ । ਬੇਸ਼ਕ ਦੇਖਣ ਨੂੰ ਦੋ ਦਿਖਾਈ ਦਿੰਦੇ ਹਨ, ਕੇਵਲ ਅਸਲ ਤੇ ਪ੍ਰਤੀਬਿੰਬ ਦਾ ਅੰਤਰ ਹੈ । ਸੋ ਅਜਿਹਾ ਹੀ ਰੱਬ ਨੇ ਮਸੀਹ ਮੌਊਦ ਵਿੱਚ ਵਿੱਚ ਪ੍ਰਕਟ ਕੀਤਾ । ਇਹੋ ਭੇਦ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਫ਼ਰਮਾਉਂਦੇ ਹਨ ਕਿ ਮਸੀਹ ਮੌਊਦ ਮੇਰੀ ਕਬਰ ਵਿੱਚ ਦਫ਼ਨ ਹੋਵੇਗਾ ਅਰਥਾਤ **ਉਹ ਮੈਂ ਹੀ ਹਾਂ** ਅਤੇ ਇਸ ਵਿੱਚ ਦੋਰੰਗੀ ਨਹੀਂ ਆਈ ਅਤੇ

ਤੁਸੀਂ ਯਕੀਨ ਜਾਣੋ ਕਿ 'ਈਸਾ' ਬਿਨ ਮਰਯਮ ਫ਼ੌਤ ਹੋ ਚੁਕੇ ਹਨ ਅਤੇ ਕਸ਼ਮੀਰ ਵਿੱਚ ਸ਼੍ਰੀਨਗਰ ਦੇ ਮੁਹਲੱਾਹ ਖ਼ਾਨਯਾਰ[3] ਵਿੱਚ ਉਹਨਾਂ ਦੀ ਕਬਰ ਹੈ । ਰੱਬ ਨੇ ਆਪਣੀ ਪਵਿੱਤਰ ਕਿਤਾਬ ਵਿੱਚ ਉਸ ਦੇ ਮਰ ਜਾਣ ਦੀ ਖ਼ਬਰ ਦਿੱਤੀ ਹੈ ਜੇਕਰ ਇਸ ਆਇਤ ਦੇ ਹੋਰ ਅਰਥ ਹਨ ਤਾਂ ਈਸਾ ਬਿਨ ਮਰਯੱਮ ਦੀ ਮੌਤ ਦੀ ਕੁਰਆਨ ਕਰੀਮ ਵਿੱਚ ਕਿੱਥੇ ਖ਼ਬਰ ਹੈ । ਮਰਨ ਬਾਰੇ ਜੋ ਆਇਤਾਂ ਹਨ ਜੇਕਰ ਉਹ ਹੋਰ ਅਰਥ ਰਖੱਦੀਆਂ ਹਨ ਜਿਵੇਂ ਕਿ ਸਾਡੇ ਵਿਰੋਧੀ ਸਮਝਦੇ ਹਨ ਤਾਂ ਸੰਭਵਤਾ ਕੁਰਆਨ ਕਰੀਮ ਨੇ ਉਸ ਦੇ ਮਰਨ ਦਾ ਕਿਤੇ ਵੀ ਕੋਈ ਵਰਨਣ ਨਹੀਂ ਕੀਤਾ ਕਿ ਉਹ ਕਿਸੇ ਸਮੇਂ ਮਰੇਗਾ ਵੀ । ਰੱਬ ਨੇ ਸਾਡੇ ਨਬੀ ਦੇ ਮਰਨ ਦੀ ਖ਼ਬਰ ਦਿੱਤੀ ਪਰ ਸਾਰੇ ਕੁਰਆਨ ਕਰੀਮ ਵਿੱਚ ਈਸਾ ਦੇ ਮਰਨ ਦੀ ਖ਼ਬਰ ਨਹੀਂ ਦਿੱਤੀ । ਇਸ ਵਿੱਚ ਕੀ ਭੇਦ ਹੈ ਅਤੇ ਜੇਕਰ ਇਹ ਕਹੋ ਕਿ ਈਸਾ ਦੇ ਮਰਨ ਦੀ ਇਸ ਆਇਤ ਵਿੱਚ ਖ਼ਬਰ ਹੈ ਕਿ

[4](فَلَمَّا تَوَفَّيْتَنِى كُنتَ أَنْتَ الرَّقِيبَ عَلَيْهِمْ (المائدة118)

ਫ਼ਲਮੱਾ ਤਵੱਫ਼ੈਤਨੀ ਕੁੰਤਾ ਅੰਤਰ ਰਕੀਬਾ ਅਲੈਹਿਮ (ਸੂਰਤ ਮਾਇਦਹ 118)

---

[3] ਨੋਟ : ਇਸਾਈ ਖੋਜੀਆਂ ਨੇ ਇਸੇ ਰਾਏ ਨੂੰ ਪ੍ਰਕਟ ਕੀਤਾ ਹੈ, ਦੇਖੋ ਸੋਪੁਰ ਨੇਚੁਰਲ ਰਿਲੀਜ਼ੰਜ਼ ਪੰਨ੍ਹਾ 522, ਜੇਕਰ ਵਿਸਥਾਰ ਚਾਹੁੰਦੇ ਹੋ ਤਾਂ ਸਾਡੀ ਕਿਤਾਬ ਤੁਹਫ਼ਾ ਗੋਲੜਵੀਆਹ ਦਾ ਪੰਨ੍ਹਾ 139 ਦੇਖ ਲਓ । (ਲੇਖਕ)

[4] ਨੋਟ : ਇਸੇ ਆਇਤ ਤੋਂ ਮਾਲੂਮ ਹੁੰਦਾ ਹੈ ਕਿ ਹਜ਼ਰਤ ਈਸਾ ਅਲੈਹਿ ਸਲਾਮ ਫਿਰ ਦੁਨੀਆ ਵਿੱਚ ਨਹੀਂ ਆਉਣਗੇ, ਕਿਉਂਕਿ ਜੇਕਰ ਉਹ ਦੁਨੀਆ ਵਿੱਚ ਆਉਣ ਵਾਲੇ ਹੁੰਦੇ ਤਾਂ ਇਸ ਅਵਸਥਾ ਵਿੱਚ ਹਜ਼ਰਤ ਈਸਾ ਦਾ ਇਹ ਉਤੱਰ ਕੇਵਲ ਝੂਠ ਹੁੰਦਾ ਕਿ ਮੈਨੂੰ ਇਸਾਈਆਂ ਦੇ ਵਿਗੜਨ ਦੀ ਕੋਈ ਖ਼ਬਰ ਨਹੀਂ । ਜੋ ਵਿਅਕਤੀ ਦੁਬਾਰਾ ਦੁਨੀਆ ਵਿੱਚ ਆਇਆ ਅਤੇ ਚਾਲ੍ਹੀ ਸਾਲ ਰਿਹਾ ਅਤੇ ਕਰੋੜਾਂ ਇਸਾਈਆਂ ਨੂੰ ਦੇਖਿਆ ਜੋ ਉਸ ਨੂੰ ਰੱਬ ਜਾਣਦੇ ਸਨ ਅਤੇ ਸਲੀਬ ਨੂੰ ਤੋੜਿਆ ਅਤੇ ਸਾਰਿਆਂ ਇਸਾਈਆਂ ਨੂੰ ਮੁਸਲਮਾਨ ਕੀਤਾ, ਉਹ ਕਿਵੇਂ ਰੱਬ ਸਾਹਮਣੇ ਕਿਯਾਮਤ ਦੇ ਦਿਨ ਇਹ ਉਜ਼ਰ ਕਰ ਸਕਦਾ ਹੈ ਕਿ ਮੈਨੂੰ ਇਸਾਈਆਂਕ ਦੇ ਵਿਗੜਨ ਦੀ ਕੋਈ ਖ਼ਬਰ ਨਹੀਂ । (ਲੇਖਕ)

ਸੋ, ਇਹ ਆਇਤ ਤਾਂ ਸਪਸ਼ਟ ਪ੍ਰਮਾਣਤ ਕਰਦੀ ਹੈ ਕਿ ਉਹ ਇਸਾਈਆਂ ਦੇ ਵਿਗੜਨ ਤੋਂ ਪਹਿਲਾਂ ਮਰ ਚੁਕੇ ਹਨ, ਭਾਵ ਜੇਕਰ ਇਹ ਆਇਤ 'ਫ਼ਲਮੱਾ ਤਵੱਫ਼ੈਤਨੀ' ਦੇ ਇਹ ਅਰਥ ਹਨ ਕਿ ਇਸ ਭੌਤਕ ਸ਼ਰੀਰ ਨਾਲ ਜੀਉਂਦੇ ਈਸਾ ਨੂੰ ਆਕਾਸ਼ ਉਪੱਰ ਚੁੱਕ ਲਿਆ ਤਾਂ ਕਿਉਂ ਰੱਬ ਨੇ ਅਜਿਹੇ ਵਿਅਕਤੀ ਦੀ ਮੌਤ ਦਾ ਸਾਰੇ ਕੁਰਆਨ ਕਰੀਮ ਵਿੱਚ ਵਰਨਣ ਨਹੀਂ ਕੀਤਾ, ਜਿਸ ਦੇ ਜੀਵਨ ਦੇ ਵਿਚਾਰ ਨੇ ਲਖੱਾਂ ਲੋਕਾਂ ਨੂੰ ਹਲਾਕ ਕਰ ਦਿਤੱਾ । ਸੰਭਵਤਾ ਰੱਬ ਨੇ ਇਸ ਨੂੰ ਹਮੇਸ਼ਾ ਲਈ ਇਸ ਲਈ ਜੀਉਂਦਾ ਰਹਿਣ ਦਿਤੱਾ ਕਿ ਲੋਕ ਮੁਸ਼ਰਿਕ (ਅਨੇਕ ਈਸ਼ਵਰਵਾਦੀ) ਅਤੇ ਬੇਦੀਨ (ਅਧਰਮੀ) ਹੋ ਜਾਣ ਅਤੇ ਸੰਭਵਤਾ ਇਹ ਲੋਕਾਂ ਦੀ ਗ਼ਲਤੀ ਨਹੀਂ ਸਗੋਂ ਰੱਬ ਨੇ ਇਹ ਸਭ ਕੁਝ ਆਪ ਕੀਤਾ ਤਾਂ ਜੋ ਲੋਕਾਂ ਨੂੰ ਆਪ ਗੁਮਰਾਹ ਕਰੇ । ਚੰਗੀ ਤਰ੍ਹਾਂ ਚੇਤੇ ਰੱਖੋ ਕਿ ਮਸੀਹ ਈਸਾ ਦੀ ਮੌਤ ਤੋਂ ਬਿਨਾ ਸਲੀਬੀ ਅਕੀਦੇ'ਤੇ ਮੌਤ ਨਹੀਂ ਆ ਸਕਦੀ, ਸੋ, ਇਸ ਤੋਂ ਲਾਭ ਕੀ ਕਿ ਕੁਰਆਨ ਕਰੀਮ ਦੀ ਸਿੱਖਿਆ ਦੇ ਵਿਰੁਧ ਇਸ ਨੂੰ ਜੀਊਦਾ ਸਮਝਿਆ ਜਾਵੇ, ਇਸ ਨੂੰ ਮਰਨ ਦਿਓ, ਤਾਂ ਜੋ ਇਹ ਦੀਨ ਜ਼ਿੰਦਾ ਹੋਵੇ । ਰੱਬ ਨੇ ਆਪਣੇ ਕਥਨਾ ਰਾਹੀਂ ਮਸੀਹ ਦੀ ਮੌਤ ਪ੍ਰਕਟ ਕੀਤੀ ਅਤੇ ਰਸੂਲੁਲੱਾਹੁ ਸਲਲੱਾਹੁ ਅਲੈਹਿ ਵਸਲਮ ਨੇ ਮੇਅਰਾਜ ਦੀ ਰਾਤ ਉਸ ਨੂੰ ਮੁਰਦਿਆਂ ਵਿੱਚ ਦੇਖ ਲਿਆ, ਹੁਣ ਵੀ ਤੁਸੀਂ ਮੰਨ੍ਹਣ ਵਿੱਚ ਨਹੀਂ ਆਉਂਦੇ । **ਇਹ ਕਿਹੋ ਜਿਹਾ ਇਮਾਨ (ਆਸਥਾ) ਹੈ** । ਕੀ ਮਨੁਖੱਾਂ ਦੀਆਂ ਰਿਵਾਇਤਾਂ ਨੂੰ ਰੱਬ ਦੇ ਕਲਾਮ ਉਪੱਰ ਪ੍ਰਾਥਮਿਕਤਾ ਦਿੰਦੇ ਹੋ, ਇਹ ਕੀ ਧਰਮ ਹੈ[5] ? ਅਤੇ ਸਾਡੇ ਰਸੂਲ ਸਲਲੱਾਹੁ

---

[5] ਕੁਰਆਨ ਸ਼ਰੀਫ਼ ਵਿੱਚ ਇਕ ਆਇਤ ਵਿੱਚ ਸਪਸ਼ਟ ਰੂਪ ਵਿੱਚ ਸੰਕੇਤ ਕੀਤਾ ਗਿਆ ਹੈ ਕਿ ਮਸੀਹ ਅਤੇ ਉਸ ਦੀ ਮਾਂ ਸਲੀਬ ਦੀ ਘਟਨਾ ਦੇ ਬਾਦ ਕਸ਼ਮੀਰ ਵੱਲ ਚੇਲੇ ਗਏ, ਜਿਵੇਂ ਕਿ ਫ਼ਰਮਾਉਂਦਾ ਹੈ : {51 المؤمنون) وَآوَيْنٰهُمَا إِلٰى رَبْوَةٍ ذَاتِ قَرَارٍ وَّمَعِينٍ) ਅਰਥਾਤ ਅਸੀਂ ਈਸਾ ਅਤੇ ਉਸ ਦੀ ਮਾਂ ਨੂੰ ਇਕ ਅਜਿਹੇ ਟੀਲੇ ਉਪੱਰ ਥਾਂ ਦਿੱਤੀ ਜੋ ਅਰਾਮ ਦੀ ਥਾਂ ਸੀ ਅਤੇ ਸਾਫ਼ ਪਾਣੀ ਅਰਥਾਤ ਸੋਮਿਆਂ ਦੇ ਪਾਣੀ ਉੱਥੇ ਸੀ । ਸੋ, ਉਸ ਵਿੱਚ ਰੱਬ ਨੇ ਕਸ਼ਮੀਰ ਦਾ ਚਿਤੱਰ ਖਿੱਚ ਦਿਤੱਾ ਹੈ ਅਤੇ 'ਆਵਾ' ਦਾ ਸ਼ਬਦ ਅਰਬੀ ਕੋਸ਼ ਵਿੱਚ ਕਿਸੇ

ਅਲੈਹਿ ਵਸਲਮ ਨੇ ਨ ਕੇਵਲ ਗਵਾਹੀ ਦਿੱਤੀ ਕਿ ਮੈਂ ਮੁਰਦਾ ਆਤਮਾਵਾਂ ਵਿੱਚ ਈਸਾ ਨੂੰ ਦੇਖਿਆ ਸਗੋਂ ਆਪ ਵੀ ਮਰਕੇ ਇਹ ਸਪਸ਼ਟ ਕਰ ਦਿਤੱਾ ਕਿ ਇਸ ਤੋਂ ਪਹਿਲਾਂ ਕੋਈ ਜੀਉਂਦਾ ਨਹੀਂ ਰਿਹਾ । ਸੋ, ਸਾਡੇ ਵਿਰੋਧੀ ਜਿਵੇਂ ਕਿ ਕੁਰਆਨ ਕਰੀਮ ਨੂੰ ਛਡੱਦੇ ਹਨ ਉਸੇ ਪ੍ਰਕਾਰ ਸੁਨੱਤ ਨੂੰ ਵੀ ਛਡੱਦੇ ਹਨ ਕਿਉਂਕਿ ਮਰਨਾ ਸਾਡੇ ਨਬੀ ਦੀ ਸੁਨੱਤ ਹੈ, ਜੇਕਰ ਈਸਾ ਜੀਉਂਦਾ ਸੀ ਤਾਂ ਮਰਨ ਵਿੱਚ ਸਾਡੇ ਰਸੂਲ ਦਾ ਅਪਮਾਨ ਸੀ । ਸੋ, ਤੁਸੀਂ ਨ ਹੀ ਅਹਿਲੇ ਸੁਨੱਤ ਹੋ ਅਤੇ ਨ ਹੀ ਅਹਿਲੇ ਕੁਰਆਨ, ਜੱਦ ਤੱਕ ਈਸਾ ਦੀ ਮੌਤ ਦੇ ਕਾਇਲ ਨ ਹੋਵੋ । ਅਤੇ ਮੈਂ ਹਜ਼ਰਤ ਈਸਾ ਅਲੈਹਿ ਸਲਾਮ ਦੀ ਸ਼ਾਨ ਦਾ ਇਨਕਾਰੀ ਨਹੀਂ, ਮੈਂਨੂੰ ਤਾਂ ਰੱਬ ਨੇ ਖ਼ਬਰ ਦਿੱਤੀ ਹੈ ਕਿ ਮਸੀਹ ਮੁਹਮੱਦੀ ਮਸੀਹ ਮੂਸਵੀ ਤੋਂ ਬਿਹਤਰ ਹੈ, ਪਰੰਤੂ ਮੈਂ ਹਜ਼ਰਤ ਈਸਾ ਅਲੈਹਿ ਸਲਾਮ ਦਾ ਬਹੁਤ ਸਨਮਾਨ ਕਰਦਾ ਹਾਂ ਕਿਉਂਕਿ ਮੈਂ ਆਤਮਕ ਪੱਖੋਂ ਇਸਲਾਮ ਵਿੱਚ 'ਖ਼ਾਤਾਮੁਲ ਖ਼ੁਲਫ਼ਾ' ਹਾਂ ਜਿਵੇਂ ਕਿ ਈਸਾ ਬਿਨ ਮਰਯੱਮ ਇਸਰਾਈਲੀ ਸਿਲਸਿਲੇ ਲਈ ਖ਼ਾਤਾਮੁਲ ਖ਼ੁਲਫ਼ਾ ਸਨ, ਮੂਸਾ ਦੇ ਸਿਲਸਿਲੇ ਵਿੱਚ ਇਬਨੇ ਮਰਯੱਮ ਮਸੀਹ ਮੌਊਦ ਸੀ ਅਤੇ ਮੁਹਮੱਦੀ ਸਿਲਸਿਲੇ ਵਿੱਚ ਮੈਂ ਮਸੀਹ ਮੌਊਦ ਹਾਂ, ਇਸ ਲਈ ਮੈਂ ਉਹਨਾਂ ਦਾ ਸਨਮਾਨ ਕਰਦਾ ਹਾਂ ਜਿਸ ਦਾ ਹਮਨਾਉ ਹਾਂ ਅਤੇ ਫ਼ਸਾਦੀ ਤੇ ਝੂਠਾ ਹੈ ਉਹ ਵਿਕਅਤੀ ਜੋ ਮੈਂਨੂੰ ਕਹਿੰਦਾ ਹੈ ਕਿ ਮੈਂ ਮਰਯੱਮ ਦੇ ਪੁਤੱਰ ਈਸਾ ਦਾ ਸਨਮਾਨ ਨਹੀਂ ਕਰਦਾ ਸਗੋਂ ਮਸੀਹ ਤਾਂ ਮਸੀਹ ਮੈਂ ਤਾਂ ਉਸ ਦੇ ਚਾਰੇ ਭਰਾਵਾਂ ਦਾ ਸਨਮਾਨ ਕਰਦਾ ਹਾਂ[6]

---

ਮੁਸੀਬਤ ਜਾਂ ਕਸ਼ਟ ਸਮੇਂ ਪਨਾਹ ਦੇਣ ਲਈ ਆਉਂਦਾ ਹੈ ਅਤੇ ਸਲੀਬ ਤੋਂ ਪਹਿਲਾਂ ਈਸਾ ਅਤੇ ਉਸਦੀ ਮਾਂ ਉਪੱਰ ਕੋਈ ਸਮਾਂ ਮੁਸੀਬਤ ਦਾ ਨਹੀਂ ਲੰਘਿਆ ਜਿਸ ਤੋਂ ਪਨਾਹ ਦਿੱਤੀ ਜਾਂਦੀ । ਸੋ, ਨਿਸ਼ਚਿਤ ਹੋਇਆ ਕਿ ਰੱਬ ਨੇ ਈਸਾ ਅਤੇ ਉਸ ਦੀ ਮਾਂ ਨੂੰ ਸਲੀਬ ਦੀ ਘਟਨਾ ਦੇ ਬਾਦ ਉਸ ਟੀਲੇ ਉਪੱਰ ਪਹੁੰਚਾਇਆ ਸੀ । (ਲੇਖਕ)

[6] ਈਸਾ ਮਸੀਹ ਦੇ ਚਾਰ ਭਾਈ ਤੇ ਦੋ ਭੈਣਾ ਸਨ । ਇਹ ਸਾਰੇ ਇਸਾ ਮਸੀਹ ਦੇ ਹਕੀਕੀ ਭਰਾ ਤੇ ਭੈਣਾ ਸਨ ਅਰਥਾਤ ਸਾਰੇ ਹੀ ਯੂਸੁਫ਼ ਤੇ ਅਤੇ ਮਰਯੱਮ ਦੀ ਸੰਤਾਨ ਸਨ । ਚਾਰੇ ਭਰਾਵਾਂ ਦੇ ਨਾਂ ਇਹ ਹਨ : 1. ਯਹੂਦਾ, 2. ਯਾਕੂਬ, 3. ਸ਼ਮਊਨ, 4. ਯੂਜ਼ਸ ਅਤੇ ਦੋ ਭੈਣਾ ਦੇ ਨਾਂ ਇਹ ਸਨ : 1. ਆਸੀਯਾ, 2. ਲੀਦੀਯਾ. ਦੇਖੋ ਕਿਤਾਬ ਅਪਾਸਟੋਲਿਕ

ਕਿਉਂਕਿ ਪੰਜੇ ਹੀ ਇਕ ਮਾਂ ਦੇ ਪੁਤੱਰ ਹਨ, ਨ ਕੇਵਲ ਐਨ੍ਹਾ ਹੀ ਸਗੋਂ ਮੈਂ ਤਾਂ ਹਜ਼ਰਤ ਮਸੀਹ ਦੀਆਂ ਦੋਵੇਂ ਹਕੀਕੀ ਭੈਣਾ ਨੂੰ ਵੀ ਪਵਿਤੱਰ ਸਮਝਦਾ ਹਾਂ ਕਿਉਂਕਿ ਇਹ ਸਾਰੇ ਵੱਡਿਆਈ ਯੋਗ ਮਰਯੱਮ ਬਤੂਲ ਦੀ ਕੁੱਖ ਵਿੱਚੋਂ ਹਨ ਅਤੇ ਮਰਯੱਮ ਦੀ ਉਹ ਸ਼ਾਨ ਹੈ ਜਿਸ ਨੇ ਇਕ ਸਮੇਂ ਤੱਕ ਆਪਣੇ ਆਪ ਨੂੰ ਨਿਕਾਹ ਤੋਂ ਰੋਕੇ ਰੱਖਿਆ । ਫਿਰ ਕੌਮ ਦੇ ਬਜ਼ੁਰਗਾਂ ਦੇ ਅਤਿ ਹੱਠ ਤੇ ਬਲ ਦੇਣ ਕਰਕੇ ਗਰਭ ਹੋਣ ਕਰਕੇ ਨਿਕਾਹ ਕਰ ਲਿਆ । ਭਾਵੇਂ ਕਿ ਲੋਕ ਇਤਰਾਜ਼ ਕਰਦੇ ਹਨ ਕਿ ਤੌਰਾਤ ਦੀ ਸਿੱਖਿਆ ਦੇ ਵਿਰੁਧ ਐਨ ਗਰਭ ਸਮੇਂ ਨਿਕਾਹ ਕਿਉਂ ਕੀਤਾ ਗਿਆ ਅਤੇ ਬਤੂਲ ਹੋਣ ਦੇ ਅਹਿਦ ਨੂੰ ਕਿਉਂ ਨਾਹੱਕ ਹੀ ਤੋੜਿਆ ਗਿਆ ਅਤੇ ਇਕ ਤੋਂ ਵੱਧ ਪਤਨੀਆ ਦੀ ਨੀਂਹ ਕਿਉਂ ਪਾਈ ਗਈ ਅਰਥਾਤ ਯੂਸੁਫ਼ ਨਜਾਰ ਦੀ ਪਹਿਲੀ ਪਤਨੀ ਹੁੰਦਿਆਂ ਹੋਇਆਂ ਵੀ ਮਰਯੱਮ ਕਿਉਂ ਰਾਜ਼ੀ ਹੋਈ ਕਿ ਯੂਸੁਫ਼ ਨਜਾਰ ਦੇ ਨਿਕਾਹ ਵਿੱਚ ਆਵੇ ਪਰ ਮੈਂ ਕਹਿੰਦਾ ਹਾਂ ਕਿ ਇਹ ਸਾਰੀਆਂ ਮਜਬੂਰੀਆਂ ਸਨ ਜੋ ਪੇਸ਼ ਆ ਗਈਆਂ । ਅਜਿਹੀ ਅਵਸਥਾ ਵਿੱਚ ਉਹ ਲੋਕ ਰਹਿਮ ਯੋਗ ਸਨ ਨ ਕਿ ਇਤਰਾਜ਼ ਯੋਗ ।

ਇਹਨਾ ਸਾਰੀਆਂ ਗਲੱਾਂ ਦੇ ਬਾਦ ਮੈਂ ਫਿਰ ਕਹਿੰਦਾ ਹਾਂ ਕਿ ਇਹ ਖ਼ਿਆਲ ਨ ਕਰੋ ਕਿ ਅਸੀਂ ਦਿਖਾਵੇ ਦੀ ਬੈਅਤ ਕਰ ਲਈ ਹੈ, ਦਿਖਵਾ ਕੁਝ ਵੀ ਚੀਜ਼ ਨਹੀਂ, ਰੱਬ ਤੁਹਾਡੇ ਦਿਲਾਂ ਨੂੰ ਦੇਖਦਾ ਹੈ ਅਤੇ ਉਸੇ ਅਨੁਸਾਰ ਤੁਹਾਡੇ ਨਾਲ ਮਾਮਲਾ ਕਰੇਗਾ । ਦੇਖੋ ਮੈਂ ਇਹ ਕਹਿ ਕੇ ਪ੍ਰਚਾਰ ਦੇ ਕਰਤਵ ਤੋਂ ਮੁਕਤ ਹੁੰਦਾ ਹਾਂ ਕਿ ਪਾਪ ਇਕ ਵਿਸ਼ ਹੈ ਉਸਨੂੰ ਨ ਖਾਓ । ਰੱਬ ਦੀ ਅਵੱਗਿਆ ਇਕ ਗੰਦੀ ਮੌਤ ਹੈ ਇਸ ਤੋਂ ਬਚੋ, ਦੁਆ ਕਰੋ ਕਿ ਤੁਹਾਨੂੰ ਤਾਕਤ ਮਿਲੇ ਜੋ ਵਿਅਕਤੀ ਦੁਆ ਸਮੇਂ ਰੱਬ ਨੂੰ ਹਰ ਇਕ ਗੱਲ'ਤੇ ਕਾਦਰ ਨਹੀਂ ਸਮਝਦਾ ਸਿਵਾਏ ਅਪਵਾਦਾਂ ਦੇ ਉਹ ਮੇਰੀ ਜਮਾਤ ਵਿੱਚੋਂ ਨਹੀਂ । ਜੋ ਵਿਅਕਤੀ ਝੂਠ, ਫ਼ਰੇਬ ਤੇ ਧੋਖਾਧੜੀ ਨੂੰ ਨਹੀਂ ਛਡੱਦਾ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਦੁਨੀਆ ਦੇ ਮੋਹ ਵਿੱਚ

---

ਰਿਕਾਰਡਸ ਲੇਖਕ ਪਾਦਰੀ ਜਾਨ ਏਲਨ ਗਾਇਲਜ਼ ਛਾਪਾ ਲੰਦਨ 1886 ਈ. ਪੰਨ੍ਹਾ 159, 166 (ਲੇਖਕ)

ਫੱਸਿਆ ਹੋਇਆ ਹੈ ਅਤੇ ਆਖ਼ਰਤ (ਪਰਲੈ) ਵੱਲ ਅੱਖ ਚੁਕੱ ਕੇ ਵੀ ਨਹੀਂ ਦੇਖਦਾ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ, ਜੋ ਵਿਅਕਤੀ ਵਾਸਤਵ ਵਿੱਚ ਧਰਮ ਨੂੰ ਦੁਨੀਆ ਉੱਪਰ ਪ੍ਰਾਥਮਿਕਤਾ ਨਹੀਂ ਦਿੰਦਾ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਪੂਰਨ ਰੂਪ ਵਿੱਚ ਹਰ ਇਕ ਬਦੀ ਤੋਂ ਅਤੇ ਹਰ ਇਕ ਬਦਅਮਲੀ ਤੋਂ ਅਰਥਾਤ ਸ਼ਰਾਬ ਨੋਸ਼ੀ ਤੋਂ, ਕਮਾਰਬਾਜ਼ੀ (ਜੂਏ) ਤੋਂ, ਬਦ ਨਜ਼ਰੀ ਤੋਂ, ਖ਼ਿਆਨਤ (ਬੇਈਮਾਨੀ) ਤੋਂ, ਰਿਸ਼ਵਤ ਤੋਂ ਅਤੇ ਹਰ ਇਕ ਨਜਾਇਜ਼ ਕਾਰਜ ਤੋਂ ਤੌਬਾ ਨਹੀਂ ਕਰਦਾ, ਓਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਪੰਜ ਵੇਲੇ ਦੀਆਂ ਨਮਾਜ਼ਾਂ ਦੀ ਪਾਬੰਦੀ ਨਹੀਂ ਕਰਦਾ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਦੁਆ ਵਿੱਚ ਲਗੱਾ ਨਹੀਂ ਰਹਿੰਦਾ ਅਤੇ ਵਿਨਮ੍ਰਤਾ ਤੇ ਮਿਸਕੀਨੀ ਨਾਲ ਰੱਬ ਨੂੰ ਯਾਦ ਨਹੀਂ ਕਰਦਾ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਮਾੜੇ ਮਿੱਤਰ ਨੂੰ ਨਹੀਂ ਛਡੱਦਾ ਜੋ ਉਸ ਉਪੱਰ ਮਾੜਾ ਪ੍ਰਭਾਵ ਪਾਉਂਦਾ ਹੈ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਆਪਣੇ ਮਾਂ ਬਾਪ ਦਾ ਸਨਮਾਨ ਨਹੀਂ ਕਰਦਾ ਅਤੇ ਭਲੇ ਕੰਮਾ ਵਿੱਚ ਜੋ ਕੁਰਆਨ ਕਰੀਮ ਦੇ ਵਿਰੁਧ ਨਹੀਂ ਹਨ ਉਹਨਾਂ ਦੀ ਗੱਲ ਨੂੰ ਨਹੀਂ ਮਨ੍ਹਦਾ ਅਤੇ ਉਹਨਾ ਦੀ ਸੇਵਾ ਤੋਂ ਬੇਪਰਵਾਹ ਹੈ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ, ਜੋ ਵਿਅਕਤੀ ਆਪਣੀ ਪਤਨੀ ਅਤੇ ਉਸਦੇ ਰਿਸ਼ਤੇਦਾਰਾਂ ਨਾਲ ਨਰਮੀ ਤੇ ਉਪਕਾਰ ਨਾਲ ਮਿਲਵਰਤਨ ਨਹੀਂ ਕਰਦਾ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਆਪਣੇ ਗਵਾਂਢੀਆਂ ਨੂੰ ਨਿੱਕੀਆਂ ਨਿੱਕੀਆਂ ਭਲਾਈਆਂ ਤੋਂ ਵਾਂਝਿਆਂ ਰਖੱਦਾ ਹੈ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਨਹੀਂ ਚਾਹੁੰਦਾ ਕਿ ਆਪਣੇ ਕਸੂਰਵਾਰ ਦੇ ਪਾਪ ਬਖ਼ਸ਼ੇ ਅਤੇ ਕੀਨਾ ਰਖੱਣ ਵਾਲਾ ਵਿਅਕਤੀ ਹੈ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਹਰ ਇਕ ਮਰਦ ਜੋ ਪਤਨੀ ਨਾਲ ਜਾਂ ਪਤਨੀ ਪਤੀ ਨਾਲ ਖਿਆਨਤ (ਬੇਈਮਾਨੀ) ਨਾਲ ਪੇਸ਼ ਆਉਂਦੀ ਹੈ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਉਸ ਪ੍ਰਣ ਨੂੰ ਜੋ ਉਸਨੇ ਬੈਅਤ ਸਮੇਂ ਕੀਤਾ ਸੀ ਕਿਸੇ ਪੱਖੋਂ ਤੋੜਦਾ ਹੈ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਮੈਨੂੰ ਵਾਸਤਵ ਵਿੱਚ ਮਸੀਹ ਮੌਊਦ ਵ

ਮਹਦੀ ਮਾਹੂਦ ਨਹੀਂ ਸਮਝਦਾ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਜੋ ਵਿਅਕਤੀ ਭਲੇ ਕੰਮਾ ਵਿੱਚ ਮੇਰੀ ਆਗਿਆਕਾਰੀ ਕਰਨ ਲਈ ਤਿਆਰ ਨਹੀਂ ਹੈ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ ਅਤੇ ਜੋ ਵਿਅਕਤੀ ਵਿਰੋਧੀਆਂ ਦੀਆਂ ਜਮਾਤ (ਸੰਗਤ) ਵਿੱਚ ਬੈਠਦਾ ਹੈ ਅਤੇ ਹਾਂ ਵਿੱਚ ਹਾਂ ਮਿਲਾਉਂਦਾ ਹੈ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਹਰ ਇਕ ਵਿਭਚਾਰੀ, ਭ੍ਰਸ਼ਟੀ, ਸ਼ਰਾਬੀ, ਖ਼ੂਨੀ, ਚੋਰ, ਜੁਆਰੀ, ਖ਼ਾਇਨ, ਧੋਖਾਧੜੀ ਕਰਨ ਵਾਲਾ, ਹੱਕ ਮਾਰਨ ਵਾਲਾ, ਜ਼ਾਲਮ, ਝੂਠਾ, ਜਾਲਸਾਜ਼ ਅਤੇ ਉਹਨਾਂ ਨਾਲ ਮੇਲ ਮਿਲਾਪ ਰਖੱਣ ਵਾਲਾ ਅਤੇ ਆਪਣੇ ਭਰਾਵਾਂ ਤੇ ਭੈਣਾ'ਤੇ ਝੂਟੀਆਂ ਉਝਾਂ ਲਾਉਣ ਵਾਲਾ ਜੋ ਆਪਣੇ ਭੈੜੇ ਕੰਮਾ ਤੋਂ ਤੋਬਾ ਨਹੀਂ ਕਰਦਾ ਅਤੇ ਭੈੜੀਆ ਸੰਗਤਾਂ ਨੂੰ ਨਹੀਂ ਛਡੱਦਾ ਉਹ ਮੇਰੀ ਜਮਾਤ ਵਿੱਚੋਂ ਨਹੀਂ ਹੈ । ਇਹ ਸਾਰੇ ਜ਼ਹਿਰ (ਵਿਸ਼) ਹਨ ਤੁਸੀਂ ਇਹਨਾਂ ਜ਼ਹਿਰਾਂ ਨੂੰ ਖਾਕੇ ਕਿਸੇ ਵੀ ਤਰ੍ਹਾਂ ਬੱਚ ਨਹੀਂ ਸਕਦੇ ਅਤੇ ਅੰਧਕਾਰ ਤੇ ਚਾਨ੍ਹਣਾ ਇਕ ਥਾਂ ਇਕਤੱਰ ਨਹੀਂ ਹੋ ਸਕਦੇ । ਹਰ ਇਕ ਜੋ ਵੱਲ੍ਹ ਤੇ ਵਲ੍ਹੇਵਿਆਂ ਦਾ ਸੁਭਾਉ ਰਖੱਦਾ ਹੈ ਅਤੇ ਰੱਬ ਨਾਲ ਸਾਫ਼ ਨਹੀਂ ਹੈ ਉਹ ਉਸ ਬਰਕਤ ਨੂੰ ਉਕੱਾ ਹੀ ਨਹੀਂ ਪਾ ਸਕਦਾ ਜੋ ਸਾਫ਼ ਦਿਲਾਂ ਨੂੰ ਮਿਲਦੀ ਹੈ, ਕਿੰਨ੍ਹੇ ਹੀ ਖ਼ੁਸਕਿਸਮਤ ਹਨ ਉਹ ਲੋਕ ਜੋ ਆਪਣੇ ਮਨਾਂ ਨੂੰ ਸਾਫ਼ ਕਰਦੇ ਹਨ ਅਤੇ ਆਪਣੇ ਮਨਾ ਨੂੰ ਹਰ ਇਕ ਗੰਦਗੀ ਤੋਂ ਪਾਕ ਕਰ ਲੈਂਦੇ ਹਨ ਅਤੇ ਆਪਣੇ ਰੱਬ ਨਾਲ ਵਫ਼ਾਦਾਰੀ ਦਾ ਪ੍ਰਣ ਕਰਦੇ ਹਨ ਕਿਉਂਕਿ ਉਹ ਉਕੱਾ ਹੀ ਨਸ਼ਟ ਨਹੀਂ ਕੀਤੇ ਜਾਣਗੇ, ਸੰਭਵ ਨਹੀਂ ਕਿ ਰੱਬ ਉਹਨਾਂ ਨੂੰ ਰੁਸਵਾ (ਜ਼ਲੀਲ) ਕਰੇ ਕਿਉਂਕਿ ਉਹ ਰੱਬ ਦੇ ਹਨ ਅਤੇ ਰੱਬ ਉਹਨਾਂ ਦਾ, ਉਹ ਹਰ ਇਕ ਬਲਾ (ਔਕੁੜ) ਦੇ ਸਮੇਂ ਬਚਾਏ ਜਾਣਗੇ । ਮੂਰਖ ਹੈ ਉਹ ਦੁਸ਼ਮਣ ਜੋ ਉਹਨਾਂ ਦਾ ਨਿਸ਼ਚਾ ਕਰੇ ਕਿਉਂਕਿ ਉਹ ਰੱਬ ਦੀ ਗੋਦ ਵਿੱਚ ਹਨ ਅਤੇ ਰੱਬ ਉਹਨਾਂ ਦੀ ਹਮਾਇਤ ਵਿੱਚ, ਕੌਣ ਰੱਬ'ਤੇ ਇਮਾਨ ਲਿਆਇਆ ? ਕੇਵਲ ਉਹੋ ਜੋ ਅਜਿਹੇ ਹਨ । ਅਜਿਹਾ ਹੀ ਉਹ ਵਿਕਤੀ ਵੀ ਮੂਰਖ ਹੈ ਜੋ ਇਕ ਬੇਧੜਕ ਪਾਪੀ ਤੇ ਬਦ ਬਾਤਨ (ਆਂਤਰਕ ਰੂਪ ਵਿੱਚ ਭੈੜਾ) ਤੇ ਦੁਰਾਚਾਰੀ ਦੀ ਚਿੰਤਾ ਵਿੱਚ ਹੈ ਕਿਉਂਕਿ ਉਹ ਆਪ ਹਲਾਕ ਹੋਵੇਗਾ, ਜੱਦ ਤੋਂ ਰੱਬ ਨੇ ਆਕਾਸ਼ ਤੇ

ਧਰਤੀ ਨੂੰ ਬਣਾਇਆ ਹੈ ਕਦੇ ਵੀ ਅਜਿਹਾ ਇਤਫ਼ਾਕ ਨਹੀਂ ਹੋਇਆ ਕਿ ਉਸ ਨੇ ਨੇਕਾਂ ਨੂੰ ਤਬਾਹ, ਹਲਾਕ ਅਤੇ ਮਿਲੀਆਮੇਟ ਕੀਤਾ ਹੋਵੇ । ਸਗੋਂ ਉਹਨਾ ਲਈ ਵੱਡੇ ਵੱਡੇ ਕੰਮ ਦਿਖਾਉਂਦਾ ਰਿਹਾ ਹੈ ਅਤੇ ਹੁਣ ਵੀ ਦਿਖਾਏਗਾ, ਉਹ ਰੱਬ ਅਤਿਅੰਤ ਵਫ਼ਾਦਾਰ ਰੱਬ ਹੈ ਅਤੇ ਵਫ਼ਾਦਾਰਾਂ ਲਈ ਉਸ ਦੇ ਅਦਭੁੱਤ ਕੰਮ ਪ੍ਰਕਟ ਹੁੰਦੇ ਹਨ ਦੁਨੀਆ ਚਾਹੁੰਦੀ ਹੈ ਕਿ ਉਹਨਾ ਨੂੰ ਖਾ ਜਾਏ ਅਤੇ ਹਰ ਇਕ ਦੁਸ਼ਮਣ ਉਹਨਾਂ 'ਤੇ ਦੰਦ ਪੀਸਦਾ ਹੈ, ਪਰ ਉਹ ਜੋ ਉਹਨਾਂ ਦਾ ਮਿਤੱਰ ਹੈ ਹਰ ਇਕ ਤਬਾਹੀ ਦੀ ਥਾਂ ਉਹਨਾਂ ਨੂੰ ਬਚਾਉਂਦਾ ਹੈ ਅਤੇ ਹਰ ਇਕ ਖੇਤਰ ਵਿੱਚ ਉਹਨਾਂ ਨੂੰ ਸਫ਼ਲਤਾ ਬਖ਼ਸ਼ਦਾ ਹੈ, ਕਿੰਨ੍ਹਾ ਹੀ ਨੇਕ ਤੇ ਪਵਿੱਤਰ ਉਹ ਵਿਅਕਤੀ ਹੈ ਜੋ ਉਸ ਰੱਬ ਦਾ ਪਲੱਾ ਨ ਛੱਡੇ । ਅਸੀਂ ਉਸ ਉਪੱਰ ਇਮਾਨ ਲਿਆਏ ਅਸੀਂ ਉਸਨੂੰ ਸ਼ਨਾਖ਼ਤ ਕੀਤਾ । ਸਾਰੀ ਦੁਨੀਆ ਦਾ ਉਹੋ ਰੱਬ ਹੈ ਜਿਸ ਨੇ ਮੇਰੇ ਉਪੱਰ ਵਹੀ (ਅਕਾਸ਼ਵਾਣੀ) ਕੀਤੀ ਜਿਸਨੇ ਮੇਰੇ ਲਈ ਚਮਤਕਾਰ ਦਿਖਾਏ ਜਿਸਨੇ ਮੈਂਨੂੰ ਇਸ ਜੁੱਗ ਲਈ **ਮਸੀਹ ਮੌਊਦ** ਬਣਾਕੇ ਭੇਜਿਆ । ਉਸ ਤੋਂ ਬਿਨਾ ਕੋਈ ਖ਼ੁਦਾ ਨਹੀਂ ਨ ਅਕਾਸ਼ ਵਿੱਚ ਨ ਧਰਤੀ ਵਿੱਚ, ਜੋ ਵਿਅਕਤੀ ਉਸ ਉਪੱਰ ਇਮਾਨ ਨਹੀਂ ਲਿਆਉਂਦਾ ਉਹ ਖ਼ੁਸ਼ੀ ਤੋਂ ਵੰਚਿਤ ਤੇ ਮਹਿਰੂਮੀ ਵਿਚੱ ਗ੍ਰਿਸਿਆ ਹੋਇਆ ਹੈ । ਅਸੀਂ ਆਪਣੇ ਰੱਬ ਦੀ ਸੂਰਜ ਵਾਂਗ ਚਮਕਦੀ ਵਹੀ (ਅਕਾਸ਼ਵਾਣੀ) ਪ੍ਰਾਪਤ ਕੀਤੀ, ਅਸੀਂ ਉਸ ਨੂੰ ਦੇਖ ਲਿਆ ਕਿ ਦੁਨੀਆ ਦਾ ਉਹੋ ਰੱਬ ਹੈ ਉਸ ਤੋਂ ਬਿਨਾ ਕੋਈ ਨਹੀਂ, ਕਿੰਨ੍ਹਾ ਕਾਦਰ ਤੇ ਸਦਾ ਸਲਾਮਤ ਰੱਬ ਹੈ, ਜਿਸ ਨੂੰ ਅਸੀਂ ਪਾਇਆ। ਕਿੰਨ੍ਹੀਆਂ ਹੀ ਪ੍ਰਬਲ ਕੁਦਰਤਾਂ ਦਾ ਮਾਲਕ ਹੈ ਜਿਸ ਨੂੰ ਅਸੀਂ ਦੇਖਿਆ, ਸੱਚ ਤਾਂ ਇਹ ਹੈ ਕਿ ਉਸਦੇ ਅੱਗੇ ਕੋਈ ਗੱਲ ਅਨਹੋਣੀ ਨਹੀਂ ਪਰ ਉਹੋ ਜੋ ਉਸ ਦੀ ਕਿਤਾਬ ਅਤੇ ਉਸ ਦੇ ਵਾਦਿਆਂ ਦੇ ਵਿਰੁਧ ਹੈ, ਸੋ ਜੱਦ ਤੁਸੀਂ ਦੁਆ ਕਰੋ ਤਾਂ ਉਹਨਾਂ ਜਾਹਲ ਨੇਚਰੀਆਂ ਵਾਂਗ ਨ ਕਰੋ ਜੋ ਆਪਣੇ ਹੀ ਵਿਚਾਰਾਂ ਵਿੱਚ ਪ੍ਰਕ੍ਰਿਤਕ ਕਾਨੂੰਨ ਬਣਾਈ ਬੈਠੇ ਹਨ, ਜਿਸ'ਤੇ ਰੱਬ ਦੀ ਕਿਤਾਬ ਦੀ ਮੁਹਰ ਨਹੀਂ ਕਿਉਂਕਿ ਉਹ ਮਰਦੂਦ ਹਨ, ਉਹਨਾਂ ਦੀਆਂ ਦੁਆਵਾਂ ਉਕੱਾ ਹੀ ਕੁਬੂਲ ਨਹੀਂ ਹੋਣਗੀਆਂ, ਉਹ ਅਨ੍ਹੇ ਹਨ ਨ ਕਿ ਸੁਜਾਖੇ ਉਹ ਮੁਰਦੇ ਹਨ ਨ ਕਿ ਜੀਉਂਦੇ

ਰੱਬ ਦੇ ਸਾਹਮਣੇ ਆਪ ਘੜਿਆ ਕਾਨੂਨ ਪੇਸ਼ ਕਰਦੇ ਹਨ ਅਤੇ ਉਸ ਦੀ ਅਥਾਹ ਕੁਦਰਤਾਂ ਦੀ ਸੀਮਾਵਾਂ ਨਿਰਧਾਰਤ ਕਰਦੇ ਹਨ ਅਤੇ ਉਸ ਨੂੰ ਕਮਜ਼ੋਰ ਸਮਝਦੇ ਹਨ, ਸੋ ਉਹਨਾਂ ਨਾਲ ਅਜਿਹਾ ਹੀ ਮਾਮਲਾ ਕੀਤਾ ਜਾਏਗਾ ਜਿਵੇਂ ਕਿ ਉਹਨਾਂ ਦੀ ਹਾਲਤ ਹੈ, ਪਰ ਜੱਦ ਦੁਆ ਲਈ ਖੜਾ ਹੋਵੇ ਤਾਂ ਤੇਰੇ ਲਈ ਲਾਜ਼ਮ ਹੈ ਕਿ ਇਹ ਯਕੀਨ ਰੱਖੇ ਕਿ ਤੇਰਾ ਰੱਬ ਹਰ ਇਕ ਚੀਜ ਉਪੱਰ ਕਾਦਰ ਹੈ ਤੱਦ ਤੇਰੀਆਂ ਦੁਆਵਾਂ ਪਰਵਾਨ ਹੋਣਗੀਆਂ ਅਤੇ ਤੂੰ ਰੱਬ ਦੀਆਂ ਅਦਭੁੱਤ ਕੁਦਰਤਾਂ ਦੇਖੇਂਗਾ ਜੋ ਅਸੀਂ ਦੇਖੀਆਂ ਹਨ ਅਤੇ ਸਾਡੀ ਗਵਾਹੀ ਦ੍ਰਿਸ਼ਗੋਚਰਤਾ ਦੀ ਹੈ ਨ ਕਿ ਕਿੱਸੇ ਦੇ ਰੂਪ ਵਿੱਚ । ਉਸ ਵਿਅਕਤੀ ਦੀ ਦੁਆ ਕਿਵੇਂ ਪਰਵਾਨ ਹੋਵੇਗੀ ਅਤੇ ਉਸਨੂੰ ਆਪ ਵੱਡੀਆਂ ਔਕੁੜਾਂ ਸਮੇਂ ਜੋ ਉਸ ਅਨੁਸਾਰ ਪ੍ਰਕ੍ਰਿਤੀ ਦੇ ਵਿਰੁਧ ਹੈ ਦੁਆ ਕਰਨ ਦਾ ਹੌਂਸਲਾ ਹੋਵੇ ਜੋ ਰੱਬ ਨੂੰ ਹਰ ਇਕ ਚੀਜ਼ ਉਪੱਰ ਕਾਦਰ ਨਹੀਂ ਸਮਝਦਾ । ਪਰ ਹੇ, ਭਲੇ ਇਨਸਾਨ ! ਤੂੰ ਅਜਿਹਾ ਨ ਕਰ ਤੇਰਾ ਰੱਬ ਉਹ ਹੈ ਜਿਸਨੇ ਅਸੰਖ ਤਾਰਿਆਂ ਨੂੰ ਬਿਨਾ ਸਹਾਰਿਆਂ ਦੇ ਲਟਕਾ ਦਿਤੱਾ ਹੈ ਅਤੇ ਜਿਸ ਨੇ ਧਰਤੀ ਤੇ ਅਕਾਸ਼ ਨੂੰ ਕੇਵਲ ਅਦਮ (ਕੁਝ ਵੀ ਨ ਹੋਣਾ) ਤੋਂ ਪੈਦਾ ਕੀਤਾ । ਕੀ ਤੂੰ ਉਸ'ਤੇ ਬਦਜ਼ੰਨੀ ਰਖੱਦਾ ਹੈਂ ਕਿ ਉਹ ਤੇਰੇ ਕੰਮ ਵਿੱਚ ਅਸਮਰਥ ਹੋ ਜਾਏਗਾ[7] । ਸਗੋਂ ਤੇਰੀ ਹੀ ਬਦਜ਼ੰਨੀ ਤੈਨੂੰ ਮਹਿਰੂਮ ਰੱਖੇਗੀ, ਸਾਡੇ ਰੱਬ ਵਿੱਚ ਅਸੰਖ ਚਮਤਕਾਰ

---

[7] ਰੱਬ ਕਿਸੇ ਵੀ ਕੰਮ ਵਿੱਚ ਅਸਮਰਥ ਨਹੀਂ ਹੁੰਦਾ । ਹਾਂ ਰੱਬ ਦੀ ਕਿਤਾਬ ਨੇ ਦੁਆ ਬਾਰੇ ਇਹ ਕਾਨੂਨ ਪੇਸ਼ ਕੀਤਾ ਹੈ ਕਿ ਉਹ ਅਤਿਅੰਤ ਰਹਿਮ ਨਾਲ ਨੇਕ ਇੰਸਾਨਾ ਨਾਲ ਮਿਤੱਰਤਾ ਭਰਪੂਰ ਮਾਮਲਾ ਕਰਦਾ ਹੈ । ਅਰਥਾਤ ਕਦੇ ਤਾਂ ਆਪਣੀ ਮਰਜ਼ੀ ਛਡੱਕੇ ਉਸ ਦੀ ਦੁਆ ਸੁਣਦਾ ਹੈ ਜਿਵੇਂ ਕਿ ਆਪ ਉਸ ਨੇ ਫ਼ਰਮਾਇਆ {61 المؤمن} (ادْعُونِي أَسْتَجِبْ لَكُمْ) ਅਤੇ ਕਦੇ ਕਦੇ ਆਪਣੀ ਮਰਜ਼ੀ ਹੀ ਮਨਵਾਉਣਾ ਚਾਹੁੰਦਾ ਹੈ ਜਿਵੇਂ ਕਿ ਫ਼ਰਮਾਇਆ {156 البقرة} (وَلَنَبْلُوَنَّكُمْ بِشَيْءٍ مِّنَ الْخَوْفِ وَالْجُوعِ) ਅਜਿਹਾ ਇਸ ਲਈ ਕੀਤਾ ਕਿਉਂਕਿ ਕਦੇ ਮਨੁੱਖ ਦੀ ਦੁਆ ਅਨੁਸਾਰ ਉਸ ਨਾਲ ਮਾਮਲਾ ਕਰਕੇ ਯਕੀਨ ਤੇ ਮਆਰਫ਼ਤ ਵਿੱਚ ਉਸ ਨੂੰ ਤਰੱਕੀ ਦੇਵੇ ਅਤੇ ਕਦੇ ਆਪਣੀ ਮਰਜ਼ੀ ਅਨੁਸਾਰ ਆਪਣੀ ਰਜ਼ਾ ਦਾ ਉਸਨੂੰ ਉਪਹਾਰ ਪ੍ਰਦਾਨ ਕਰੇ ਅਤੇ ਉਸ ਦੇ ਮਰਤਬੇ ਵਿੱਚ ਵਧਾ ਦੇਵੇ ਅਤੇ ਉਸ ਨਾਲ ਪ੍ਰੇਮ ਕਰਕੇ ਸੁਮਾਰਗ ਦੇ ਰਸਤੇ ਵਿੱਚ ਉਸ ਨੂੰ ਤਰਕੀ ਦੇਵੇ । (ਲੇਖਕ)

ਹਨ, ਪਰ ਉਹੋ ਦੇਖਦੇ ਹਨ ਜੋ ਸਚੱਾਈ ਤੇ ਵਫ਼ਾਦਾਰੀ ਨਾਲ ਉਸਦੇ ਹੋ ਗਏ ਹਨ। ਉਹ ਦੂਜਿਆਂ'ਤੇ ਜੋ ਉਸ ਦੀ ਕੁਦਰਤਾਂ ਉਪੱਰ ਵਿਸ਼ਵਾਸ ਨਹੀਂ ਰਖੱਦੇ ਹਨ ਜੋ ਸੱਚੇ ਤੇ ਵਫ਼ਾਦਾਰ ਨਹੀਂ ਹਨ ਉਹ ਚਮਤਕਾਰ ਪ੍ਰਕਟ ਨਹੀਂ ਕਰਦਾ । ਕਿੰਨ੍ਹਾ ਹੀ ਬਦਬਖ਼ਤ ਹੈ ਉਹ ਮਨੁੱਖ ਜਿਸ ਨੂੰ ਹੁਣ ਤੱਕ ਇਹ ਨਹੀਂ ਪਤਾ ਕਿ ਉਸਦਾ ਇਕ ਰੱਬ ਹੈ ਜੋ ਹਰ ਇਕ ਚੀਜ਼ ਉਪੱਰ ਕਾਦਰ ਹੈ । ਸਾਡਾ ਬਹਿਸ਼ਤ (ਸਵਰਗ) ਸਾਡਾ ਰੱਬ ਹੈ ਸਾਡੇ ਸਾਰੇ ਉਚੱਤਮ ਆਨੰਦ ਸਾਡੇ ਰੱਬ ਵਿਚ ਹਨ ਕਿਉਂਕਿ ਅਸੀਂ ਉਸਨੂੰ ਦੇਖਿਆ ਅਤੇ ਹਰ ਇਕ ਸੁੰਦਰਤਾ ਉਸ ਵਿੱਚ ਦੇਖੀ । ਇਹ ਦੌਲਤ ਲੈਂਣ ਯੋਗ ਹੈ ਜੇਕਰ ਜਾਨ ਦੇਣ ਨਾਲ ਮਿਲੇ ਅਤੇ ਇਹ ਲਾਲ ਖ਼ਰੀਦਣ ਯੋਗ ਹੈ ਜੇਕਰ ਸਾਰਾ ਵੁਜੂਦ ਗੁਆਉਣ ਦੇ ਬਾਦ ਪ੍ਰਾਪਤ ਹੋਵੇ । ਹੇ ਮਹਿਰੂਮੋ ! ਇਸ ਸੋਮੇ ਵੱਲ ਦੌੜੋ ਕਿ ਉਹ ਤੁਹਾਡੀ ਤ੍ਰੇਹ ਨੂੰ ਪੂਰਨ ਕਰੇਗੇ, ਇਹ ਜੀਵਨ ਦਾ ਸੋਮਾ ਹੈ ਜੋ ਤੁਹਾਨੂੰ ਬਚਾਏਗਾ । ਮੈਂ ਕੀ ਕਰਾਂ ਅਤੇ ਕਿਹੜੇ ਢੰਗ ਨਾਲ ਇਸ ਖ਼ੁਸ਼ਖ਼ਬਰੀ ਨੂੰ ਲੋਕਾਂ ਦੇ ਮਨਾ ਵਿੱਚ ਬਿਠਾ ਦਿਆਂ । ਕਿਹੜੇ ਦਫ਼ (ਡਫ਼ਲੀ) ਨਾਲ ਬਜ਼ਾਰਾਂ ਵਿੱਚ ਮੁਨਾਦੀ ਕਰਾਵਾਂ ਕਿ ਤੁਹਾਡਾ ਇਹ ਰੱਬ ਹੈ ਤਾਂ ਜੋ ਲੋਕ ਸੁਣ ਲੈਂਣ ਅਤੇ ਕਿਹੜੀ ਔਸ਼ਧ ਨਾਲ ਮੈਂ ਇਲਾਜ ਕਰਾਂ ਤਾਂ ਜੋ ਸੁਣਨ ਲਈ ਲੋਕਾਂ ਦੇ ਕੰਨ੍ਹ ਖੁਲੱਣ ।

ਜੇਕਰ ਤੁਸੀਂ ਰੱਬ ਦੇ ਹੋ ਜਾਓਗੇ ਤਾਂ ਯਕੀਨ ਜਾਣੋ ਕਿ ਰੱਬ ਤੁਹਾਡਾ ਹੀ ਹੈ, ਤੁਸੀਂ ਸੁੱਤੇ ਹੋਏ ਹੋਵੋਗੇ ਅਤੇ ਰੱਬ ਤੁਹਾਡੇ ਲਈ ਜਾਗੇਗਾ, ਤੁਸੀਂ ਦੁਸ਼ਮਣ ਤੋਂ ਗ਼ਾਫ਼ਲ ਹੋਵੋਗੇ ਅਤੇ ਰੱਬ ਉਸ ਨੂੰ ਦੇਖੇਗਾ ਅਤੇ ਉਸ ਦੇ ਮਨਸੂਬਿਆਂ ਨੂੰ ਤੋੜੇਗਾ ਤੁਸੀਂ ਹੁਣ ਤੱਕ ਨਹੀਂ ਜਾਣਦੇ ਕਿ ਤੁਹਾਡੇ ਰੱਬ ਵਿੱਚ ਕੀ ਕੀ ਕੁਦਰਤਾਂ ਹਨ ਅਤੇ ਜੇਕਰ ਤੁਸੀਂ ਜਾਣਦੇ ਤਾਂ ਤੁਹਾਡੇ ਉਪੱਰ ਕੋਈ ਅਜਿਹਾ ਦਿਨ ਨਹੀਂ ਆਉਂਦਾ ਕਿ ਤੁਸੀਂ ਦੁਨੀਆ ਲਈ ਸਖ਼ਤ ਦੁਖੀ ਹੋ ਜਾਂਦੇ ਇਕ ਵਿਅਕਤੀ ਜੋ ਇਕ ਖ਼ਜ਼ਾਨਾ ਆਪਣੇ ਕੋਲ ਰਖੱਦਾ ਹੈ ਕੀ ਉਹ ਇਕ ਪੈਸੇ ਦੇ ਨਸ਼ਟ ਹੋ ਜਾਣ ਨਾਲ ਰੋਂਦਾ ਹੈ ਅਤੇ ਚੀਕਾਂ ਮਾਰਦਾ ਹੈ ਅਤੇ ਹਲਾਕ ਹੋਣ ਲਗੱਦਾ ਫਿਰ ਜੇਕਰ ਤੁਹਾਨੂੰ ਉਸ ਖ਼ਜ਼ਾਨੇ ਦੀ ਸੂਚਨਾ ਹੁੰਦੀ ਹੈ ਕਿ ਰੱਬ ਤੁਹਾਡੀ ਹਰ ਇਕ ਲੋੜ ਸਮੇਂ ਕੰਮ ਆਉਣ

ਵਾਲਾ ਹੈ ਤਾਂ ਤੁਸੀਂ ਦੁਨੀਆ ਲਈ ਅਜਿਹੇ ਅਵਿਸ਼ਵਾਸ਼ਯੋਗ ਕਿਉਂ ਹੁੰਦੇ । ਰੱਬ ਇਕ ਪਿਆਰਾ ਖ਼ਜ਼ਾਨਾ ਹੈ ਉਸ ਦੀ ਕਦਰ ਕਰੋ ਕਿ ਉਹ ਤੁਹਾਡੇ ਹਰ ਇਕ ਕਦਮ ਵਿੱਚ ਤੁਹਾਡਾ ਮਦਦਗਾਰ ਹੈ ਤੁਸੀਂ ਉਸਦੇ ਬਿਨਾ ਕੁਝ ਵੀ ਨਹੀਂ ਅਤੇ ਨ ਤੁਹਾਡੇ ਅਸਬਾਬ ਤੇ ਵਿਉਂਤਾਂ ਕੁਝ ਚੀਜ਼ ਹਨ । ਗ਼ੈਰ ਕੌਮਾ ਦੀ ਨਕਲ ਨ ਕਰੋ ਜੋ ਪੂਰਨਤਾ ਭੌਤਕ ਸਾਧਨਾ ਉਪੱਰ ਡਿੱਗ ਪਈਆਂ ਹਨ ਅਤੇ ਜਿਵੇਂ ਸੱਪ ਮਿੱਟੀ ਖਾਂਦਾ ਹੈ, ਉਹਨਾਂ ਨੇ ਭੌਤਕ ਅਸਬਾਬਾਂ ਦੀ ਮਿੱਟੀ ਖਾਧੀ, ਜਿਵੇਂ ਕਿ ਗਿਲਝਾਂ ਤੇ ਕੁੱਤੇ ਮੁਰਦਾਰ ਖਾਂਦੇ ਹਨ, ਉਹਨਾਂ ਨੇ ਮੁਰਦਾਰ'ਤੇ ਦੰਦ ਮਾਰੇ । ਉਹ ਰੱਬ ਤੋਂ ਬਹੁਤ ਦੂਰ ਜਾ ਪਏ, ਮਨੁੱਖਾਂ ਦੀ ਪ੍ਰਸਤਿਸ਼ ਕੀਤੀ ਅਤੇ ਸੂਰ ਖਾਧਾ ਅਤੇ ਸ਼ਰਾਬ ਨੂੰ ਪਾਣੀ ਵਾਂਗ ਵਰਤਿਆ ਅਤੇ ਹੱਦੋਂ ਵੱਧ ਭੌਤਕ ਸਾਧਨਾਵਾਂ ਉਪੱਰ ਡਿੱਗ ਪੈਣ ਕਰਕੇ ਅਤੇ ਰੱਬ ਤੋਂ ਸ਼ਕਤੀ ਨ ਮੰਗਣ ਕਰਕੇ ਉਹ ਮਰ ਗਏ ਅਤੇ ਆਕਾਸ਼ੀ ਆਤਮਤਾ ਉਹਨਾਂ ਵਿੱਚੋਂ ਇਉਂ ਨਿਕਲ ਗਈ ਜਿਵੇਂ ਕਿ ਆਲ੍ਹਣੇ ਵਿੱਚੋਂ ਕਬੂਤਰ ਉਡੱ ਜਾਂਦਾ ਹੈ । ਉਹਨਾ ਦੇ ਅੰਦਰ ਦੁਨੀਆ ਪ੍ਰਸਤੀ ਦਾ ਕੋੜ੍ਹ ਹੈ ਜਿਸ ਨੇ ਉਹਨਾ ਦੇ ਸਾਰੇ ਅਦਰੂਨੀ ਅੰਗ ਕੱਟ ਦਿੱਤੇ ਹਨ । ਸੋ, ਤੁਸੀਂ ਉਸ ਕੋੜ੍ਹ ਤੋਂ ਡਰੋ । ਮੈਂ ਤੁਹਾਨੂੰ ਉਚਿਤ ਸੀਮਾ ਤੱਕ ਸਾਧਨਾ ਦੀ ਛੋਟ ਤੋਂ ਮਨਾ ਨਹੀਂ ਕਰਦਾ ਸਗੋਂ ਦੂਜੀਆਂ ਕੌਮਾ ਵਾਂਗ ਨਿਰਾ ਪੁਰਾ ਸਾਧਨਾ ਦੇ ਹੀ ਬੰਦੇ ਨ ਬਣ ਜਾਓ ਅਤੇ ਉਸ ਰੱਬ ਨੂੰ ਭੁੱਲ ਜਾਓ ਜੋ ਸਾਧਨਾ ਤੇ ਸਬਬਾਂ ਨੂੰ ਵੀ ਉਹੋ ਉਪਲਭਧ ਕਰਦਾ ਹੈ, ਜੇਕਰ ਤੁਹਾਡੀ ਅੱਖ ਹੋਵੇ ਤਾਂ ਤੁਹਾਨੂੰ ਨਜ਼ਰ ਆ ਜਾਏ ਕਿ ਰੱਬ ਹੀ ਰੱਬ ਹੈ ਅਤੇ ਸਭ ਤੁੱਛ ਹੈ, ਨ ਤੁਸੀਂ ਹੱਥ ਲੰਮਾ ਕਰ ਸਕਦੇ ਹੋ ਅਤੇ ਨ ਇਕੱਠਾ ਕਰ ਸਕਦੇ ਹੋ, ਪਰ ਉਸ ਦੇ ਹੁਕਮ ਨਾਲ । ਇਕ ਮੁਰਦਾ ਇਸ'ਤੇ ਹਸੇਗਾ, ਪਰ ਕਾਸ਼ ! ਜੇਕਰ ਇਸ ਹਾਸੇ ਤੋਂ ਪਹਿਲਾਂ ਉਹ ਮਰ ਜਾਂਦਾ ਤਾਂ ਉਸ ਲਈ ਚੰਗਾ ਸੀ । ਖ਼ਬਰਦਾਰ !!! ਤੁਸੀਂ ਦੂਜੀਆਂ ਕੌਮਾਂ ਨੂੰ ਦੇਖਕੇ ਉਹਨਾ ਦੀ ਰੀਸ ਨ ਕਰੋ ਕਿ ਉਹਨਾ ਨੇ ਦੁਨੀਆ ਦੇ ਮਨਸੂਬਿਆਂ ਵਿੱਚ ਬਹੁਤ ਤਰੱਕੀ ਕਰ ਲਈ ਹੈ, ਆਓ ਅਸੀਂ ਵੀ ਉਹਨਾਂ ਪੈਰ੍ਹਾਂ ਪਿੱਛੇ ਚੱਲ੍ਹੀਏ । ਸੁਣੋ ਅਤੇ ਸਮਝੋ ਕਿ ਉਹ ਇਸ ਰੱਬ ਤੋਂ ਬਹੁਤ ਬੇਗਾਨੇ ਤੇ ਗ਼ਾਫ਼ਲ ਹਨ ਜੋ ਤੁਹਾਨੂੰ ਆਪਣੇ ਵੱਲ ਬੁਲਾਉਂਦਾ ਹੈ । ਉਹਨਾਂ

ਦਾ ਰੱਬ ਕੀ ਚੀਜ਼ ਹੈ ਕੇਵਲ ਇਕ ਕਮਜ਼ੋਰ ਮਨੁੱਖ, ਇਸ ਲਈ ਉਹ ਗ਼ਫ਼ਲਤ ਵਿੱਚ ਛੱਡੇ ਗਏ । ਮੈਂ ਤੁਹਾਨੂੰ ਦੁਨੀਆ ਦੇ ਕੰਮਾ ਤੇ ਕਾਰਜਾਂ ਤੋਂ ਨਹੀਂ ਰੋਕਦਾ, ਪਰ ਤੁਸੀਂ ਉਹਨਾਂ ਲੋਕਾ ਦੇ ਪੈਰੋ੍ਹ ਨ ਬਣੋ ਜਿੰਨ੍ਹਾ ਨੇ ਸਭ ਕੁਝ ਹੀ ਦੁਨੀਆ ਨੂੰ ਸਮਝ ਲਿਆ ਹੈ । ਚਾਹੀਦਾ ਹੈ ਕਿ ਤੁਹਾਡੇ ਹਰ ਕੰਮ ਵਿੱਚ ਭਾਵੇਂ ਦੁਨੀਆ ਦਾ ਹੋਵੇ ਜਾਂ ਧਰਮ ਦਾ ਰੱਬ ਤੋਂ ਤਾਕਤ ਤੇ ਤੌਫ਼ੀਕ ਮੰਗਣ ਦੀ ਲੜੀ ਜਾਰੀ ਰਹੇ, ਪਰੰਤੂ ਨ ਕੇਵਲ ਸੁੱਕੇ ਬੁਲੱਾਂ ਨਾਲ ਸਗੋਂ ਚਾਹੀਦਾ ਹੈ ਕਿ ਤੁਹਾਡਾ ਸੱਚਮੁਚ ਇਹ ਅਕੀਦਾ ਹੋਵੇ ਕਿ ਹਰ ਇਕ ਬਰਕਤ ਅਕਾਸ਼ ਤੋਂ ਹੀ ਉਤਰੀ ਹੈ । ਤੁਸੀਂ ਸੁਮਾਰਗੀ ਉਸ ਸਮੇਂ ਹੀ ਬਣੋਗੇ ਜੱਦ ਤੁਸੀਂ ਅਜਿਹੇ ਬਣ ਜਾਓਗੇ ਕਿ ਹਰ ਇਕ ਕੰਮ ਦੇ ਸਮੇਂ ਹਰ ਔਕੁੜ ਸਮੇਂ ਇਸ ਤੋਂ ਪਹਿਲਾਂ ਕਿ ਤੁਸੀਂ ਕੋਈ ਤਦਬੀਰ ਕਰੋ ਆਪਣਾ ਦਰਵਾਜ਼ਾ ਬੰਦ ਕਰੋ ਅਤੇ ਰੱਬ ਦੇ ਦਰ'ਤੇ ਡਿੱਗ ਜਾਓ ਕਿ ਸਾਨੂੰ ਇਹ ਮੁਸ਼ਕਲ ਆਣ ਪਈ ਹੈ, ਆਪਣੀ ਮਿਹਰ ਨਾਲ ਇਸ ਕਸ਼ਟ ਨੂੰ ਦੂਰ ਕਰ, ਫਿਰ ਰੂਹੁਲਕੁਦੁਸ (ਰੱਬ) ਤੁਹਾਡੀ ਮਦਦ ਕਰੇਗਾ ਅਤੇ ਗ਼ੈਬ ਤੋਂ ਤੁਹਾਡੇ ਲਈ ਕੋਈ ਨ ਕੋਈ ਮਾਰਗ ਖੋਲੇਗਾ । ਆਪਣੀਆਂ ਜਾਨਾ ਉਪੱਰ ਰਹਿਮ ਕਰੋ ਅਤੇ ਜੋ ਲੋਕ ਰੱਬ ਤੋਂ ਉਕੱਾ ਹੀ ਸੰਬੰਧ ਤੋੜ ਚੁਕੇ ਹਨ ਅਤੇ ਪੂਰਨਤਾ ਅਸਬਾਬਾਂ ਉਪੱਰ ਢਹਿ ਪਏ ਹਨ ਇੱਥੋਂ ਤੱਕ ਕਿ ਤਾਕਤ ਮੰਗਣ ਲਈ ਉਹ ਮੂੰਹੋਂ ਇਨਸ਼ਾਅਲੱਾਹ ਵੀ ਨਹੀਂ ਕਢੱਦੇ, ਉਹਨਾ ਦੇ ਪੈਰੋ੍ਹ ਨ ਬਣ ਜਾਓ । ਰੱਬ ਤੁਹਾਡੀਆਂ ਅਖੱਾਂ ਖੋਲੇ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਤੁਹਾਡਾ ਖ਼ੁਦਾ ਤੁਹਾਡੀਆਂ ਸਾਰੀਆਂ ਵਿਉਂਤਾ ਤੇ ਤਦਬੀਰਾਂ ਦਾ ਸ਼ਤੀਰ ਹੈ ਜੇ ਕਰ ਸ਼ਤੀਰ ਡਿੱਗ ਜਾਏ ਤਾਂ ਕੀ ਬਾਲੇ ਆਪਣੀ ਛੱਤ'ਤੇ ਟਿਕੇ ਰਹਿ ਸਕਦੇ ਹਨ । ਕਦੇ ਨਹੀਂ, ਸਗੋਂ ਇਕ ਹੀ ਵਾਰ ਵਿੱਚ ਢਹਿ ਜਾਣਗੇ ਅਤੇ ਸੰਭਾਵਨਾ ਹੈ ਕਿ ਇਸ ਤੋਂ ਕਈ ਖ਼ੂਨ ਵੀ ਹੋ ਜਾਣ । ਇਸੇ ਪ੍ਰਕਾਰ ਤੁਹਾਡੀ ਤਦਬੀਰਾਂ ਬਿਨਾ ਰੱਬ ਦੀ ਮਦਦ ਦੇ ਕਾਇਮ ਨਹੀਂ ਰਹਿ ਸਕਦੀਆਂ । ਜੇਕਰ ਤੁਸੀਂ ਉਸ ਤੋਂ ਮਦਦ ਨਹੀਂ ਮੰਗੋਗੇ ਅਤੇ ਉਸ ਤੋਂ ਬਲ ਮੰਗਣਾ ਆਪਣਾ ਉਸੂਲ ਨਹੀਂ ਬਣਾਓਗੇ ਤਾਂ ਤੁਹਾਨੂੰ ਕੋਈ ਸਫ਼ਲਤਾ ਨਹੀਂ ਹਾਸਲ ਹੋਵੇਗੀ । ਅਖੀਰ ਹਸਰਤਾਂ ਨਾਲ ਮਰਰੋਗੇ । ਇਹ ਵਿਚਾਰ ਨ ਕਰੋ ਕਿ ਫਿਰ ਦੂਜੀਆਂ ਕੌਮਾਂ ਕਿਉਂ

ਸਫ਼ਲ ਹੋ ਰਹੀਆਂ ਹਨ ਜੱਦ ਕਿ ਉਹ ਰੱਬ ਨੂੰ ਜਾਣਦੀਆਂ ਵੀ ਨਹੀਂ ਜੋ ਤੁਹਾਡਾ ਕਾਮਲ ਤੇ ਕਾਦਰ ਰੱਬ ਹੈ । ਇਸ ਦਾ ਉੱਤਰ ਇਹੋ ਹੈ ਕਿ ਉਹ ਰੱਬ ਨੂੰ ਛਡੱਣ ਕਰਕੇ ਦੁਨੀਆ ਦੀ ਪ੍ਰੀਖਿਆ ਵਿੱਚ ਪਾਏ ਗਏ ਹਨ । ਰੱਬ ਦੀ ਪ੍ਰੀਖਿਆ ਕਦੇ ਇਸ ਢੰਗ ਵਿੱਚ ਹੁੰਦੀ ਹੈ ਕਿ ਜੋ ਵਿਅਕਤੀ ਉਸ ਨੂੰ ਛਡੱਦਾ ਹੈ ਅਤੇ ਦੁਨੀਆ ਦੀਆਂ ਮਸਤੀਆਂ ਤੇ ਆਨੰਦਾਂ ਵਿੱਚ ਮਨ ਲਾਉਂਦਾ ਹੈ ਅਤੇ ਦੁਨੀਆ ਦੇ ਧੰਨ ਦੌਲਤ ਦਾ ਇਛੁੱਕ ਹੁੰਦਾ ਹੈ ਤਾਂ ਦੁਨੀਆ ਦੇ ਦਰ ਉਸ'ਤੇ ਖੋਲੇ ਜਾਂਦੇ ਹਨ ਅਤੇ ਧਰਮ ਦੇ ਪੱਖੋਂ ਉਹ ਨਿਰਾ ਕੋਰਾ ਤੇ ਨੰਗਾ ਹੁੰਦਾ ਹੈ ਅਤੇ ਅਖੀਰ ਦੁਨੀਆ ਦੇ ਵਿਚਾਰਾਂ ਵਿੱਚ ਹੀ ਮਰਦਾ ਤੇ ਸਦੈਵੀ ਨਰਕਾਂ ਵਿੱਚ ਪਾਇਆ ਜਾਂਦਾ ਹੈ ਅਤੇ ਕਦੇ ਇਸ ਢੰਗ ਨਾਲ ਵੀ ਪ੍ਰੀਖਿਆ ਹੁੰਦੀ ਹੈ ਕਿ ਦੁਨੀਆ ਤੋਂ ਵੀ ਨਾਮੁਰਾਦ ਰੱਖਿਆ ਜਾਂਦਾ ਹੈ ਪਰੰਤੂ ਅੰਤ ਪ੍ਰੀਖਿਆ ਦਾ ਅਜਿਹਾ ਖ਼ਤਰਨਾਕ ਨਹੀਂ ਹੁੰਦਾ ਜਿਵੇਂ ਕਿ ਪਹਿਲਾ, ਕਿਉਂਕਿ ਪਹਿਲੀ ਪ੍ਰੀਖਿਆ ਵਾਲਾ ਬਹੁਤਾ ਹੰਕਾਰੀ ਹੁੰਦਾ ਹੈ । ਬਹਿਰਹਾਲ ਇਹ ਦੋਵੇਂ ਵਿਅਕਤੀ ਮਗ਼ਜ਼ੂਬਿ ਅਲੈਹਿਮ (مغضوب علیھم) ਹਨ। ਸੱਚੀ ਖ਼ੁਸ਼ੀ ਦਾ ਸੋਮਾ ਰੱਬ ਹੈ, ਸੋ, ਜੱਦ ਇਹ ਸਦਾ ਜਿਊਂਦੇ ਤੇ ਸਦਾ ਸਲਾਮਤ ਰੱਬ ਤੋਂ ਇਹ ਲੋਕ ਬੇਖ਼ਬਰ ਹਨ ਸਗੋਂ ਬੇਪਰਵਾਹ ਹਨ ਅਤੇ ਉਸ ਤੋਂ ਮੂੰਹ ਫੇਰ ਰਹੇ ਹਨ ਤਾਂ ਸੱਚੀ ਖ਼ੁਸ਼ੀ ਉਹਨਾ ਨੂੰ ਕਿੱਥੇ ਸਨੀਬ ਹੋ ਸਕਦੀ ਹੈ । ਮੁਬਾਰਕ ਹੋਵੇ ਉਸ ਵਿਅਕਤੀ ਨੂੰ ਜੋ ਇਸ ਗੁੱਝੇ ਭੇਦ ਨੂੰ ਸਮਝ ਲਏ ਅਤੇ ਹਲਾਕ ਹੋ ਗਿਆ ਉਹ ਵਿਅਕਤੀ ਜਿਸਨੇ ਇਸ ਭੇਦ ਨੂੰ ਨਹੀਂ ਸਮਝਿਆ । ਇਸੇ ਪ੍ਰਕਾਰ ਤੁਹਾਨੂੰ ਚਾਹੀਦਾ ਹੈ ਕਿ ਇਸ ਦੁਨੀਆ ਦੇ ਫਲਸਫ਼ੀਆਂ ਦੀ ਪੈਰ੍ਹਵੀ ਨ ਕਰੋ ਅਤੇ ਉਹਨਾ ਨੂੰ ਸਨਮਾਨ ਦੀ ਨਿਗਾਹ ਨਾਲ ਨ ਦੇਖੋ ਕਿ ਇਹ ਸਾਰੀਆਂ ਨਾਦਾਨੀਆ ਹਨ । ਸਚੱਾ ਫਲਸਫ਼ਾ ਉਹ ਹੈ ਜੋ ਰੱਬ ਨੇ ਤੁਹਾਨੂੰ ਆਪਣੇ ਕਲਾਮ ਵਿੱਚ ਸਿਖਾਇਆ ਹੈ । ਹਲਾਕ ਹੋ ਗਏ ਉਹ ਲੋਕ ਜੋ ਇਸ ਸੰਸਾਰਕ ਫ਼ਲਸਫ਼ੇ ਦੇ ਪ੍ਰੇਮੀ ਹਨ ਅਤੇ ਸਫ਼ਲ ਹਨ ਉਹ ਲੋਕ ਜਿੰਨ੍ਹਾ ਨੇ ਸੱਚੇ ਗਿਆਨ ਤੇ ਫ਼ਲਸਫ਼ੇ ਨੂੰ ਰੱਬ ਦੀ ਕਿਤਾਬ ਵਿੱਚ ਢੂੰਡਿਆ । ਨਾਦਾਨੀ ਦੇ ਮਾਰਗ ਕਿਉਂ ਧਾਰਨ ਕਰਦੇ ਹੋ ਕੀ ਤੁਸੀਂ ਰੱਬ ਨੂੰ ਉਹ ਗਲੱਾਂ ਸਿਖਾਓਗੇ ਜੋ ਉਸ ਨੂੰ ਪਤਾ ਨਹੀਂ । ਕੀ ਤੁਸੀਂ

ਅੰਨ੍ਹਿਆਂ ਪਿੱਛੇ ਦੌੜਦੇ ਹੋ ਕਿ ਉਹ ਤੁਹਾਨੂੰ ਮਾਰਗ ਦਿਖਾਉਣ । ਹੇ, ਨਾਦਾਨੋ !! ਉਹ ਜੋ ਆਪ ਅੰਨ੍ਹਾ ਹੈ ਉਹ ਤੁਹਾਨੂੰ ਕੀ ਮਾਰਗ ਦਿਖਾਏਗਾ, ਸਗੋਂ ਸਚੱਾ ਫ਼ਲਸਫ਼ਾ ਰੱਬ ਤੋਂ ਹੀ ਪ੍ਰਾਪਤ ਹੁੰਦਾ ਹੈ ਜਿਸਦਾ ਤੁਹਾਨੂੰ ਵਾਦਾ ਦਿਤੱਾ ਗਿਆ ਹੈ । ਤੁਸੀਂ ਰੂਹ ਦੇ ਵਸੀਲੇ ਰਾਹੀਂ ਉਹਨਾ ਪਵਿੱਤਰ ਗਿਆਨਾ ਤੱਕ ਪਹੁੰਚਾਏ ਜਾਓਗੇ ਜਿੰਨ੍ਹਾ ਤੱਕ ਦੂਜਿਆਂ ਦੀ ਰਸਾਈ ਨਹੀ । ਜੇਕਰ ਸੱਚੇ ਮਨ ਨਾਲ ਮੰਗੋਗੇ ਤਾਂ ਅੰਤ ਤੁਸੀਂ ਉਸ ਨੂੰ ਪਾ ਲਓਗੇ । ਫਿਰ ਸਮਝੋਗੇ ਕਿ ਇਹੋ ਇਲਮ ਹੈ ਜੋ ਮਨ ਨੂੰ ਤਾਜ਼ਗੀ ਤੇ ਜੀਵਨ ਬਖ਼ਸ਼ਦਾ ਹੈ ਅਤੇ ਵਿਸ਼ਵਾਸ਼ ਦੇ ਮਿਨਾਰ ਤੱਕ ਪਹੁੰਚਾ ਦਿੰਦਾ ਹੈ । ਉਹ ਜੋ ਆਪ ਮੁਰਦਾਰ ਖ਼ੋਰ ਹੈ ਉਹ ਕਿੱਥੋਂ ਤੁਹਾਡੇ ਲਈ ਪਾਕ ਗ਼ਜ਼ਾ ਲਿਆਏਗਾ । ਉਹ ਜੋ ਆਪ ਅੰਨ੍ਹਾ ਹੈ ਉਹ ਕਿਵੇਂ ਤੁਹਾਨੂੰ ਮਾਰਗ ਦਿਖਾਏਗਾ । ਹਰ ਇਕ ਪਾਕ ਦਾਨਾਈ ਆਕਾਸ਼ ਤੋਂ ਆਉਂਦੀ ਹੈ ਸੋ, ਤੁਸੀਂ ਧਰਤੀ ਦੇ ਲੋਕਾਂ ਤੋਂ ਕੀ ਢੂੰਡਦੇ ਹੋ ਜਿੰਨ੍ਹਾ ਦੀਆਂ ਰੂਹਾਂ ਆਕਾਸ਼ ਵੱਲ ਜਾਂਦੀਆਂ ਹਨ ਉਹੋ ਹੀ ਦਾਨਾਈ ਦੇ ਵਾਰਸ ਹਨ । ਜਿੰਨ੍ਹਾ ਨੂੰ ਆਪ ਤਸੱਲੀ ਨਹੀਂ ਉਹ ਕਿਵੇਂ ਤੁਹਾਨੂੰ ਤਸੱਲੀ ਦੇ ਸਕਦੇ ਹਨ ਪਰੰਤੂ ਪਹਿਲਾਂ ਮਨ ਦੀ ਪਵਿਤੱਰਤਾ ਜ਼ਰੂਰੀ ਹੈ, ਪਹਿਲਾਂ ਸਚੱਾਈ ਤੇ ਸਫ਼ਾਈ ਜ਼ਰੂਰੀ ਹੈ ਫਿਰ ਇਸ ਦੇ ਬਾਦ ਇਹ ਸਭ ਕੁਝ ਤੁਹਾਨੂੰ ਮਿਲੇਗਾ । ਇਹ ਵਿਚਾਰ ਨ ਕਰੋ ਕਿ ਰੱਬ ਦੀ ਵਹੀ ਅੱਗੇ ਨਹੀਂ ਸਗੋਂ ਪਿੱਛੇ ਰਹਿ ਗਈ ਹੈ[8] ਅਤੇ ਰੂਹੁਲਕੁਦੁਸ (ਰੱਬ) ਹੁਣ ਨਹੀਂ ਉਤਰ ਸਕਦਾ, ਸਗੋਂ ਪਹਿਲੇ ਯੁਗਾਂ ਵਿੱਚ ਹੀ ਉਤਰ ਚੁੱਕਿਆ ਹੈ ਅਤੇ ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਹਰ ਇਕ ਦਰਵਾਜ਼ਾ ਬੰਦ ਹੋ ਜਾਂਦਾ ਹੈ ਪਰ ਰੂਹੁਲਕੁਦੁਸ (ਇਲਾਹੀ ਵਾਣੀ) ਦੇ ਉਤਰਨ ਦਾ ਦਵਾਜ਼ਾ ਕਦੇ ਵੀ ਬੰਦ ਨਹੀਂ ਹੁੰਦਾ । ਤੁਸੀਂ ਆਪਣੇ ਦਿਲਾਂ ਦੇ ਦਰਵਾਜ਼ੇ ਖੋਲ ਦਿਓ ਤਾਂ ਜੋ ਉਹ ਇਹਨਾਂ ਵਿੱਚ ਦਾਖ਼ਲ ਹੋਵੇ, ਤੁਸੀਂ ਉਸ ਪ੍ਰਕਾਸ਼ (ਰੱਬ) ਤੋਂ ਆਪ ਆਪਣੇ ਆਪਨੂੰ ਦੂਰ ਕਰਦੇ ਹੋ ਜੱਦਕਿ ਉਸ

---

[8] ਕੁਰਆਨ ਸ਼ਰੀਫ਼'ਤੇ ਸ਼ਰੀਅਤ ਖ਼ਤਮ ਹੋ ਗਈ, ਪਰ ਇਲਾਹੀ ਵਹੀ ਖ਼ਤਮ ਨਹੀਂ ਹੋਈ ਕਿਉਂਕਿ ਉਹ ਸੱਚੇ ਧਰਮ ਦੀ ਜਾਨ ਹੈ । ਜਿਸ ਧਰਮ ਵਿੱਚ ਇਲਾਹੀ ਵਹੀਆਂ (ਸੰਦੇਸ਼ਾਂ) ਦਾ ਕਰਮ ਜਾਰੀ ਨਹੀਂ ਉਹ ਧਰਮ ਮੁਰਦਾ ਹੈ ਅਤੇ ਰੱਬ ਉਸ ਦੇ ਨਾਲ ਨਹੀਂ । (ਲੇਖਕ)

ਦੀਆਂ ਕਿਰਣਾ ਨੂੰ ਦਾਖ਼ਲ ਹੋਣ ਦੀਆਂ ਖਿੜਕੀਆਂ ਨੂੰ ਬੰਦ ਕਰ ਦਿੰਦੇ ਹੋ । ਹੇ, ਨਾਦਾਨ ! ਉੱਠ ਅਤੇ ਉਸ ਖਿੜਕੀ ਨੂੰ ਖੋਲ੍ਹ ਦੇ, ਫਿਰ ਉਸ ਸੂਰਜ ਦੀਆਂ ਕਿਰਣਾ ਆਪਣੇ ਆਪ ਤੇਰੇ ਅੰਦਰ ਦਾਖ਼ਲ ਹੋ ਜਾਣਗੀਆਂ, ਜੱਦ ਕਿ ਰੱਬ ਨੇ ਸੰਸਾਰਕ ਫ਼ੈਜ ਦੇ ਮਾਰਗ ਇਸ ਜੁੱਗ ਵਿੱਚ ਤੁਹਾਡੇ ਉਪੱਰ ਬੰਦ ਨਹੀਂ ਕੀਤੇ ਸਗੋਂ ਵਧਾਏ ਹਨ ਤਾਂ ਕੀ ਤੁਹਾਡਾ ਜ਼ੰਨ (ਬਦਗੁਮਾਨੀ) ਹੈ ਕਿ ਆਕਾਸ਼ ਦੇ ਫ਼ੈਜ਼ (ਲਾਭ) ਦੇ ਮਾਰਗ ਜਿਸਦੀ ਇਸ ਜੁਗ ਵਿੱਚ ਬਹੁਤ ਲੋੜ ਸੀ ਉਹ ਤੁਹਾਡੇ'ਤੇ ਬੰਦ ਕਰ ਦਿੱਤੀਆਂ ਹਨ । ਉਕੱਾ ਹੀ ਨਹੀਂ ਸਗੋਂ ਬਹੁਤ ਸਫ਼ਾਈ ਨਾਲ ਉਹ ਦਰ ਖੋਲਿਆ ਗਿਆ ਹੈ । ਹੁਣ ਜੱਦ ਕਿ ਰੱਬ ਆਪਣੀ ਸਿੱਖਿਆ ਅਨੁਸਾਰ ਜੋ ਕਿ ਸੂਰਤ ਫ਼ਾਤਿਹਾ ਵਿੱਚ ਸਿਖਾਈ ਗਈ ਬੀਤੀਆਂ ਸਾਰੀਆਂ ਨੇਮਤਾਂ ਦਾ ਦਰਵਾਜ਼ਾ ਤੁਹਾਡੇ ਉਪੱਰ ਖੋਲ ਦਿਤੱਾ ਹੈ ਤਾਂ ਤੁਸੀਂ ਕਿਉਂ ਇਹਨਾਂ ਨੂੰ ਲੈਂਣ ਤੋਂ ਇਨਕਾਰ ਕਰਦੇ ਹੋ । ਇਸ ਸੋਮੇ ਦੇ ਪਿਆਸੇ ਬਣੋ ਕਿ ਪਾਣੀ ਆਪਣੇ ਆਪ ਆ ਜਾਏਗਾ, ਇਸ ਦੁੱਧ ਲਈ ਤੁਸੀਂ ਬੱਚੇ ਵਾਂਗ ਰੋਣਾ ਸ਼ੁਰੂ ਕਰੋ ਕਿ ਦੁੱਧ ਛਾਤੀਆਂ ਵਿੱਚ ਆਪਣੇ ਆਪ ਉਤੱਰੇਗਾ । ਰਹਿਮ ਯੋਗ ਬਣੋ ਤਾਂ ਜੋ ਤੁਹਾਡੇ ਉਪੱਰ ਰਹਿਮ ਕੀਤਾ ਜਾਏ । ਚਿੰਤਾ ਦਿਖਾਓ ਤਾਂ ਜੋ ਤਸੱਲੀ ਪਾਓ, ਵਾਰ ਵਾਰ ਚੀਕੋ ਕਿ ਇਕ ਹੱਥ ਤੁਹਾਨੂੰ ਫੜ ਲਏ, ਕਿੰਨ੍ਹਾ ਹੀ ਕਠਨ ਉਹ ਮਾਰਗ ਹੈ ਜੋ ਰੱਬ ਦਾ ਮਾਰਗ ਹੈ । ਪਰ ਉਹਨਾ ਲਈ ਸਰਲ ਕੀਤਾ ਜਾਂਦਾ ਹੈ ਜੋ ਮਰਨ ਦੀ ਨੀਯਤ ਨਾਲ ਉਹ ਅਥਾਹ ਢੂੰਘੇ ਖੱਡ ਵਿੱਚ ਜਾ ਪੈਂਦੇ ਹਨ, ਉਹ ਆਪਣੇ ਮਨਾ ਵਿੱਚ ਫ਼ੈਸਲਾ ਕਰ ਲੈਂਦੇ ਹਨ ਕਿ ਸਾਨੂੰ ਅੱਗ ਸਵੀਕਾਰ ਹੈ ਅਸੀਂ ਆਪਣੇ ਪ੍ਰੇਮੀ ਲਈ ਇਸ ਵਿੱਚ ਸੜਨਗੇ ਫਿਰ ਉਹ ਅੱਗ ਆਪਣੇ ਉਪੱਰ ਪਾ ਲੈਂਦੇ ਹਨ, ਸੋ, ਕੀ ਦੇਖਦੇ ਹਨ ਕਿ ਉਹ ਸਵਰਗ ਹੈ, ਇਹੋ ਹੈ ਜੋ ਰੱਬ ਨੇ ਫ਼ਰਮਾਇਆ:

وَإِنْ مِّنْكُمْ إِلَّا وَارِدُهَا ۚ كَانَ عَلَىٰ رَبِّكَ حَتْمًا مَّقْضِيًّا (مريم 72)

ਵ ਇਨ ਮਿਨਕੁਮ ਇਲੱਾ ਵਾਰਿਦੁਹਾ ਕਾਨਾ ਅਲਾ ਰੱਬਿਕਾ ਹਤਮੰ ਮਕਜ਼ੀਆ

(ਸੂਰਤ ਮਰਯੱਮ 72)

ਅਰਥਾਤ, ਹੇ ਬੁਰੋ ਅਤੇ ਹੇ ਨੇਕੋ, ਤੁਹਾਡੇ ਵਿੱਚੋਂ ਕੋਈ ਨਹੀਂ ਜੋ ਨਰਕ ਦੀ ਅੱਗ ਉਪੱਰੋ ਨ ਲੰਘੇ ਪਰ ਉਹ ਜੋ ਰੱਬ ਲਈ ਅੱਗ ਵਿੱਚ ਪੈਂਦਾ ਹੈ ਉਹ ਮੁਕਤੀ ਪਾਉਣਗੇ ਪਰ ਜੋ ਆਪਣੇ ਨਫ਼ਸੇ ਅਮੱਾਰਾ (ਮਨੁੱਖ ਨੂੰ ਬੁਰਾਈ ਵੱਲ ਖਿਚੱਣ ਵਾਲੀ ਮੋਵਿਰਿਤੀ) ਲਈ ਅੱਗ 'ਤੇ ਚਲਦਾ ਹੈ, ਉਹ ਅੱਗ ਉਸ ਨੂੰ ਖਾ ਜਾਏਗੀ। ਸੋ, ਮੁਬਾਰਕ ਉਹ ਜੋ ਰੱਬ ਲਈ ਆਪਣੇ ਆਪੇ ਨਾਲ ਲੜਦੇ ਹਨ ਅਤੇ ਬਦਬਖ਼ਤ ਉਹ ਜੋ ਆਪਣੇ ਨਫ਼ਸ ਲਈ ਰੱਬ ਨਾਲ ਲੜ ਰਹੇ ਹਨ ਅਤੇ ਉਸ ਨਾਲ ਸਹਿਮਤੀ ਨਹੀਂ ਕਰਦੇ । ਜੋ ਵਿਅਕਤੀ ਆਪਣੇ ਆਪੇ ਲਈ ਰੱਬ ਦੇ ਆਦੇਸ਼ਾਂ ਨੂੰ ਟਾਲਦਾ ਹੈ ਉਹ ਅਕਾਸ਼ਾਂ ਵਿੱਚ ਉਕੱਾ ਹੀ ਦਾਖ਼ਲ ਨਹੀਂ ਹੋਵੇਗਾ, ਸੋ, ਤੁਸੀਂ ਜਤਨ ਕਰੋ ਕਿ ਇਕ ਬਿੰਦੂ ਜਾਂ ਇਕ ਅਖੱਰ ਵੀ ਕੁਰਆਨ ਕਰੀਮ ਦਾ ਤੁਹਾਡੇ ਉਪੱਰ ਗਵਾਹੀ ਨ ਦੇਵੇ ਤਾਂ ਜੋ ਤੁਸੀਂ ਇਸ ਕਰਕੇ ਫੜੇ ਨ ਜਾਓ ਕਿਉਂਕਿ ਇਕ ਕਿਣਕਾ ਬੁਰਾਈ ਦਾ ਵੀ ਦੰਡ ਯੋਗ ਹੈ ਸਮਾਂ ਥੋੜਾ ਹੈ ਅਤੇ ਕੰਮ ਦੀ ਉਮਰ ਬਹੁਤ ਘੱਟ, ਤੀਬਰਤਾ ਨਾਲ ਕਦਮ ਚੁੱਕੋ ਜੋ ਸ਼ਾਮ ਦਾ ਸਮਾਂ ਨੇੜੇ ਹੈ ਜੋ ਕੁਝ ਪੇਸ਼ ਕਰਨਾ ਹੈ ਉਹ ਵਾਰ ਵਾਰ ਦੇਖ ਲਓ ਅਜਿਹਾ ਨ ਹੋਵੇ ਕਿ ਕੁਝ ਰਹਿ ਜਾਵੇ ਅਤੇ ਨੁਕਸਾਨ ਦਾ ਸਬਬ ਹੋਵੇ ਜਾਂ ਸਾਰਾ ਗੰਦਾ ਤੇ ਖੋਟਾ ਮਾਲ ਹੋਵੇ ਜੋ ਸ਼ਾਹੀ ਦਰਬਾਰ ਵਿੱਚ ਪੇਸ਼ ਕਰਨ ਯੋਗ ਨ ਹੋਵੇ ।

ਮੈਂ ਸੁਣਿਆ ਹੈ ਕਿ ਤੁਹਾਡੇ ਵਿੱਚੋਂ ਕਈ ਹਦੀਸਾਂ ਨੂੰ ਉਕੱਾ ਹੀ ਨਹੀਂ ਮੰਨ੍ਹਦੇ, ਜੇਕਰ ਉਹ ਅਜਿਹਾ ਕਰਦੇ ਹਨ ਤਾਂ ਸਖ਼ਤ ਗ਼ਲਤੀ ਉਪੱਰ ਹਨ । ਮੈਂ ਇਹ ਸਿੱਖਿਆ ਨਹੀਂ ਦਿੱਤੀ ਕਿ ਇਉਂ ਕਰੋ ਸਗੋਂ ਮੇਰਾ ਧਰਮ ਹੈ ਕਿ ਤਿੰਨ ਚੀਜਾਂ ਹਨ, ਜੋ ਰੱਬ ਨੇ ਤੁਹਾਨੂੰ ਹਿਦਾਇਤ ਲਈ ਦਿੱਤੀਆਂ ਹਨ । ਸਭ ਤੋਂ ਪਹਿਲਾਂ ਕੁਰਆਨ ਕਰੀਮ ਹੈ[9] ਜਿਸ ਵਿੱਚ ਰੱਬ ਦੀ ਤੋਹੀਦ (ਇਕ ਈਸ਼ਵਰਵਾਦ),

[9] ਦੂਸਰਾ ਸਾਧਨ ਹਿਦਾਇਤ ਦਾ ਸੁਨੱਤ ਹੈ, ਅਰਥਾਤ ਉਹ ਪਾਕ ਨਮੂਨੇ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਕਰਮਾ ਤੇ ਅਮਲਾਂ ਨਾਲ ਕਰ ਦਿਖਾਏ । ਉਧਾਰਣ ਲਈ ਨਮਾਜ਼ ਪੜ੍ਹਕੇ ਦਿਖਾਈ ਕਿ ਇਉਂ ਨਮਾਜ਼ ਚਾਹੀਦੀ ਹੈ ਅਤੇ ਰੋਜ਼ਾ (ਵਰਤ) ਰੱਖਕੇ ਦਿਖਾਇਆ ਕਿ ਇਉਂ ਰੋਜ਼ਾ ਰੱਖੀਦਾ ਹੈ । ਇਸ ਦਾ ਨਾਂ ਸੁਨੱਤ ਹੈ । ਅਰਥਾਤ ਨਬੀ ਦੀਆਂ

ਜਲਾਲ ਅਤੇ ਅਜ਼ਮਤ (ਵੱਡਿਆਈ) ਦਾ ਵਰਨਣ ਹੈ ਅਤੇ ਜਿਸ ਵਿੱਚ ਉਹਨਾ ਮਤਿਭੇਦਾਂ ਦਾ ਫ਼ੈਸਲਾ ਕੀਤਾ ਗਿਆ ਹੈ ਜੋ ਯਹੂਦੀਆਂ ਤੇ ਇਸਾਈਆਂ ਵਿੱਚ ਸਨ। ਜਿਵੇਂ ਕਿ ਇਹ ਮਤਿਭੇਦ ਤੇ ਗ਼ਲਤੀ ਕਿ ਈਸਾ ਇਬਨੇ ਮਰਯੱਮ ਨੂੰ ਸਲੀਬ ਰਾਹੀਂ ਕਤਲ ਕੀਤਾ ਗਿਆ ਅਤੇ ਉਹ ਲਾਨ੍ਹਤੀ ਹੋਇਆ ਅਤੇ ਦੂਜੇ ਨਬੀਆਂ ਵਾਂਗ ਉਸ ਦਾ ਰਫ਼ਾਅ (ਮੁਕਤੀ) ਨਹੀਂ ਹੋਇਆ । ਇਸੇ ਪ੍ਰਕਾਰ ਕੁਰਆਨ ਕਰੀਮ ਵਿੱਚ ਮਨਾ ਕੀਤਾ ਗਿਆ ਹੈ ਕਿ ਰੱਬ ਤੋਂ ਬਿਨਾ ਕਿਸੇ ਦੀ ਇਬਾਦਤ ਨ ਕਰੋ, ਨ ਇਨਸਾਨ ਦੀ, ਨ ਹੈਵਾਨ ਦੀ, ਨ ਸੂਰਜ ਦੀ, ਨ ਚੰਨ੍ਹ ਦੀ ਅਤੇ ਨ ਕਿਸੇ ਹੋਰ ਤਾਰੇ ਦੀ ਅਤੇ ਨ ਹੀ ਅਸਬਾਬਾਂ ਦੀ ਅਤੇ ਨ ਹੀ ਆਪਣੇ ਨਫ਼ਸ ਦੀ । ਸੋ ਤੁਸੀਂ ਹੁਸ਼ਿਆਰ ਰਹੋ ਅਤੇ ਰੱਬ ਦੀ ਸਿੱਖਿਆ ਅਤੇ ਕੁਰਆਨ ਕਰੀਮ ਦੀ ਹਿਦਾਇਤ ਦੇ ਵਿਰੁਧ ਇਕ ਕਦਮ ਵੀ ਨ ਚੁੱਕੋ । ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਜੋ ਵਿਅਕਤੀ ਕੁਰਆਨ ਕਰੀਮ ਦੇ ਸੱਤ ਸੌ ਹੁਕਮਾ ਵਿੱਚੋਂ ਇਕ ਛੋਟੇ ਜਿਹੇ ਹੁਕਮ ਨੂੰ ਵੀ ਟਾਲਦਾ ਹੈ, ਉਹ ਮੁਕਤੀ ਦਾ ਦਰ ਆਪਣੇ ਲਈ ਆਪਣੇ ਹੱਥੀਂ ਬੰਦ ਕਰਦਾ ਹੈ । ਹਕੀਕੀ ਤੇ ਕਾਮਲ ਮੁਕਤੀ ਦੇ ਮਾਰਗ ਕੁਰਆਨ ਕਰੀਮ ਨੇ ਖੋਲੇ ਹਨ ਅਤੇ ਬਾਕੀ ਸਾਰੇ ਉਸਦੇ ਪ੍ਰਤੀਬਿੰਬ ਸਨ । ਸੋ, ਤੁਸੀਂ ਕੁਰਆਨ ਕਰੀਮ ਨੂੰ ਬਹੁਤ ਗ਼ੌਰ ਨਾਲ ਪੜ੍ਹੋ ਅਤੇ ਉਸ ਨਾਲ ਬਹੁਤ ਹੀ ਪ੍ਰੇਮ ਕਰੋ ਅਜਿਹਾ ਪ੍ਰੇਮ ਕਿ ਤੁਸੀਂ ਕਿਸੇ ਨਾਲ ਨ ਕੀਤਾ ਹੋਵੇ । ਕਿਉਂਕਿ ਜਿਵੇਂ ਕਿ ਰੱਬ ਨੇ ਮੈਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ 'ਅਲ ਖ਼ੈਰੁ ਕੁਲੁੱਹੂ ਫ਼ਿਲ ਕੁਰਆਨ' (اَلْخَيْرُ كُلُّهٗ فِى الْقُرْاٰنِ) ਕਿ ਸਾਰੀਆਂ ਖ਼ੂਬੀਆਂ ਕੁਰਆਨ ਕਰੀਮ ਵਿੱਚ ਹਨ । ਇਹੋ ਗੱਲ ਸੱਚੀ ਹੈ । ਦੁੱਖ ਹੈ ਉਹਨਾਂ ਲੋਕਾਂ'ਤੇ ਜੋ ਕਿਸੇ ਹੋਰ ਚੀਜ਼ ਨੂੰ

---

ਪੈੜਾਂ ਜੋ ਰੱਬ ਦੇ ਕਥਨਾ ਮੂਜਬ ਕਰਕੇ ਦਿਖਾਉਂਦੇ ਰਹੇ, ਸੁਨੱਤ ਇਸੇ ਦਾ ਨਾਂ ਹੈ । ਤੀਜਾ ਹਿਦਾਇਤ ਦਾ ਸਾਧਨ ਹਦੀਸਾਂ ਹਨ ਜੋ ਆਪ ਦੇ ਬਾਦ ਆਪਦੇ ਕਥਨ ਇਕਤੱਰ ਕੀਤੇ ਗਏ ਅਤੇ ਹਦੀਸਾਂ ਦਾ ਰੁਤਬਾ ਕੁਰਆਨ ਤੇ ਸੁਨੱਤ ਤੋਂ ਘੱਟ ਹੈ ਕਿਉਂਕਿ ਅਧਿਕਤਰ ਹਦੀਸਾਂ ਜ਼ੰਨੀ (ਸੰਭਾਵਤ) ਹਨ, ਪਰ ਜੇਕਰ ਸੁਨੱਤ ਨਾਲ ਹੋਵੇ ਤਾਂ ਉਹ ਉਸਨੂੰ ਯਕੀਨੀ ਕਰ ਦੇਵੇਗੀ । (ਲੇਖਕ)

ਇਸ’ਤੇ ਪ੍ਰਾਥਮਿਕ ਰਖੱਦੇ ਹਨ । ਤੁਹਾਡੀਆਂ ਸਾਰੀਆਂ ਸਫ਼ਲਤਾਵਾਂ ਅਤੇ ਮੁਕਤੀ ਦਾ ਸੋਮਾ ਕੁਰਆਨ ਕਰੀਮ ਵਿੱਚ ਹੈ, ਕੋਈ ਵੀ ਤੁਹਾਡੀ ਅਜਿਹੀ ਧਾਰਮਕ ਜ਼ਰੂਰਤ ਨਹੀਂ ਜੋ ਕੁਰਆਨ ਕਰੀਮ ਵਿੱਚ ਨ ਪਾਈ ਜਾਂਦੀ ਹੋਵੇ । ਤੁਹਾਡੇ ਇਮਾਨ ਦੇ ਸੱਚੇ ਜਾਂ ਝੂਠੇ ਹੋਣ ਦਾ ਪ੍ਰਮਾਣਕ ਕਯਾਮਤ ਦੇ ਦਿਨ ਕੁਰਆਨ ਕਰੀਮ ਹੀ ਹੈ ਅਤੇ ਕੁਰਆਨ ਕਰੀਮ ਤੋਂ ਬਿਨਾ ਅਕਾਸ਼ ਹੇਠ ਕੋਈ ਕਿਤਾਬ ਨਹੀਂ ਜੋ ਕੁਰਆਨ ਕਰੀਮ ਤੋਂ ਬਿਨਾ ਤੁਹਾਨੂੰ ਹਿਦਾਇਤ ਦੇ ਸਕੇ । ਰੱਬ ਨੇ ਤੁਹਾਡੇ’ਤੇ ਬਹੁਤ ਉਪਕਾਰ ਕੀਤਾ ਹੈ ਜੋ ਕੁਰਆਨ ਕਰੀਮ ਜਿਹੀ ਸੁਗਾਤ ਤੁਹਾਨੂੰ ਪ੍ਰਦਾਨ ਕੀਤੀ ਹੈ। ਮੈਂ ਤੁਹਾਨੂੰ ਸੱਚ ਸੱਚ ਕਹਿੰਦਾ ਹਾਂ ਕਿ ਉਹ ਕਿਤਾਬ ਜੋ ਤੁਹਾਡੇ’ਤੇ ਪੜ੍ਹੀ ਗਈ ਜੇਕਰ ਇਸਾਈਆਂ ਉਪੱਰ ਪੜ੍ਹੀ ਜਾਂਦੀ ਤਾਂ ਉਹ ਹਲਾਕ ਨ ਹੁੰਦੇ ਅਤੇ ਇਹ ਨੇਮਤ ਤੇ ਹਿਦਾਇਤ ਜੋ ਤੁਹਾਨੂੰ ਦਿੱਤੀ ਗਈ ਜੇਕਰ ਬਜਾਏ ਤੌਰਾਤ ਦੇ ਯਹੂਦੀਆਂ ਨੂੰ ਦਿੱਤੀ ਜਾਂਦੀ ਤਾਂ ਕਈ ਫ਼ਿਰਕੇ ਕਯਾਮਤ ਤੋਂ ਇਨਕਾਰੀ ਨ ਹੁੰਦੇ । ਸੋ, ਇਸ ਨੇਮਤ ਦੀ ਕਦਰ ਕਰੋ ਜੋ ਤੁਹਾਨੂੰ ਦਿੱਤੀ ਗਈ ਹੈ । ਇਹ ਅਤਿਅੰਤ ਪਿਆਰੀ ਨੇਮਤ ਹੈ, ਇਹ ਬਹਤੁ ਵੱਡੀ ਦੌਲਤ ਹੈ, ਜੇਕਰ ਕੁਰਆਨ ਨ ਆਉਦਾ ਤਾਂ ਸਾਰੀ ਦੁਨੀਆ ਇਕ ਗੰਦੇ ਲੋਥੜੇ ਵਾਂਗ ਸੀ, ਕੁਰਆਨ ਉਹ ਕਿਤਾਬ ਹੈ ਜਿਸ ਦੇ ਮੁਕਾਬਲੇ ਵਿੱਚ ਸਾਰੇ ਸੁਮਾਰਗ ਨੀਵੇਂ ਹਨ । ਇੰਜੀਲ ਲਿਆਉਣ ਵਾਲਾ ਉਹ ਰੂਹੁਲ ਕੁਦੁਸ ਸੀ ਜੋ ਕਬੂਤਰ ਦੀ ਸ਼ਕਲ ਵਿੱਚ ਪ੍ਰਕਟ ਹੋਇਆ ਜੋ ਇਕ ਮਾੜਾ ਤੇ ਕਮਜ਼ੋਰ ਪੰਛੀ ਹੈ ਜਿਸ ਨੂੰ ਬਿੱਲੀ ਫੜ ਸਕਦੀ ਹੈ ਇਸੇ ਲਈ ਇਸਾਈ ਦਿਨ ਪ੍ਰਤੀਦਿਨ ਕਮਜ਼ੋਰੀ ਦੀ ਖੱਡ ਵਿੱਚ ਡਿਗੱਦੇ ਗਏ ਅਤੇ ਆਤਮਕਤਾ ਉਹਨਾਂ ਵਿੱਚ ਬਾਕੀ ਨਹੀਂ ਰਹੀ । ਕਿਉਂਕਿ ਉਹਨਾ ਦੇ ਇਮਾਨ ਦਾ ਸਾਰਾ ਭਾਰ ਕਬੂਤਰ ਉਪੱਰ ਸੀ, ਪਰ ਕੁਰਆਨ ਦਾ ਰੂਹੁਲਕੁਦੁਸ (ਪਵਿੱਤਰ ਆਤਮਾ) ਇਸ ਮਹਾਨਤਾ ਨਾਲ ਪ੍ਰਕਟ ਹੋਇਆ ਸੀ ਜਿਸ ਨੇ ਧਰਾਤਲ ਤੋਂ ਲੈਕੇ ਆਕਾਸ਼ ਤੱਕ ਆਪਣੀ ਹੋਂਦ ਨਾਲ ਸਾਰੀ ਧਰਤੀ ਤੇ ਅਕਾਸ਼ ਨੂੰ ਭਰ ਦਿੱਤਾ ਸੀ । ਸੋ, ਕਿੱਥੇ ਉਹ ਕਬੂਤਰ ਅਤੇ ਕਿੱਥੇ ਇਹ ਮਹਾਨ ਚਮਤਕਾਰ ਜਿਸ ਦਾ ਕੁਰਆਨ ਕਰੀਮ ਵਿੱਚ ਵੀ ਵਰਨਣ ਹੈ ਕੁਰਆਨ ਇਕ ਹਫ਼ਤੇ ਵਿੱਚ ਮਨੁੱਖ ਨੂੰ ਪਾਕ ਕਰ ਸਕਦਾ

ਹੈ ਜੇਕਰ ਜ਼ਾਹਿਰੀ ਜਾਂ ਅਰਥਾਂ ਵਿੱਚ ਮਤਿਭੇਦ ਨ ਹੋਵੇ । ਕੁਰਆਨ ਕਰੀਮ ਤੁਹਾਨੂੰ ਨਬੀਆਂ ਵਾਂਗ ਕਰ ਸਕਦਾ ਹੈ ਜੇਕਰ ਤੁਸੀਂ ਆਪ ਉਸ ਤੋਂ ਨ ਭੱਜੋ । ਸਿਵਾਏ ਕੁਰਆਨ ਕਰੀਮ ਦੇ ਕਿਹੜੀ ਕਿਤਾਬ ਨੇ ਆਪਣੇ ਅਰੰਭ ਵਿੱਚ ਹੀ ਪੜ੍ਹਨ ਵਾਲਿਆਂ ਨੂੰ ਇਹ ਦੁਆ ਸਿਖਾਈ ਅਤੇ ਇਹ ਆਸ਼ਾ ਦਿੱਤੀ ਕਿ :

اھْدِنَا الصِّرَاطَ الْمُسْتَقِيْمَ 0 صِرَاطَ الَّذِيْنَ أَنْعَمْتَ عَلَيْهِمْ (الفاتحة 6-7)

'ਇਹਦਿਨਸ ਸਿਰਾਤਲ ਮੁਸਤਕੀਮਾ ਸਿਰਾਤਲ ਲਜ਼ੀਨਾ ਅਨਅਮਤਾ ਅਲੈਹਿਮ' (ਸੂਰਤ ਫ਼ਾਤਿਹਾ 6–7)

ਅਰਥਾਤ ਸਾਨੂੰ ਆਪਣੀਆਂ ਉਹਨਾ ਨੇਮਤਾਂ ਦਾ ਮਾਰਗ ਦਿਖਾ ਜੋ ਪਹਿਲਿਆਂ ਨੂੰ ਦਿਖਾਇਆ ਗਿਆ। ਜੋ ਨਬੀ ਤੇ ਰਸੂਲ, ਸਿੱਦੀਕ (ਸੱਚਿਆਰ), ਸ਼ਹੀਦ ਅਤੇ ਭਲੇਪੁਰਖ (ਨੇਕ) ਸਨ । ਸੋ, ਆਪਣੇ ਹੌਂਸਲੇ ਬੁਲੰਦ ਕਰ ਲਓ ਅਤੇ ਕੁਰਆਨ ਕਰੀਮ ਦੀ ਦਾਅਵਤ (ਸੱਦੇ) ਨੂੰ ਰੱਦ ਨ ਕਰੋ ਕਿ ਉਹ ਤੁਹਾਨੂੰ ਉਹ ਨੇਮਤਾਂ ਦੇਣਾ ਚਾਹੁੰਦਾ ਹੈ ਜੋ ਪਹਿਲੇ ਲੋਕਾਂ ਨੂੰ ਦਿੱਤੀਆਂ ਸਨ । ਕੀ ਉਸਨੇ ਬਨੀ ਇਸਰਾਈਲ ਦਾ ਦੇਸ਼ ਤੇ ਬਨੀ ਇਸਰਾਈਲ ਦਾ ਬੈਅਤੁਲ ਮੁਕਦੱਸ ਤੁਹਾਨੂੰ ਪ੍ਰਦਾਨ ਨਹੀਂ ਕੀਤਾ ਜੋ ਅੱਜ ਤੱਕ ਤੁਹਾਡੇ ਕਬਜ਼ੇ ਵਿੱਚ ਹੈ । ਸੋ, ਹੇ ! ਸੁਸਤ ਆਸਥਾ ਰਖੱਣ ਵਾਲਿਓ ਅਤੇ ਘੱਟ ਹੌਂਸਲੇ ਵਾਲਿਓ ਕੀ ਤੁਹਾਨੂੰ ਇਹ ਖ਼ਿਆਲ ਹੈ ਕਿ ਤੁਹਾਡੇ ਰੱਬ ਨੇ ਸ਼ਰੀਰਕ ਰੂਪ ਵਿੱਚ ਤਾਂ ਬਨੀ ਇਸਰਾਈਲ ਦੀ ਸਾਰੀ ਧੰਨ ਦੌਲਤ ਦਾ ਤੁਹਾਨੂੰ ਉਤੱਰਾਧਿਕਾਰੀ ਕਰ ਦਿਤੱਾ ਪਰ ਰੂਹਾਨੀ ਤੌਰ'ਤੇ ਤੁਹਾਨੂੰ ਉਤੱਰਾਧਿਕਾਰੀ ਨ ਕਰ ਸਕਿਆ, ਸਗੋਂ ਰੱਬ ਦਾ ਤੁਹਾਡੇ ਬਾਰੇ ਇਹਨਾ ਤੋਂ ਬਹੁਤਾ ਲਾਭ ਪਹੁਚੰਾਉਣ ਦਾ ਨਿਸ਼ਚਾ ਹੈ । ਰੱਬ ਨੇ ਉਹਨਾਂ ਦੀ ਰੂਹਾਨੀ ਭੌਤਕ ਸੰਪਤੀ ਦਾ ਤੁਹਾਨੂੰ ਵਾਰਸ ਬਣਾਇਆ ਪਰ ਤੁਹਾਡਾ ਵਾਰਸ ਕੋਈ ਦੂਜਾ ਨਹੀਂ ਹੋਵੇਗਾ ਜੱਦ ਤੱਕ ਕਿ ਕਯਾਮਤ ਆ ਜਾਵੇ । ਰੱਬ ਤੁਹਾਨੂੰ ਅਕਾਸ਼ਵਾਣੀ ਦੀ ਨੇਮਤ, ਇਲਹਾਮ, ਇਲਾਹੀ ਕਲਾਮ ਅਤੇ ਇਲਾਹੀ ਸੰਬੋਧਨਾ ਤੋਂ ਉਕੱਾ ਵੀ ਵਾਂਝਿਆਂ ਨਹੀਂ ਰੱਖੇਗਾ, ਉਹ ਤੁਾਹਾਡੇ ਉਪੱਰ ਸਾਰੀਆਂ ਨੇਮਤਾਂ ਪੂਰੀ ਕਰੇਗਾ ਜੋ ਪਹਿਲਿਆਂ ਨੂੰ ਦਿੱਤੀਆ ਗਈਆਂ । ਪਰ ਜੋ ਵਿਅਕਤੀ ਗੁਸਤਾਖੀ ਦੇ ਮਾਰਗ ਰਾਹੀਂ ਰੱਬ'ਤੇ ਝੂਠ ਬੰਨ੍ਹੇਗਾ ਅਤੇ ਕਹੇਗਾ ਕਿ ਰੱਬ ਦੀ ਵਹੀ (ਬਾਣੀ) ਮੇਰੇ

ਉਪੱਰ ਨਾਜ਼ਲ ਹੋਈ ਹੈ ਜੱਦ ਕਿ ਨਾਜ਼ਲ ਨਹੀਂ ਹੋਈ ਅਤੇ ਜਾਂ ਇਹ ਕਹੇਗਾ ਕਿ ਮੈਂਨੂੰ ਇਲਾਹੀ ਕਲਾਮ ਦੇ ਸੰਬੋਧਨ ਦਾ ਨਸੀਬ ਪ੍ਰਾਪਤ ਹੋਇਆ ਹੈ ਹਾਲਾਂਕਿ ਨਹੀਂ ਪ੍ਰਾਪਤ ਹੋਇਆ ਤਾਂ ਮੈਂ ਰੱਬ ਅਤੇ ਉਸ ਦੇ ਫ਼ਰਿਸ਼ਤਿਆਂ ਨੂੰ ਗਵਾਹ ਰਖੱਕੇ ਕਹਿੰਦਾ ਹਾਂ ਕਿ ਉਹ ਹਲਾਕ ਕੀਤਾ ਜਾਏਗਾ ਕਿਉਂਕਿ ਉਸ ਨੇ ਆਪਣੇ ਖ਼ਾਲਕ ਬਾਰੇ ਝੂਠ ਘੜਿਆ, ਧੋਖਾ ਕੀਤਾ, ਸ਼ਖਤ ਨਿਰਲਜੱਤਾ ਵਿਖਾਈ ਅਤੇ ਸ਼ੇਖ਼ੀ ਪ੍ਰਕਟ ਕੀਤੀ । ਸੋ, ਤੁਸੀਂ ਇਸ ਮੁਕਾਮ ਤੋਂ ਡਰੋ । ਲਾਨ੍ਹਤ ਹੈ ਉਹਨਾ ਲੋਕਾਂ'ਤੇ ਜੋ ਝੂਠੇ ਸੁਪਨੇ ਬਣਾਉਂਦੇ ਹਨ ਅਤੇ ਝੂਠੇ ਕਲਾਮ ਤੇ ਸੰਬੋਧਨ ਦਾ ਦਾਵਾ ਕਰਦੇ ਹਨ। ਸੰਭਵਤਾ ਉਹ ਮਨ ਹੀ ਮਨ ਵਿਚਾਰ ਕਰਦੇ ਹਨ ਕਿ ਰੱਬ ਨਹੀਂ ਹੈ, ਪਰ ਰੱਬ ਦਾ ਅਜ਼ਾਬ (ਪ੍ਰਕੋਪ) ਉਹਨਾਂ ਨੂੰ ਫੜੇਗਾ ਅਤੇ ਉਹਨਾਂ ਦੇ ਭੈੜੇ ਦਿਨ ਉਹਨਾ ਤੋਂ ਟਲ ਨਹੀਂ ਸਕਦੇ । ਸੋ, ਤੁਸੀਂ ਸਚੱਾਈ, ਸੁਮਾਰਗ, ਸੰਜਮਤਾ ਤੇ ਇਲਾਹੀ ਪ੍ਰੇਮ ਵਿੱਚ ਤਰੱਕੀ ਕਰੋ ਅਤੇ ਆਪਣਾ ਕੰਮ ਇਹੋ ਜਾਣੋ ਜੱਦ ਤੱਕ ਜੀਵਨ ਹੈ, ਫਿਰ ਰੱਬ ਤੁਹਾਡੇ ਵਿੱਚੋਂ ਜਿਸ ਬਾਰੇ ਚਾਹੇਗਾ ਉਸ ਨੂੰ ਆਪਣੇ ਕਲਾਮ ਤੇ ਸੰਬੋਧਨ ਨਾਲ ਵੀ ਨਿਵਾਜ਼ੇਗਾ ਤੁਹਾਨੂੰ ਅਜਿਹੀ ਆਸ਼ਾ ਵੀ ਨਹੀਂ ਕਰਨੀ ਚਾਹੀਦੀ ਕਿਤੇ ਅਜਿਹਾ ਨ ਹੋਵੇ ਕਿ ਮਨੁੱਖੀ ਇੱਛਿਆ ਦੇ ਸਬਬ ਸ਼ੈਤਾਨੀ ਲੜੀ ਅਰੰਭ ਹੋ ਜਾਏ ਜਿਸ ਤੋਂ ਕਈ ਲੋਕ ਹਲਾਕ ਹੋ ਜਾਂਦੇ ਹਨ । ਸੋ, ਤੁਸੀਂ ਸੇਵਾ ਤੇ ਇਬਾਦਤ ਵਿੱਚ ਲੱਗੇ ਰਹੋ । ਤੁਹਾਡੇ ਸਾਰੇ ਜਤਨ ਇਸੇ ਵਿੱਚ ਲੱਗੇ ਹੋਣੇ ਚਾਹੀਦੇ ਹਨ ਕਿ ਤੁਸੀਂ ਰੱਬ ਦੇ ਸਾਰੇ ਆਦੇਸ਼ਾਂ ਦੇ ਪਾਬੰਦ ਹੋ ਜਾਓ ਅਤੇ ਵਿਸ਼ਵਾਸ ਵਿੱਚ ਤਰੱਕੀ ਚਾਹੋ, ਮੁਕਤੀ ਲਈ ਨ ਕਿ ਇਲਹਾਮ ਦੀ ਪ੍ਰਦਰਸ਼ਨੀ ਲਈ, ਕੁਰਆਨ ਸ਼ਰੀਫ਼ ਨੇ ਤੁਹਾਡੇ ਲਈ ਬਹੁਤ ਪਾਕ ਆਦੇਸ਼ ਲਿਖੇ ਹਨ ਜਿੰਨ੍ਹਾ ਵਿੱਚੋਂ ਇਕ ਇਹ ਹੈ ਕਿ ਤੁਸੀਂ ਸ਼ਿਰਕ (ਅਨੇਕ ਈਸ਼ਵਰਵਾਦ) ਤੋਂ ਪੂਰੀ ਤਰ੍ਹਾਂ ਪਰਹੇਜ਼ ਕਰੋ ਕਿ ਮੁਸ਼ਰਕ ਮੁਕਤੀ ਦੇ ਸੋਮੇ ਤੋਂ ਬੇਨਸੀਬ ਹੈ । ਤੁਸੀਂ ਝੂਠ ਨ ਬੋਲੋ ਕਿ ਝੂਠ ਵੀ ਇਕ ਭਾਗ ਸ਼ਿਰਕ ਹੈ । ਕੁਰਆਨ ਤੁਹਾਨੂੰ ਇੰਜੀਲ ਵਾਂਗ ਇਹ ਨਹੀਂ ਕਹਿੰਦਾ ਕਿ ਕੇਵਲ ਬਦਨਜ਼ਰੀ ਤੇ ਕਾਮਵਾਸਨਾ ਦੀ ਨਿਗਾਹ ਨਾਲ ਇਸਤਰੀਆਂ ਨੂੰ ਨ ਦੇਖ ਅਤੇ ਇਹਨਾ ਤੋਂ ਬਿਨਾ ਦੇਖਣਾ ਹਲਾਲ ਹੈ, ਸਗੋਂ ਉਹ ਕਹਿੰਦਾ ਹੈ ਕਿ ਉਕੱਾ ਹੀ ਨ

ਦੇਖ, ਨ ਬੁਰੀ ਨਜ਼ਰ ਨਾਲ ਅਤੇ ਨ ਨੇਕ ਨਜ਼ਰ ਨਾਲ, ਕਿ ਇਹ ਸਭ ਠੋਕਰ ਖਾਣ ਦੀ ਥਾਂ ਹੈ, ਸਗੋਂ ਚਾਹੀਦਾ ਹੈ ਕਿ ਓਪਰੀਆਂ ਇਸਤਰੀਆਂ ਦੇ ਮੁਕਾਬਲੇ ਵਿੱਚ ਤੇਰੀਆਂ ਅਖੱਾਂ ਨੀਵੀਂਆਂ ਰਹਿਣ । ਤੈਨੂੰ ਉਸ ਦੀ ਸੂਰਤ ਦੀ ਕੁਝ ਵੀ ਖ਼ਬਰ ਨ ਹੋਵੇ ਪਰੰਤੂ ਉਹਨਾਂ ਹੀ ਜਿੰਨ੍ਹਾ ਇਕ ਧੁੰਧਲੀ ਦ੍ਰਿਸ਼ਟੀ ਨਾਲ (ਅਖੱਾਂ'ਚੋਂ ਪਾਣੀ ਕਿਰਨ ਦੇ ਅਰੰਭਕ ਰੋਗ ਵਿੱਚ) ਮਨੁੱਖ ਦੇਖਦਾ ਹੈ । ਕੁਰਆਨ ਤੁਹਾਨੂੰ ਇੰਜੀਲ ਵਾਂਗ ਇਹ ਨਹੀਂ ਕਹਿੰਦਾ ਕਿ ਐਨ੍ਹੀ ਸ਼ਰਾਬ ਨ ਪੀਓ ਕਿ ਮਸਤ ਹੋ ਜਾਓ ਸਗੋਂ ਕਹਿੰਦਾ ਹੈ ਕਿ ਉੱਕਾ ਹੀ ਨ ਪੀਓ ਵਰਨਾ ਤੈਨੂੰ ਰੱਬ ਦਾ ਮਾਰਗ ਨਹੀਂ ਮਿਲੇਗਾ ਅਤੇ ਰੱਬ ਤੈਥੋਂ ਕਲਾਮ ਨਹੀਂ ਕਰੇਗਾ ਅਤੇ ਨ ਹੀ ਗੰਦਗੀਆਂ ਤੋਂ ਪਾਕ ਕਰੇਗਾ ਅਤੇ ਉਹ ਕਹਿੰਦਾ ਹੈ ਕਿ ਇਹ ਸ਼ੈਤਾਨ ਦੀ ਕਾਢ ਹੈ ਤੁਸੀਂ ਇਸ ਤੋਂ ਬਚੋ। ਕੁਰਆਨ ਤੁਹਾਨੂੰ ਇੰਜੀਲ ਵਾਂਗ ਕੇਵਲ ਇਹ ਨਹੀਂ ਕਹਿੰਦਾ ਕਿ ਆਪਣੇ ਭਰਾ'ਤੇ ਅਜਾਂਈ ਗੁਸੱਾ ਨ ਕਰ ਸਗੋਂ ਕਹਿੰਦਾ ਹੈ ਕਿ ਨ ਕੇਵਲ ਆਪਣੇ ਹੀ ਗੁੱਸੇ ਨੂੰ ਵੱਸ ਵਿੱਚ ਕਰ ਸਗੋਂ (البلد18) وَتَوَاصَوۡا بِالۡمَرۡحَمَةِ ਇਸ ਉਪੱਰ ਅਮਲ ਵੀ ਕਰ ਅਤੇ ਦੂਜਿਆਂ ਨੂੰ ਵੀ ਕਹਿੰਦਾ ਰਹਿ ਕਿ ਅਜਿਹਾ ਕਰਨ ਅਤੇ ਨ ਕੇਵਲ ਆਪ ਰਹਿਮ ਕਰੇ ਸਗੋਂ ਰਹਿਮ ਲਈ ਆਪ ਸਾਰਿਆਂ ਭਰਾਵਾਂ ਨੂੰ ਵਸੀਯੱਤ ਵੀ ਕਰ ਅਤੇ ਕੁਰਆਨ ਤੁਹਾਨੂੰ ਇੰਜੀਲ ਵਾਂਗ ਇਹ ਨਹੀਂ ਕਹਿੰਦਾ ਕਿ ਸਿਵਾਏ ਜ਼ਿਨਾ (ਵਿਭਚਾਰ) ਦੇ ਆਪਣੀ ਪਤਨੀ ਦੀਆਂ ਸਾਰੀਆਂ ਬੁਰਾਈਆਂ ਉਪੱਰ ਸਬਰ ਕਰ ਅਤੇ ਤਲਾਕ ਨ ਦੇ ਸਗੋਂ ਕਹਿੰਦਾ ਹੈ ਕਿ (النور 27) وَالطَّيِّبَاتُ لِلطَّيِّبِيۡنَ ਕੁਰਆਨ ਕਰੀਮ ਦਾ ਇਹ ਮੰਤਵ ਹੈ ਕਿ ਨਾਪਾਕ ਪਾਕ ਨਾਲ ਨਹੀਂ ਰਹਿ ਸਕਦਾ। ਸੋ, ਜੇਕਰ ਤੇਰੀ ਪਤਨੀ ਵਿਭਚਾਰ ਤਾਂ ਨਹੀਂ ਕਰਦੀ ਪਰ ਕਾਮਵਾਸਨਾ ਦੀ ਦ੍ਰਿਸ਼ਟੀ ਨਾਲ ਹੋਰਨਾ ਲੋਕਾਂ ਨੂੰ ਦੇਖਦੀ ਹੈ ਅਤੇ ਉਹਨਾਂ ਨੂੰ ਗਲਵਕੜੀ ਪਾਉਂਦੀ ਹੈ ਅਤੇ ਵਿਭਚਾਰ ਦੇ ਲਛੱਣ ਪ੍ਰਗਟ ਹੁੰਦੇ ਹਨ, ਭਾਂਵੇ ਅਜੇ ਪੂਰਨ ਨਹੀਂ ਹੋਏ ਅਤੇ ਗ਼ੈਰ ਨੂੰ ਆਪਣਾ ਨੰਗਪੁਣਾ ਦਿਖਾ ਦਿੰਦੀ ਹੈ ਅਤੇ ਮੁਸ਼ਰਕ ਤੇ ਫ਼ਸਾਦੀ ਹੈ ਅਤੇ ਜਿਸ ਪਾਕ ਰੱਬ ਉਪੱਰ ਤੂੰ ਇਮਾਨ ਰਖੱਦਾ ਹੈਂ ਉਹ ਉਸ ਤੋਂ ਉਕੱਾ ਹੀ ਤੰਗ ਰਹੇ ਤਾਂ ਜੇਕਰ ਉਹ ਬਾਜ਼ ਨ ਆਏ ਤਾਂ ਤੂੰ ਉਸ ਨੂੰ ਤਲਾਕ ਦੇ ਸਕਦਾ ਹੈ

ਕਿਉਂਕਿ ਉਹ ਆਪਣੇ ਕਰਮਾ ਕਰਕੇ ਤੈਥੋਂ ਅੱਡ ਹੋ ਗਈ । ਹੁਣ ਉਹ ਤੇਰੇ ਸ਼ਰੀਰ ਦਾ ਅੰਗ ਨਹੀਂ ਰਹੀ । ਸੋ, ਹੁਣ ਤੇਰੇ ਲਈ ਉਚਿਤ ਨਹੀਂ ਹੈ ਕਿ ਤੂੰ ਦਯੂੱਸਾਂ ਵਾਂਗ ਉਸ ਨਾਲ ਜੀਵਨ ਬਤੀਤ ਕਰੇਂ ਕਿਉਂਕਿ ਹੁਣ ਉਹ ਤੇਰੇ ਸ਼ਰੀਰ ਦਾ ਅੰਗ ਨਹੀਂ ਇਕ ਗੰਦਾ ਤੇ ਸੜਿਆ ਅੰਗ ਹੈ ਜੋ ਕਟੱਣ ਯੋਗ ਹੈ । ਅਜਿਹਾ ਨ ਹੋਵੇ ਕਿ ਉਹ ਬਾਕੀ ਦੇ ਅੰਗਾ ਨੂੰ ਵੀ ਗੰਦਿਆਂ ਕਰ ਦੇਵੇ ਅਤੇ ਤੂੰ ਮਰ ਜਾਏਂ । ਕੁਰਆਨ ਕਰੀਮ ਤੁਹਾਨੂੰ ਇੰਜੀਲ ਵਾਂਗ ਇਹ ਨਹੀਂ ਕਹਿੰਦਾ ਕਿ ਉਕੱਾ ਹੀ ਸਹੁੰ ਨ ਖਾਓ, ਸਗੋਂ ਬੇਹੂਦਾ ਸਹੁੰਆਂ ਤੋਂ ਤੁਹਾਨੂੰ ਰੋਕਦਾ ਹੈ ਕਿਉਂਕਿ ਕਈ ਅਵਸਥਾਵਾਂ ਵਿੱਚ ਸਹੁੰ ਫ਼ੈਸਲੇ ਦਾ ਇਕ ਸਾਧਨ ਹੈ ਅਤੇ ਰੱਬ ਕਿਸੇ ਸਬੂਤਾਂ ਦੇ ਸਾਧਨ ਨੂੰ ਨਸ਼ਟ ਨਹੀਂ ਕਰਨਾ ਚਾਹੁੰਦਾ ਕਿਉਂਕਿ ਇਸ ਤੋਂ ਉਸ ਦਾ ਬੋਧ ਨਸ਼ਟ ਨਹੀਂ ਹੁੰਦਾ । ਇਹੋ ਸੁਭਾਵਕ ਹੈ ਕਿ ਜੱਦ ਕੋਈ ਮਨੁੱਖ ਕਿਸੇ ਵਿਵਾਦਤ ਮਾਮਲੇ ਵਿੱਚ ਗਵਾਹੀ ਨ ਦੇਵੇ ਤਾਂ ਫ਼ੈਸਲਾ ਕਰਨ ਲਈ ਰੱਬੀ ਗਵਾਹੀ ਦੀ ਹੀ ਲੋੜ ਹੈ । ਸਹੁੰ ਰੱਬ ਨੂੰ ਗਵਾਹ ਠਹਿਰਾਉਣਾ ਹੈ । ਕੁਰਆਨ ਤੁਹਾਨੂੰ ਇੰਜੀਲ ਵਾਂਗ ਇਹ ਨਹੀਂ ਕਹਿੰਦਾ ਕਿ ਹਰ ਇਕ ਥਾਂ ਜ਼ਾਲਮ ਦਾ ਮੁਕਾਬਲਾ ਨ ਕਰਨਾ ਸਗੋਂ ਕਹਿੰਦਾ ਹੈ :

وَجَزَاءُ سَيِّئَةٍ سَيِّئَةٌ مِّثْلُهَا فَمَنْ عَفَا وَأَصْلَحَ فَأَجْرُهُ عَلَى اللَّهِ ۔ (الشورى 41)

ਵ ਜਜ਼ਾਉ ਸੱਯਿਆਤਿਨ ਸੱਯਿਆਤੁਨ ਮਿਸਲੁਹਾ ਫ਼ਮਨ ਅਫ਼ਾ ਵ ਅਸਲਾਹਾ ਫ਼ ਅਜਰੁਹੂ ਅਲਲੱਾਹਿ (ਸੂਰਤ ਸ਼ੂਰਾ 41)

ਅਰਥਾਤ ਬਦੀ ਦਾ ਬਦਲਾ ਉਨ੍ਹੀ ਹੀ ਬਦੀ ਹੈ ਜੋ ਕੀਤੀ ਗਈ ਪਰ ਜੋ ਵਿਅਕਤੀ ਖਿਮਾ ਕਰੇ ਅਤੇ ਪਾਪ ਬਖ਼ਸ਼ ਦੇਵੇ ਅਤੇ ਉਸ ਖਿਮਾ ਨਾਲ ਸੁਧਾਰ ਹੁੰਦਾ ਹੋਵੇ ਨ ਕਿ ਖ਼ਰਾਬੀ ਤਾਂ ਰੱਬ ਉਸ ਤੋਂ ਰਾਜ਼ੀ ਹੈ ਅਤੇ ਉਸ ਨੂੰ ਉਸਦਾ ਬਦਲਾ ਦੇਵੇਗਾ । ਸੋ, ਕੁਰਆਨ ਕਰੀਮ ਅਨੁਸਾਰ ਨ ਹਰ ਥਾਂ ਬਦਲਾ ਲੈਂਣਾ ਉਸਤਤ ਯੋਗ ਹੈ ਅਤੇ ਨ ਹਰ ਥਾਂ ਖਿਮਾ ਕਰਨਾ ਸ਼ਲਾਘਾ ਯੋਗ ਹੈ ਸਗੋਂ ਮੌਕੇ ਮਹਲ ਅਨੁਸਾਰ ਫ਼ੈਸਲੇ ਕਰਨੇ ਚਾਹੀਦੇ ਹਨ ਅਤੇ ਚਾਹੀਦਾ ਹੈ ਕਿ ਬਦਲਾ ਤੇ ਮੁਆਫ਼ ਕਰਨਾ ਮੌਕੇ ਅਨੁਸਾਰ ਤੇ ਹਿਤੈਸ਼ੀ ਹੋਵੇ, ਨ ਕਿ ਬੇਕੈਦੀ ਜਾਂ ਅਭੜਵਾਹੇ ਦੇ ਰੂਪ ਵਿੱਚ, ਇਹੋ ਕੁਰਆਨ ਕਰੀਮ ਦਾ ਮੰਤਵ ਹੈ ਅਤੇ ਕੁਰਆਨ ਕਰੀਮ ਇੰਜੀਲ ਵਾਂਗ ਇਹ ਨਹੀਂ ਕਹਿੰਦਾ ਕਿ ਆਪਣੇ ਦੁਸ਼ਮਣਾ ਨਾਲ ਪ੍ਰੇਮ ਕਰੋ ਸਗੋਂ

ਇਹ ਕਹਿੰਦਾ ਹੈ ਕਿ ਭੌਤਕ ਰੂਪ ਵਿੱਚ ਤੇਰਾ ਕੋਈ ਵੀ ਦੁਸ਼ਮਣ ਨ ਹੋਵੇ ਅਤੇ ਤੇਰੀ ਹਮਦਰਦੀ ਹਰ ਇਕ ਲਈ ਆਮ ਹੋਵੇ ਪਰ ਜੋ ਤੇਰੇ ਰੱਬ ਦਾ ਦੁਸ਼ਮਣ ਹੈ ਤੇਰੇ ਰਸੂਲ ਦਾ ਦੁਸ਼ਮਣ ਹੈ ਅਤੇ ਰੱਬ ਦੀ ਕਿਤਾਬ ਦਾ ਦੁਸ਼ਮਣ ਹੈ, ਉਹੋ ਤੇਰਾ ਦੁਸ਼ਮਣ ਹੋਵੇਗਾ, ਸੋ, ਤੂੰ ਅਜਿਹਿਆਂ ਨੂੰ ਵੀ ਦਾਅਵਤ ਤੇ ਦੁਆ ਤੋਂ ਮਹਿਰੂਮ ਨ ਰੱਖ ਅਤੇ ਚਾਹੀਦਾ ਹੈ ਕਿ ਤੂੰ ਉਹਨਾ ਦੇ ਕਰਮਾ ਤੋਂ ਦੁਸ਼ਮਣੀ ਰੱਖੇ ਨ ਕਿ ਉਹਨਾਂ ਦੀ ਵਿਅਕਤੀਗੱਤ ਜੀਵਨ ਤੋਂ ਅਤੇ ਜਤਨ ਕਰੇ ਕਿ ਉਹ ਦੁਰੁਸਤ ਹੋ ਜਾਣ ਅਤੇ ਇਸ ਬਾਰੇ ਇਹ ਫ਼ਰਮਾਉਂਦਾ ਹੈ :

إِنَّ اللّٰهَ يَأْمُرُ بِالْعَدْلِ وَالْإِحْسَانِ وَإِيتَاءِ ذِي الْقُرْبٰى۔ (النحل 91)

ਇਨਲੱਾਹਾ ਯਾਮੁਰੁ ਬਿਲਅਦਲਿ ਵਲ ਇਹਸਾਨਿ ਵ ਈਤਾਇਜ਼ਿਲ ਕੁਰਬਾ (ਨਹਲ 91)

ਅਰਥਾਤ ਖ਼ੁਦਾ ਤੁਹਾਥੋਂ ਕੀ ਚਾਹੁੰਦਾ ਹੈ, ਕੇਵਲ ਇਹੋ ਕਿ ਤੁਸੀਂ ਸਾਰਿਆਂ ਮਨੁਖੱਾਂ ਨਾਲ ਨਿਆਂ ਨਾਲ ਪੇਸ਼ ਆਇਆ ਕਰੋ ਫਿਰ ਇਸ ਤੋਂ ਵਧੱਕੇ ਇਹ ਹੈ ਕਿ ਉਹਨਾ ਨਾਲ ਵੀ ਨੇਕੀ ਕਰੋ ਜਿੰਨ੍ਹਾ ਨੇ ਤੁਹਾਡੇ ਨਾਲ ਕੋਈ ਨੇਕੀ ਨਹੀਂ ਕੀਤੀ । ਫਿਰ ਇਸ ਤੋਂ ਵੀ ਵਧੱਕੇ ਇਹ ਹੈ ਕਿ ਤੁਸੀਂ ਰੱਬ ਦੀ ਮਖ਼ਲੂਕ ਨਾਲ ਅਜਿਹੀ ਹਮਦਰਦੀ ਨਾਲ ਪੇਸ਼ ਆਓ ਕਿ ਸੰਭਵਤਾ ਤੁਸੀਂ ਉਸਦੇ ਹਕੀਕੀ ਰਿਸ਼ਤੇਦਾਰ ਹੋ ਜਿਵੇਂ ਕਿ ਮਾਂਵਾਂ ਆਪਣਿਆ ਬੱਚਿਆਂ ਨਾਲ ਪੇਸ਼ ਆਉਂਦੀਆਂ ਹਨ ਕਿਉਂਕਿ ਇਹਸਾਨ (ਉਪਕਾਰ) ਵਿੱਚ ਸਵੈਪ੍ਰਦਰਸ਼ਨ ਦਾ ਮਾਦਾ ਵੀ ਲੁਕਿਆ ਹੁੰਦਾ ਹੈ ਅਤੇ ਉਪਕਾਰ ਕਰਨ ਵਾਲਾ ਕਦੇ ਆਪਣੇ ਉਪਕਾਰ ਨੂੰ ਜਤਲਾ ਵੀ ਦਿੰਦਾ ਹੈ ਪਰ ਜੋ ਮਾਂ ਵਾਂਗ ਸੁਭਾਵਕ ਜੋਸ਼ ਨਾਲ ਨੇਕੀ ਕਰਦਾ ਹੈ ਉਹ ਕਦੇ ਵੀ ਸਵੈਪ੍ਰਦਰਸ਼ਨ ਨਹੀਂ ਕਰ ਸਕਦਾ । ਸੋ, ਨੇਕੀਆਂ ਦਾ ਅੰਤਮ ਦਰਜਾ ਸੁਭਾਵਕ ਜੋਸ਼ (ਵਲਵਲਾ) ਹੈ ਜੋ ਮਾਂ ਵਾਂਗ ਹੋਵੇ ਅਤੇ ਇਹ ਆਇਤ ਨ ਕੇਵਲ ਮਖ਼ਲੂਕ ਬਾਰੇ ਹੈ ਸਗੋਂ ਰੱਬ ਬਾਰੇ ਵੀ ਹੈ, ਰੱਬ ਨਾਲ ਨਿਆ ਇਹ ਹੈ ਕਿ ਉਸ ਦੀਆਂ ਨੇਮਤਾਂ ਨੂੰ ਚੇਤੇ ਕਰਕੇ ਉਸ ਦੀ ਆਗਿਆਕਾਰੀ ਕਰਨਾ ਅਤੇ ਰੱਬ ਨਾਲ ਉਪਕਾਰ ਇਹ ਹੈ ਕਿ ਉਸ ਦੇ ਵੁਜੂਦ ਉਪੱਰ ਅਜਿਹਾ ਵਿਸ਼ਵਾਸ ਕਰ ਲੈਂਣਾ ਕਿ ਸੰਭਵਤਾ ਉਸ ਨੂੰ ਦੇਖ ਰਿਹਾ ਹੈ ਅਤੇ ਰੱਬ ਤੋਂ 'ਈਤਾਇਜ਼ਿਲ

ਕੁਰਬਾ’ (إِيتَاءِ ذِى الْقُرْبَى) ਇਹ ਹੈ ਕਿ ਉਸ ਦੀ ਇਬਾਦਤ ਨ ਤਾਂ ਸਵਰਗ ਦੇ ਲੋਭ ਨਾਲ ਹੋਵੇ ਅਤੇ ਨ ਨਰਕ ਦੇ ਡਰ ਨਾਲ । ਸਗੋਂ ਜੇਕਰ ਮਨ ਲਿਆ ਜਾਵੇ ਕਿ ਨ ਸਵਰਗ ਹੈ ਅਤੇ ਨ ਨਰਕ ਹੈ ਤਾਂ ਵੀ ਪ੍ਰੇਮ ਦੇ ਜੋਸ਼ (ਵਲਵਲੇ) ਅਤੇ ਆਗਿਆਕਾਰੀ ਵਿੱਚ ਅੰਤਰ ਨ ਆਵੇ । ਅਤੇ ਇੰਜੀਲ ਵਿੱਚ ਲਿਖਿਆ ਗਿਆ ਹੈ ਕਿ ਜੋ ਲੋਕ ਤੁਹਾਡੇ ਉਪੱਰ ਲਾਨ੍ਹਤ ਕਰਨ ਉਹਨਾ ਲਈ ਬਰਕਤ ਚਾਹੋ ਪਰ ਕੁਰਆਨ ਕਹਿੰਦਾ ਹੈ ਕਿ ਤੁਸੀਂ ਆਪਣੇ ਆਪ ਵਿੱਚ ਕੁਝ ਨ ਕਰੋ । ਤੁਸੀਂ ਆਪਣੇ ਦਿਲ ਤੋਂ ਜੋ ਰੱਬ ਦੇ ਚਮਤਕਾਰਾਂ ਦਾ ਘਰ ਹੈ ਫ਼ਤਵਾ ਪੁੱਛੋ ਕਿ ਅਜਿਹੇ ਵਿਅਕਤੀ ਨਾਲ ਕੀ ਮਾਮਲਾ ਚਾਹੀਦਾ ਹੈ, ਸੋ, ਜੇਕਰ ਰੱਬ ਤੁਹਾਡੇ ਦਿਲ ਵਿੱਚ ਪਾਵੇ ਕਿ ਇਹ ਲਾਨ੍ਹਤ ਕਰਨ ਵਾਲਾ ਰਹਿਮ ਯੋਗ ਹੈ ਅਤੇ ਅਕਾਸ਼ ਵਿੱਚ ਉਸ’ਤੇ ਲਾਨ੍ਹਤ ਨਹੀਂ ਤਾਂ ਤੁਸੀਂ ਵੀ ਲਾਨ੍ਹਤ ਨ ਕਰੋ । ਰੱਬ ਦੇ ਵਿਰੋਧੀ ਨ ਬਣੋ। ਪਰ ਜੇਕਰ ਤੁਹਾਡਾ ਕਾਂਸ਼ੰਸ ਇਸ ਨੂੰ ਅਯੋਗ ਨਹੀਂ ਠਹਿਰਾਉਂਦਾ ਅਤੇ ਤੁਹਾਡੇ ਦਿਲ ਵਿੱਚ ਪਾਇਆ ਗਿਆ ਹੈ ਕਿ ਅਕਾਸ਼ ਉਪੱਰ ਇਸ ਵਿਅਕਤੀ’ਤੇ ਲਾਨ੍ਹਤ ਹੈ ਤਾਂ ਤੁਸੀਂ ਉਸ ਲਈ ਬਰਕਤ ਨ ਚਾਹੋ ਜਿਵੇਂ ਕਿ ਸ਼ੈਤਾਨ ਲਈ ਕਿਸੇ ਨਬੀ ਨੇ ਬਰਕਤ ਨਹੀਂ ਚਾਹੀ ਅਤੇ ਕਿਸੇ ਨਬੀ ਨੇ ਉਸ ਨੂੰ ਲਾਨ੍ਹਤ ਤੋਂ ਮੁਕਤ ਨਹੀਂ ਕੀਤਾ। ਪਰ ਕਿਸੇ ਬਾਰੇ ਵੀ ਲਾਨ੍ਹਤ ਵਿੱਚ ਕਾਹਲੀ ਨ ਕਰੋ ਕਿ ਬਥੇਰੀ ਬਦਜ਼ੱਨੀਆਂ ਝੂਠੀਆਂ ਹਨ ਅਤੇ ਬਥੇਰੀ ਲਾਨ੍ਹਤਾਂ ਆਪਣੇ ਉਪੱਰ ਹੀ ਪੈਂਦੀਆਂ ਹਨ, ਸੰਭਲ ਕੇ ਪੈਰ੍ਹ ਰੱਖੋ ਅਤੇ ਚੰਗੀ ਪੜਤਾਲ ਕਰਕੇ ਕੋਈ ਕੰਮ ਕਰੋ ਅਤੇ ਰੱਬ ਤੋਂ ਮਦਦ ਮੰਗੋ ਕਿਉਂਕਿ ਤੁਸੀਂ ਅੰਨ੍ਹੇ ਹੋ, ਅਜਿਹਾ ਨ ਹੋਵੇ ਕਿ ਤੁਸੀਂ ਆਦਲ (ਨਿਆਂਕਾਰ) ਨੂੰ ਜ਼ਾਲਮ ਠਹਿਰਾਓ ਅਤੇ ਸੱਚੇ ਨੂੰ ਝੂਠਾ ਖ਼ਿਆਲ ਕਰੋ । ਇਸ ਪ੍ਰਕਾਰ ਤੁਸੀਂ ਆਪਣੇ ਰੱਬ ਨੂੰ ਨਰਾਜ਼ ਕਰ ਦਿਓ ਅਤੇ ਤੁਹਾਡੇ ਸਾਰੇ ਨੇਕ ਕਰਮ ਵਿਅਰਥ ਹੋ ਜਾਣ ।

ਅਜਿਹਾ ਹੀ ਇੰਜੀਲ ਵਿੱਚ ਕਿਹਾ ਗਿਆ ਹੈ ਕਿ ਤੁਸੀਂ ਆਪਣੇ ਨੇਕ ਕੰਮਾ ਨੂੰ ਲੋਕਾਂ ਸਾਹਮਣੇ ਦਿਖਾਵੇ ਲਈ ਨ ਕਰੋ, ਪਰ ਕੁਰਆਨ ਕਹਿੰਦਾ ਹੈ ਕਿ ਤੁਸੀਂ ਅਜਿਹਾ ਨ ਕਰੋ ਕਿ ਅਪਾਣੇ ਸਾਰੇ ਕੰਮ ਲੋਕਾਂ ਤੋਂ ਲੁਕਾਓ ਸਗੋਂ ਲੋੜ

ਅਨੁਸਾਰ ਆਪਣੇ ਕਈ ਨੇਕ ਕਰਮ ਗੁਪਤ ਰੂਪ ਵਿੱਚ ਬਜਾ ਲਿਆਓ ਜੱਦ ਤੁਸੀਂ ਦੇਖੋ ਕਿ ਗੁਪਤ ਰੂਪ ਵਿੱਚ ਕਰਮ ਕਰਨਾ ਤੁਹਾਡੇ ਆਪਣੇ ਲਈ ਚੰਗਾ ਹੈ ਅਤੇ ਕਈ ਕਰਮ ਦਿਖਾਕੇ ਵੀ ਕਰੋ ਜਦੱ ਤੁਸੀਂ ਦੇਖੋ ਕਿ ਦਿਖਾਉਣ ਵਿੱਚ ਸਾਧਾਰਣ ਲੋਕਾਂ ਦੀ ਭਲਾਈ ਹੈ ਤਾਂ ਤੁਹਾਨੂੰ ਦੋ ਬਦਲੇ ਮਿਲਣ ਅਤੇ ਕਮਜ਼ੋਰ ਲੋਕ ਜੋ ਇਕ ਨੇਕੀ ਦੇ ਕੰਮ ਦੀ ਜੁਰੱਤ ਨਹੀ ਕਰ ਸਕਦੇ ਉਹ ਵੀ ਤੁਹਾਨੂੰ ਦੇਖਕੇ ਉਸ ਨੇਕ ਕੰਮ ਨੂੰ ਕਰ ਲੈਂਣ । ਭਾਵ ਰੱਬ ਨੇ ਜੋ ਆਪਣੇ ਕਲਾਮ ਵਿੱਚ ਫ਼ਰਮਾਇਆ 'ਸਿਰੱਵੰ ਵ ਐਲਾਨੀਆਤਾ' (سِرًّا وَّعَلَانِيَةً (الرعد23) ਅਰਥਾਤ ਗੁਪਤ ਦਾਨ ਵੀ ਕਰੋ ਅਤੇ ਦਿਖਾਕੇ ਵੀ ਦਾਨ ਕਰੋ । ਇਹਨਾਂ ਆਦੇਸ਼ਾਂ ਦਾ ਫ਼ਲਸਫ਼ਾ ਉਸ ਨੇ ਆਪ ਬਿਆਨ ਕਰ ਦਿਤੱਾ ਹੈ ਜਿਸ ਦਾ ਅਰਥ ਇਹ ਹੈ ਕਿ ਕੇਵਲ ਗਲੱਾਂ ਨਾਲ ਲੋਕਾਂ ਨੂੰ ਨ ਸਮਝਾਓ ਸਗੋਂ ਆਪਣੇ ਕਰਮਾ ਨਾਲ ਵੀ ਉਤਸਾਹਤ ਕਰੋ ਕਿਉਂਕਿ ਹਰ ਇਕ ਥਾਂ ਕੇਵਲ ਗਲੱਾਂ ਨਾਲ ਪ੍ਰਭਾਵ ਨਹੀਂ ਹੁੰਦਾ ਸਗੋਂ ਬਹੁਤੀ ਥਾਂ ਨਮੂਨੇ ਦਾ ਬਹੁਤਾ ਪ੍ਰਭਾਵ ਹੁੰਦਾ ਹੈ ।

ਅਜਿਹਾ ਇੰਜੀਲ ਵਿੱਚ ਹੈ ਕਿ ਜੱਦ ਤੁਸੀਂ ਦੁਆ ਮੰਗੋ ਤਾਂ ਆਪਣੀ ਕੋਠੜੀ ਵਿੱਚ ਜਾ । ਪਰ ਕੁਰਆਨ ਸਿਖਾਉਂਦਾ ਹੈ ਕਿ ਆਪਣੀ ਦੁਆ ਨੂੰ ਹਰ ਮੌਕੇ ਗੁਪਤ ਨ ਕਰੋ ਸਗੋਂ ਲੋਕਾਂ ਦੇ ਰੂਬਰੂ ਆਪਣੇ ਭਰਾਵਾਂ ਦੇ ਇਕੱਠ ਵਿੱਚ ਵੀ ਖੁੱਲੇ ਤੌਰ'ਤੇ ਦੁਆ ਕੀਤਾ ਕਰੋ ਤਾਂ ਜੋ ਜੇਕਰ ਕੋਈ ਦੁਆ ਕੁਬੂਲ ਹੋਵੇ ਤਾਂ ਉਸ ਇਕੱਠ ਲਈ ਇਮਾਨ ਵਿੱਚ ਹੋਰ ਵੀ ਤਰੱਕੀ ਦਾ ਸਬਬ ਹੋਵੇ ਅਤੇ ਦੂਜੇ ਲੋਕ ਵੀ ਦੁਆ ਵਿੱਚ ਰਗ਼ਬਤ ਕਰਨ ।

ਅਜਿਹਾ ਹੀ ਇੰਜੀਲ ਵਿੱਚ ਹੈ ਕਿ ਤੁਸੀਂ ਇਸ ਪ੍ਰਕਾਰ ਦੁਆ ਕਰੋ ਕਿ ਹੇ, ਸਾਡੇ ਬਾਪ ਕਿ ਜੋ ਅਕਾਸ਼ ਉਪੱਰ ਹੈ ਤੇਰੇ ਨਾਂ ਦੀ ਤਕਦੀਸ ਹੋਵੇ, ਤੇਰੀ ਬਾਦਸ਼ਾਹਤ ਆਵੇ, ਤੇਰੀ ਮਰਜ਼ੀ ਜਿਵੇਂ ਅਕਾਸ਼ ਉਪੱਰ ਹੈ ਧਰਤੀ ਉਪੱਰ ਆਵੇ ਸਾਡੀ ਰੋਜ਼ਾਨਾ ਦੀ ਰੋਟੀ ਅੱਜ ਸਾਨੂੰ ਬਖ਼ਸ਼ । ਅਤੇ ਜਿਸ ਪ੍ਰਕਾਰ ਅਸੀਂ ਆਪਣੇ ਕਰਜ਼ਦਾਰਾਂ ਨੂੰ ਬਖ਼ਸ਼ਦੇ ਹਾਂ ਤੂੰ ਆਪਣੇ ਕਰਜ਼ ਨੂੰ ਸਾਨੂੰ ਬਖ਼ਸ਼ ਦੇ ਅਤੇ ਸਾਨੂੰ ਪ੍ਰੀਖਿਆ ਵਿੱਚ ਨ ਪਾ, ਸਗੋਂ ਬੁਰਾਈ ਤੋਂ ਬਚਾ ਕਿਉਂਕਿ ਬਾਦਸ਼ਾਹਤ ਤੇ ਕੁਦਰਤ

ਅਤੇ ਜਲਾਲ ਹਮੇਸ਼ਾ ਤੇਰੇ ਹੀ ਹਨ । ਪਰ ਕੁਰਆਨ ਕਹਿੰਦਾ ਹੈ ਕਿ ਇਹ ਨਹੀਂ ਕਿ ਧਰਤੀ ਤਕਦੀਸ ਤੋਂ ਖਾਲੀ ਹੈ ਸਗੋਂ ਧਰਤੀ'ਤੇ ਵੀ ਰੱਬ ਦੀ ਹੀ ਤਕਦੀਸ ਹੋ ਰਹੀ ਹੈ, ਨ ਕੇਵਲ ਅਕਾਸ਼ ਉਪੱਰ, ਜਿਵੇਂ ਕਿ ਉਹ ਫ਼ਰਮਾਉਂਦਾ ਹੈ :

وَإِنْ مِّنْ شَىْءٍ إِلَّا يُسَبِّحُ بِحَمْدِهِۦ - بنی اسرائیل45

يُسَبِّحُ لِلّٰهِ مَا فِى السَّمٰوٰتِ وَمَا فِى الْأَرْضِ - الجمعة2

ਵ ਇਨ ਮਿਨ ਸ਼ੈਇਨ ਇਲੱਾ ਯੁਸੱਬਿਹੁ ਬਿਹਮਦਿਹੀ (ਸੂਰਤ ਬਨੀ ਇਸਰਾਈਲ 45)

ਯੁਸੱਬਿਹੁ ਲਿਲੱਾਹਿ ਮਾ ਫ਼ਿਸੱਮਾਵਾਤਿ ਵਮਾ ਫ਼ਿਲ ਅਰਜ਼ਿ (ਸੂਰਤ ਜੁਮਅਹ 2)

ਅਰਥਾਤ ਕਣ ਕਣ ਧਰਤੀ ਦਾ ਅਤੇ ਅਕਾਸ਼ ਦਾ ਰੱਬ ਦੀ ਉਸਤਤੀ ਤੇ ਤਕਦੀਸ (ਪ੍ਰਸ਼ੰਸਾ) ਕਰ ਰਿਹਾ ਹੈ ਅਤੇ ਜੋ ਕੁਝ ਵੀ ਇਹਨਾ ਵਿੱਚ ਹੈ ਉਹ ਉਸਤਤੀ ਤੇ ਤਕਦੀਸ ਵਿੱਚ ਲੀਨ ਹੈ, ਪਹਾੜ ਉਸ ਦੇ ਸਿਮਰਣ ਵਿੱਚ ਲੀਨ ਹਨ, ਦਰਿਆ ਉਸਦੇ ਸਿਮਰਣ ਵਿੱਚ ਲੀਨ ਹਨ, ਰੁੱਖ ਉਸਦੇ ਗੁਣਗਾਣ ਵਿੱਚ ਲੀਨ ਹਨ, ਬਹੁਤ ਸਾਰੇ ਸੁਮਾਰਗੀ ਉਸਦੇ ਗੁਣਗਾਣ ਵਿੱਚ ਲੀਨ ਹਨ ਅਤੇ ਜੋ ਵਿਅਕਤੀ ਮੂੰਹ ਤੇ ਮਨ ਨਾਲ ਉਸ ਦੇ ਗੁਣਗਾਣ ਵਿੱਚ ਲੀਨ ਨਹੀਂ ਅਤੇ ਰੱਬ ਦੇ ਅੱਗੇ ਮਿਸਕੀਨੀ ਨਹੀਂ ਕਰਦਾ ਉਸ ਨਾਲ ਵੱਖ ਵੱਖ ਪ੍ਰਕਾਰ ਦੇ ਸ਼ਕੰਜਿਆਂ ਤੇ ਅਜ਼ਾਬਾਂ (ਕਸ਼ਟਾਂ) ਨਾਲ ਇਲਾਹੀ ਕੁਦਰਤ ਭਿੰਨ ਭਿੰਨ ਪ੍ਰਕਾਰ ਰਾਹੀਂ ਅਰਜ਼ੋਈਆਂ ਕਰਾ ਰਹੀ ਹੈ ਅਤੇ ਜੋ ਕੁਝ ਫ਼ਰਿਸ਼ਤਿਆਂ ਬਾਰੇ ਰੱਬ ਦੀ ਕਿਤਾਬ ਵਿੱਚ ਲਿੱਖਿਆ ਹੈ ਕਿ ਉਹ ਅਤਿਅੰਤ ਅਗਿਅਕਾਰੀ ਕਰ ਰਹੇ ਹਨ, ਇਹੋ ਪਰਿਭਾਸ਼ਾ ਧਰਤੀ ਦੇ ਪੱਤੇ ਪੱਤੇ ਅਤੇ ਕਣ ਕਣ ਬਾਰੇ ਕੁਰਆਨ ਕਰੀਮ ਵਿੱਚ ਮੌਜੂਦ ਹੈ ਕਿ ਹਰ ਇਕ ਚੀਜ਼ ਉਸ ਦੀ ਆਗਿਆਕਾਰੀ ਕਰ ਰਹੀ ਹੈ, ਇਕ ਪਤੱਾ ਵੀ ਉਸਦੀ ਆਗਿਆ ਤੋਂ ਬਿਨਾ ਡਿੱਗ ਨਹੀਂ ਸਕਦਾ ਅਤੇ ਉਸਦੇ ਹੁਕਮ ਤੋਂ ਬਿਨਾ ਨ ਕੋਈ ਦਵਾਈ ਸ਼ਿਫ਼ਾ ਦੇ ਸਕਦੀ ਹੈ ਅਤੇ ਨ ਕੋਈ ਗ਼ਜ਼ਾ ਅਨੁਕੂਲ ਹੋ ਸਕਦੀ ਹੈ ਅਤੇ ਹਰ ਇਕ ਚੀਜ਼ ਅਤਿਅੰਤ ਆਜਜ਼ੀ ਵਿਨਮ੍ਰਤਾ ਤੇ ਬੰਦਗੀ ਨਾਲ ਰੱਬ ਦੇ ਦਰ'ਤੇ ਡਿੱਗੀ ਪਈ ਹੈ ਅਤੇ ਉਸਦੀ ਆਗਿਆਕਾਰੀ ਵਿੱਚ ਗੜੂੰਦ ਪਈ ਹੈ । ਪਹਾੜਾਂ ਅਤੇ ਧਰਤੀ ਦਾ ਕਣ ਕਣ, ਦਰਿਆਵਾਂ ਤੇ ਸਾਗਰਾਂ ਦੀ ਬੂੰਦ ਬੂੰਦ,

ਰੁਖੱਾਂ ਤੇ ਬੂਟੀਆਂ ਦਾ ਪਤੱਾ ਪਤੱਾ ਅਤੇ ਹਰ ਇਕ ਅੰਗ ਉਹਨਾਂ ਦਾ ਅਤੇ ਮਨੁਖੱਾਂ ਅਤੇ ਪਸ਼ੂਆਂ ਦੇ ਸਾਰੇ ਦੇ ਸਾਰੇ ਅਣੂ ਰੱਬ ਨੂੰ ਪਛਾਣਦੇ ਹਨ ਅਤੇ ਉਸ ਦੀ ਆਗਿਆਕਾਰੀ ਕਰਦੇ ਹਨ ਅਤੇ ਉਸਦੀ ਵੱਡਿਆਈ, ਪ੍ਰਸ਼ੰਸਾ ਤੇ ਉਸਤਤੀ ਵਿੱਚ ਲੀਨ ਹਨ । ਇਸੇ ਲਈ ਰੱਬ ਨੇ ਫ਼ਰਮਾਇਆ :

يُسَبِّحُ لِلّٰهِ مَا فِي السَّمٰوٰتِ وَمَا فِي الْأَرْضِ ۔ الجمعة 2

ਯੁਸੱਬਿਹੁ ਲਿਲੱਾਹਿ ਮਾ ਫ਼ਿਸੱਮਾਵਾਤਿ ਵਮਾ ਫ਼ਿਲ ਅਰਜ਼ਿ (ਸੂਰਤ ਜੁਮਅਹ 2)

ਅਰਥਾਤ ਜਿਵੇਂ ਅਕਾਸ਼ ਉਪੱਰ ਹਰ ਇਕ ਸ਼ੈਅ ਰੱਬ ਦਾ ਸਿਮਰਣ ਤੇ ਉਸਤਤੀ ਕਰ ਰਹੀ ਹੈ ਉਸੇ ਪ੍ਰਕਾਰ ਧਰਤੀ ਉਪੱਰ ਵੀ ਹਰ ਇਕ ਚੀਜ਼ ਉਸਦੀ ਸਿਫ਼ਤ ਸਲਾਹ ਤੇ ਉਸਤਤੀ ਕਰਦੀ ਹੈ । ਸੋ, ਕੀ ਧਰਤੀ ਉਪੱਰ ਰੱਬ ਦੀ ਸਿਫ਼ਤ ਸਲਾਹ ਤੇ ਉਸਤਤੀ ਨਹੀਂ ਹੁੰਦੀ, ਅਜਿਹੀ ਗੱਲ ਇਕ ਕਾਮਲ ਤੇ ਗਿਆਨੀ ਦੇ ਮੂੰਹੋ ਨਹੀਂ ਨਿਕਲ ਸਕਦੀ ਸਗੋਂ ਧਰਤੀ ਦੀਆਂ ਚੀਜ਼ਾਂ ਵਿੱਚੋਂ ਕੋਈ ਚੀਜ਼ ਤਾਂ ਸ਼ਰੀਅਤ ਦੇ ਆਦੇਸ਼ਾਂ ਦੀ ਪਾਲਣਾ ਕਰ ਰਹੀ ਹੈ ਅਤੇ ਕੋਈ ਚੀਜ਼ ਤਾਂ ਮੌਤ ਦੇ ਆਦੇਸ਼ ਹੇਠ ਹੈ ਅਤੇ ਕੋਈ ਦੋਹਾਂ ਦੀ ਅਗਿਆਕਾਰੀ ਵਿੱਚ ਲੱਕ ਬੰਨ੍ਹੀ ਖੜ੍ਹਾ ਹੈ, ਕੀ ਬਦੱਲ, ਕੀ ਪੌਣ, ਕੀ ਅੱਗ ਅਤੇ ਕੀ ਧਰਤੀ, ਸਾਰੇ ਹੀ ਰੱਬ ਦੀ ਆਗਿਆਕਾਰੀ ਤੇ ਉਸਤਤੀ ਵਿੱਚ ਮਗਨ ਹਨ । ਜੇਕਰ ਕੋਈ ਮਨੁੱਖ ਇਲਾਹੀ ਸ਼ਰੀਅਤ ਦੇ ਆਦੇਸ਼ਾਂ ਦਾ ਇਨਕਾਰੀ ਹੈ ਤਾਂ ਵੀ ਮੌਤ ਦੇ ਆਦੇਸ਼ ਹੇਠ ਹੈ । ਇਹਨਾਂ ਆਦੇਸ਼ਾਂ ਤੋਂ ਬਾਹਰ ਕੋਈ ਵੀ ਨਹੀਂ ਹੈ । ਕਿਸੇ ਨ ਕਿਸੇ ਆਕਾਸ਼ੀ ਆਦੇਸ਼ ਦਾ ਜੂਆ (ਜੂਲਾ) ਉਸਦੀ ਧੌਣ'ਤੇ ਹੈ । ਹਾਂ, ਮਨੁੱਖੀ ਮਨਾ ਦੇ ਸੁਧਾਰ ਤੇ ਉਪਦੱਰ ਦੇ ਪੱਖੋਂ ਗ਼ਫ਼ਲਤ ਤੇ ਇਲਾਹੀ ਸਿਮਰਣ ਵਾਰੀ ਵਾਰੀ ਧਰਤੀ ਉਪੱਰ ਆਪਣਾ ਗ਼ਲਬਾ ਦਿਖਾਉਂਦੇ ਹਨ ਪਰੰਤੂ ਰੱਬ ਦੇ ਆਦੇਸ਼ਾਂ ਤੋਂ ਬਿਨਾ ਮੌਕਾ ਮਹਿਲ ਅਨੁਸਾਰ ਇਹ ਜਵਾਰ-ਭਾਟਾ ਆਪਣੇ ਆਪ ਨਹੀਂ ਆਉਂਦਾ । ਰੱਬ ਨੇ ਚਾਹਿਆ ਕਿ ਧਰਤੀ ਵਿੱਚ ਅਜਿਹਾ ਹੋਵੇ, ਸੋ, ਅਜਿਹਾ ਹੋ ਗਿਆ । ਇਸ ਲਈ ਹਿਦਾਇਤ ਤੇ ਗੁਮਰਾਹੀ ਦਾ ਦੌਰ ਵੀ ਦਿਨ ਰਾਤ ਦੇ ਦੌਰ ਵਾਂਗ ਰੱਬ ਦੇ ਕਾਨੂੰਨ ਅਤੇ ਹੁਕਮ ਅਨੁਸਾਰ ਚਲ ਰਿਹਾ ਹੈ ਨ ਕਿ ਆਪਣੇ ਆਪ । ਇਹ ਸਭ ਕੁਝ

ਹੁੰਦਿਆਂ ਹੋਇਆਂ ਹਰ ਇਕ ਚੀਜ਼ ਉਸਦੇ ਸਵਰ ਨੂੰ ਸੁਣਦੀ ਹੈ ਅਤੇ ਉਸ ਦੀ ਪਵਿੱਤਰਤਾ ਨੂੰ ਚੇਤੇ ਕਰਦੀ ਹੈ, ਪਰ ਇੰਜੀਲ ਕਹਿੰਦੀ ਕਿ ਧਰਤੀ ਰੱਬ ਦੀ ਤਕਦੀਸ (ਪਵਿੱਤਰਤਾ) ਤੋਂ ਖਾਲੀ ਹੈ ? ਇਸ ਦਾ ਸਬਬ ਇਸ ਇੰਜੀਲ ਦੀ ਦੁਆ ਦੇ ਅਗਲੇ ਵਾਕ ਵਿੱਚ ਸੰਕੇਤ ਦੇ ਰੂਪ ਵਿੱਚ ਵਰਨਣ ਕੀਤਾ ਗਿਆ ਹੈ ਅਤੇ ਉਹ ਇਹ ਹੈ ਕਿ ਹੁਣੇ ਉਸ ਵਿੱਚ ਰੱਬ ਦੀ ਬਾਦਸ਼ਾਹੀ ਨਹੀਂ ਆਈ । ਇਸ ਲਈ ਇਹ ਰਾਜ ਨ ਹੋਣ ਕਰਕੇ ਅਤੇ ਨ ਕਿਸੇ ਹੋਰ ਕਾਰਣ ਕਰਕੇ ਰੱਬ ਦੀ ਮਰਜ਼ੀ ਸੰਪੂਰਨ ਰੂਪ ਵਿੱਚ ਧਰਤੀ ਉਪੱਰ ਲਾਗੂ ਨਹੀਂ ਹੋ ਸਕੀ ਜਿਵੇਂ ਕਿ ਆਕਾਸ਼ ਉਪੱਰ ਲਾਗੂ ਹੈ । ਪਰੰਤੂ ਕੁਰਆਨ ਕਰੀਮ ਦੀ ਸਿੱਖਿਆ ਉਕੱਾ ਹੀ ਇਸਦੇ ਵਿਪਰੀਤ ਹੈ । ਉਹ ਤਾਂ ਖੁੱਲੇ ਸਪਸ਼ਟ ਸ਼ਬਦਾਂ ਵਿੱਚ ਕਹਿੰਦਾ ਹੈ ਕਿ ਕੋਈ ਚੋਰ, ਖ਼ੂਨੀ, ਵਿਭਚਾਰੀ, ਕਾਫ਼ਰ, ਫ਼ਸਾਦੀ, ਹੰਕਾਰੀ, ਮੁਜਰਮ ਅਤੇ ਕਿਸੇ ਵੀ ਬੁਰਾਈ ਦਾ ਪਾਤਰ ਕਿਸੇ ਵੀ ਪ੍ਰਕਾਰ ਦੀ ਬਦੀ ਧਰਤੀ ਉਪੱਰ ਨਹੀਂ ਕਰ ਸਕਦਾ ਜੱਦ ਤੱਕ ਕਿ ਅਕਾਸ਼ ਉਪੱਰੋਂ ਉਸਨੂੰ ਅਖ਼ਤਿਆਰ ਨਾ ਦਿਤੱਾ ਜਾਏ । ਸੋ, ਕਿਵੇਂ ਕਿਹਾ ਜਾ ਸਕਦਾ ਹੈ ਕਿ ਅਕਾਸ਼ੀ ਬਾਦਸ਼ਾਹੀ ਧਰਤੀ ਉਪੱਰ ਨਹੀਂ, ਕੀ ਕੋਈ ਵਿਰੋਧੀ ਧਰਤੀ ਉਪੱਰ ਕਾਬਜ਼ ਹੈ ਜੋ ਰੱਬ ਦੇ ਆਦੇਸ਼ ਜਾਰੀ ਹੋਣ'ਤੇ ਰੋਕ ਹੈ । ਸੁਬਹਾਨਲੱਾ ! ਅਜਿਹਾ ਉਕੱਾ ਹੀ ਨਹੀਂ । ਸਗੋਂ ਰੱਬ ਨੇ ਆਪ ਅਕਾਸ਼ ਉਪੱਰ ਫ਼ਰਿਸ਼ਤਿਆਂ ਲਈ ਅੱਡ ਕਾਨੂੰਨ ਬਣਾਇਆ ਅਤੇ ਧਰਤੀ ਉਪੱਰ ਮਨੁੱਖਾਂ ਲਈ ਵਖੱਰਾ ਅਤੇ ਰੱਬ ਨੇ ਆਪਣੀ ਅਕਾਸ਼ੀ ਬਾਦਸ਼ਾਹੀ ਵਿੱਚ ਫ਼ਰਿਸ਼ਤਿਆਂ ਨੂੰ ਕੋਈ ਅਖ਼ਤਿਆਰ ਨਹੀਂ ਦਿਤੱਾ ਸਗੋਂ ਉਹਨਾਂ ਦੇ ਸੁਭਾਉ ਵਿੱਚ ਆਗਿਆਕਾਰੀ ਦਾ ਮਾਦਾ ਰੱਖ ਦਿਤੱਾ ਹੈ ਉਹ ਵਿਰੋਧਤਾ ਕਰ ਹੀ ਨਹੀਂ ਸਕਦੇ ਅਤੇ ਗ਼ਲਤੀ ਤੇ ਭੁਲ ਚੂਕ ਉਹਨਾ'ਤੇ ਲਾਗੂ ਨਹੀਂ ਹੋ ਸਕਦੀ । ਪਰ ਮਨੁੱਖੀ ਸੁਭਾਉ ਨੂੰ ਪਰਵਾਨ ਕਰਨ ਜਾਂ ਨ ਪਰਵਾਨ ਕਰਨ ਦਾ ਅਧਿਕਾਰ ਦਿਤੱਾ ਗਿਆ ਹੈ ਅਤੇ ਕਿਉਂਕਿ ਇਹ ਅਖ਼ਤਿਆਰ ਉਪੱਰੋਂ ਦਿਤੱਾ ਗਿਆ ਹੈ ਇਸ ਲਈ ਨਹੀਂ ਕਹਿ ਸਕਦੇ ਕਿ ਉਪਦ੍ਰਵੀ ਮਨੁੱਖ ਦੇ ਵਜੂਦ ਨਾਲ ਰੱਬ ਦੀ ਬਾਦਸ਼ਾਹੀ ਜਾਂਦੀ ਰਹੀ, ਸਗੋਂ ਹਰ ਰੂਪ ਵਿੱਚ ਰੱਬ ਦੀ ਹੀ ਬਾਦਸ਼ਾਹੀ ਹੈ । ਹਾਂ, ਕਾਨੂੰਨ ਕੇਵਲ ਦੋ ਹਨ । ਇਕ

ਅਕਾਸ਼ੀ ਫ਼ਰਿਸ਼ਤਿਆਂ ਲਈ ਹੁਕਮੇ ਇਲਾਹੀ ਦਾ ਹੈ ਕਿ ਉਹ ਬਦੀ ਕਰ ਹੀ ਨਹੀਂ ਸਕਦੇ ਅਤੇ ਇਕ ਧਰਤੀ ਉੱਪਰ ਮਨੁੱਖਾਂ ਲਈ ਰੱਬ ਦੇ ਨਿਰਦੇਸ਼ਾਂ ਬਾਰੇ ਹੈ ਅਤੇ ਉਹ ਇਹ ਕਿ ਉਹਨਾਂ ਨੂੰ ਬਦੀ ਦਾ ਅਖ਼ਤਿਆਰ ਦਿੱਤਾ ਗਿਆ ਹੈ । ਪਰ ਜੱਦ ਰੱਬ ਤੋਂ ਤਾਕਤ (ਸ਼ਕਤੀ) ਮੰਗਣ ਅਰਥਾਤ ਇਸ਼ਤਗ਼ਫ਼ਾਰ (ਖਿਮਾ ਯਾਚਨਾ) ਕਰਨ ਤਾਂ ਇਲਾਹੀ ਸਹਾਇਤਾ ਨਾਲ ਉਹਨਾ ਦੀ ਕਮਜ਼ੋਰੀ ਦੂਰ ਹੋ ਸਕਦੀ ਹੈ ਅਤੇ ਉਹ ਪਾਪ ਦੇ ਕਰਨ ਤੋਂ ਬੱਚ ਸਕਦੇ ਹਨ ਜਿਵੇਂ ਕਿ ਰੱਬ ਦੇ ਨਬੀ ਤੇ ਰਸੂਲ ਬਚੱਦੇ ਹਨ ਅਤੇ ਜੇਕਰ ਅਜਿਹੇ ਲੋਕ ਹਨ ਕਿ ਪਾਪੀ ਬਣ ਚੁਕੇ ਹਨ ਤਾਂ ਇਸਤਗ਼ਫ਼ਾਰ ਉਹਨਾ ਨੂੰ ਇਹ ਲਾਭ ਪਹੁੰਚਾਉਂਦਾ ਹੈ ਕਿ ਪਾਪ ਦੇ ਸਿੱਟੇ ਤੋਂ ਅਰਥਾਤ ਅਜ਼ਾਬ (ਕਸ਼ਟ, ਪ੍ਰਕੋਪ) ਤੋਂ ਬਚਾਏ ਜਾਂਦੇ ਹਨ, ਕਿਉਂਕਿ ਨੂਰ (ਪ੍ਰਕਾਸ਼) ਦੇ ਆਉਣ ਨਾਲ ਅੰਨ੍ਹੇਰਾ ਟਿੱਕ ਨਹੀਂ ਸਕਦਾ । ਅਤੇ ਮੁਜਰਮ ਜੋ ਇਸਤਗ਼ਫ਼ਾਰ ਨਹੀਂ ਕਰਦੇ ਅਰਥਾਤ ਰੱਬ ਤੋਂ ਬਲ (ਸ਼ਕਤੀ) ਨਹੀਂ ਮੰਗਦੇ, ਉਹ ਆਪਣੇ ਜੁਰਮਾ ਦਾ ਦੰਡ ਭੋਗਦੇ ਰਹਿੰਦੇ ਹਨ । ਦੇਖੋ ਅੱਜ ਕੱਲ ਤਾਊਨ (ਪਲੇਗ) ਵੀ ਦੰਡ ਦੇ ਰੂਪ ਵਿੱਚ ਧਰਤੀ ਉਪੱਰ ਉਤਰੀ ਹੋਈ ਹੈ ਅਤੇ ਰੱਬ ਦੇ ਇਨਕਾਰੀ ਲੋਕ ਇਸ ਤੋਂ ਮਰਦੇ ਜਾਂਦੇ ਹਨ ਫਿਰ ਕਿਵੇਂ ਕਿਹਾ ਜਾਏ ਕਿ ਰੱਬ ਦੀ ਬਾਦਸ਼ਾਹੀ ਧਰਤੀ ਉਪੱਰ ਨਹੀਂ । ਇਹ ਵਿਚਾਰ ਨ ਕਰੋ ਕਿ ਜੇਕਰ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਹੈ ਤਾਂ ਫਿਰ ਲੋਕਾਂ ਤੋਂ ਜੁਰਮ ਕਿਉਂ ਵਾਪਰਦੇ ਹਨ । ਕਿਉਂਕਿ ਜੁਰਮ ਵੀ ਰੱਬ ਦੇ ਕਾਨੂਨ ਤੇ ਨਿਰਦੇਸ਼ਾਂ ਹੇਠ ਹਨ । ਸੋ, ਜੇਕਰ ਉਹ ਲੋਕ ਸ਼ਰੀਅਤ ਦੇ ਨਿਰਦੇਸ਼ਾਂ ਤੋਂ ਬਾਹਰ ਹੋ ਜਾਂਦੇ ਹਨ ਪਰ ਨਿਯਮਾ ਦੀ ਬਣਤਰ ਅਰਥਾਤ ਹੁਕਮੇ ਇਲਾਹੀ ਤੋਂ ਉਹ ਬਾਹਰ ਨਹੀਂ ਹੋ ਸਕਦੇ । ਸੋ, ਕਿਵੇਂ ਆਖਿਆ ਜਾਵੇ ਕਿ ਮੁਜਰਮ ਲੋਕ ਇਲਾਹੀ ਬਾਦਸ਼ਾਹੀ ਦਾ ਜੂਆ (ਜੂਲਾ) ਆਪਣੀ ਗਰਦਨ ਉਪੱਰ ਨਹੀਂ ਰਖੱਦੇ । ਦੇਖੋ ਇਸ ਦੇਸ਼ ਬ੍ਰਿਟਿਸ਼ ਇੰਡੀਆ ਵਿੱਚ ਚੋਰੀਆਂ ਵੀ ਹੁੰਦੀਆਂ ਹਨ, ਖ਼ੂਨ ਵੀ ਹੁੰਦੇ ਹਨ, ਵਿਭਚਾਰੀ, ਬਲਾਤਕਾਰੀ, ਅਪਭੋਗੀ ਤੇ ਰਿਸ਼ਵਤਖੋਰ ਆਦਿ ਹਰ ਪ੍ਰਕਾਰ ਦੇ ਜੁਰਮ ਕਰਨ ਵਾਲੇ ਪਾਏ ਜਾਂਦੇ ਹਨ, ਪਰ ਇਹ ਨਹੀਂ ਕਹਿ ਸਕਦੇ ਕਿ ਇਸ ਦੇਸ਼ ਵਿੱਚ ਅੰਗ੍ਰੇਜ਼ੀ ਰਾਜ ਨਹੀਂ ਹੈ। ਕਿਉਂਕਿ

ਰਾਜ ਤਾਂ ਹੈ ਪਰ ਸਰਕਾਰ ਨੇ ਜਾਣ ਬੁਝ ਕੇ ਅਜਿਹੇ ਕਰੜੇ ਨੀਯਮਾ ਨੂੰ ਉਚਿਤ ਨਹੀਂ ਸਮਝਿਆ ਕਿ ਜਿਸਦੀ ਦਹਿਸ਼ਤ ਨਾਲ ਲੋਕਾਂ ਉਪੱਰ ਜੀਵਨ ਕਠਨ ਹੋ ਜਾਏ ਵਰਨਾ ਜੇਕਰ ਸਰਕਾਰ ਚਾਹੇ ਤਾਂ ਸਾਰਿਆਂ ਮੁਜਰਮਾ ਨੂੰ ਇਕ ਕਸ਼ਟਦਾਇਕ ਜੇਲ ਵਿੱਚ ਰਖੱਕੇ ਉਹਨਾ ਨੂੰ ਜੁਰਮ ਕਰਨ ਤੋਂ ਰੋਕਣਾ ਚਾਹੇ ਤਾਂ ਬਹੁਤ ਅਸਾਨੀ ਨਾਲ ਰੋਕ ਸਕਦੀ ਹੈ ਜਾਂ ਨਿਯਮਾ ਵਿੱਚ ਸਖ਼ਤ ਦੰਡ ਰੱਖੇ ਜਾਣ ਤਾਂ ਇਹਨਾ ਜੁਰਮਾ ਵਿੱਚ ਕਮੀ ਹੋ ਸਕਦੀ ਹੈ । ਸੋ, ਤੁਸੀਂ ਸਮਝ ਸਕਦੇ ਹੋ ਕਿ ਜਿੰਨ੍ਹੀ ਇਸ ਦੇਸ਼ ਵਿੱਚ ਸ਼ਰਾਬ ਪੀਤੀ ਜਾਂਦੀ ਹੈ, ਵਿਭਚਾਰੀ ਇਸਤਰੀਆਂ ਵਧੱਦੀਆਂ ਜਾਂਦੀਆਂ ਹਨ, ਚੋਰੀ ਤੇ ਖ਼ੂਨ ਦੀਆਂ ਵਾਰਦਤਾਂ ਹੁੰਦੀਆਂ ਹਨ । ਇਹ ਇਸ ਲਈ ਨਹੀਂ ਕਿ ਅੰਗ੍ਰੇਜ਼ੀ ਸਰਕਾਰ ਦਾ ਇੱਥੇ ਰਾਜ ਨਹੀਂ ਸਗੋਂ ਸਰਕਾਰ ਦੇ ਨੀਯਮਾ ਦੀ ਨਰਮੀ ਨੇ ਜੁਰਮਾ ਵਿੱਚ ਵਾਧਾ ਕਰ ਦਿਤੱਾ ਹੈ ਨ ਇਹ ਕਿ ਅੰਗ੍ਰੇਜ਼ੀ ਸਰਕਾਰ ਇਸ ਥਾਂ ਤੋਂ ਚੁੱਕੀ ਗਈ ਹੈ ਸਗੋਂ ਸਰਕਾਰ ਦਾ ਅਧਿਕਾਰ ਹੈ ਕਿ ਨੀਯਮ ਕਰੜੇ ਕਰਕੇ ਅਤੇ ਕਰੜੇ ਦੰਡ ਨਿਰਧਾਰਤ ਕਰਕੇ ਜੁਰਮ ਕਰਨ ਤੋਂ ਰੋਕ ਦੇਵੇ । ਫਿਰ ਜੱਦਕਿ ਮਨੁੱਖੀ ਰਾਜ ਦਾ ਇਹ ਹਾਲ ਹੈ ਕਿ ਜੋ ਇਲਾਹੀ ਰਾਜ ਦੇ ਟਾਕਰੇ’ਤੇ ਕੁਝ ਵੀ ਨਹੀਂ ਹੈ, ਪਰ ਇਲਾਹੀ ਬਾਦਸ਼ਾਹੀ ਕਿੰਨ੍ਹੇ ਅਖ਼ਤਿਆਰ ਤੇ ਅਧਿਕਾਰ ਰਖੱਦੀ ਹੈ, ਜੇਕਰ ਰੱਬ ਦੇ ਨੀਯਮ ਹੁਣੇ ਹੀ ਸਖ਼ਤ ਤੇ ਕਰੜੇ ਹੋ ਜਾਣ ਤਾਂ ਅਤੇ ਹਰ ਇਕ ਵਿਭਚਾਰ ਕਰਨ ਵਾਲੇ ਉਪੱਰ ਬਿਜਲੀ ਡਿੱਗ ਪਵੇ ਅਤੇ ਹਰ ਇਕ ਚੋਰ ਨੂੰ ਇਹ ਰੋਗ ਪੈਦਾ ਹੋ ਜਾਵੇ ਕਿ ਹੱਥ ਗਲ ਸੜ੍ਹ ਜਾਣ ਅਤੇ ਹਰ ਇਕ ਬਾਗੀ ਤੇ ਰੱਬ ਦਾ ਇਨਕਾਰੀ, ਉਸ ਦੇ ਧਰਮ ਦਾ ਇਨਕਾਰੀ ਤਾਊਨ (ਪਲੇਗ) ਨਾਲ ਮਰੇ ਤਾਂ ਇਕ ਸਪਤਾਹ ਲੰਘਣ ਤੋਂ ਪਹਿਲਾਂ ਹੀ ਸਾਰੀ ਦੁਨੀਆ ਸੁਮਾਰਗ ਤੇ ਨੇਕੀ ਦੀ ਚਾਦਰ ਪਾ ਸਕਦੀ ਹੈ । ਸੋ, ਰੱਬ ਦੀ ਧਰਤੀ ਉਪੱਰ ਬਾਦਸ਼ਾਹੀ ਤਾਂ ਹੈ ਪਰ ਅਕਾਸ਼ੀ ਨਿਯਮਾ ਦੀ ਨਰਮੀ ਨੇ ਐਨ੍ਹੀ ਆਜ਼ਾਦੀ ਦੇ ਰੱਖੀ ਹੈ ਕਿ ਜੁਰਮ ਕਰਨ ਵਾਲੇ ਐਨ੍ਹੀ ਛੇਤੀ ਫੜੇ ਨਹੀਂ ਜਾਂਦੇ । ਹਾਂ ਦੰਡ ਵੀ ਮਿਲਦਾ ਰਹਿੰਦਾ ਹੈ, ਭੁਚਾਲ ਆਉਂਦੇ ਹਨ, ਬਿਜਲੀਆਂ ਡਿਗੱਦੀਆਂ ਹਨ ਜਵਾਰ ਭਾਟੇ ਤੇ ਜਵਾਲਾ ਮੁਖੀ ਫੁਟੱਦੇ ਹਨ ਅਤੇ ਆਤਸ਼ਬਾਜ਼ੀ ਵਾਂਗ ਚਿੰਘਿਆੜੀਆਂ ਕਢੱਦੇ ਹਜ਼ਾਰਾਂ

ਜਾਨਾ ਦਾ ਨੁਕਸਾਨ ਕਰ ਜਾਂਦੇ ਹਨ, ਜਹਾਜ਼ ਗਰਕ ਹੁੰਦੇ ਹਨ, ਰੇਲ ਗੱਡੀਆਂ (ਦੀ ਦੁਰਘਟਨਾ) ਰਾਹੀਂ ਹਜ਼ਾਰਾਂ ਹੀ ਜਾਨਾ ਚਲੀਆਂ ਜਾਂਦੀਆਂ ਹਨ, ਝੱਖੜ ਝੁਲੱਦੇ ਹਨ, ਘਰ ਡਿਗੱਦੇ ਹਨ, ਸੱਪ ਕਟੱਦੇ ਹਨ, ਦਰਿੰਦੇ ਪਾੜਦੇ ਹਨ, ਮਹਾਮਾਰੀਆਂ ਫੈਲਦੀਆਂ ਹਨ ਅਤੇ ਅੰਤ ਕਰਨ ਦਾ ਨ ਇਕ ਦਰ ਖੁਲੱਾ ਹੈ ਸਗੋਂ ਹਜ਼ਾਰਾਂ ਹੀ ਦਰ ਖੁੱਲੇ ਹਨ ਜੋ ਮੁਜਰਮਾ ਦੇ ਦੰਡ ਲਈ ਰੱਬ ਨੇ ਨਿਯਮ ਨੀਯਤ ਕਰ ਰੱਖੇ ਹਨ। ਫਿਰ ਕਿਵੇਂ ਕਿਹਾ ਜਾਵੇ ਕਿ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਨਹੀਂ। ਸੱਚ ਇਹੋ ਹੈ ਕਿ ਬਾਦਸ਼ਾਹੀ ਤਾਂ ਹੈ ਹਰ ਇਕ ਮੁਜਰਮ ਦੇ ਹਥੱਾਂ ਵਿੱਚ ਹੱਥਕੜੀਆਂ ਹਨ ਪੈਰ੍ਹਾਂ ਵਿੱਚ ਬੇੜੀਆਂ ਹਨ, ਪਰ ਇਲਾਹੀ ਆਦਰਸ਼ਾਂ ਨੇ ਆਪਣੇ ਨਿਯਮਾ ਨੂੰ ਐਨ੍ਹਾ ਨਰਮ ਕਰ ਰੱਖਿਆ ਹੈ ਕਿ ਉਹ ਹਥੱਕੜੀਆਂ ਤੇ ਬੇੜੀਆਂ ਝਬੱਦੇ ਹੀ ਆਪਣੇ ਪ੍ਰਭਾਵ ਨਹੀਂ ਦਿਖਾਉਂਦੀਆਂ ਹਨ ਅਤੇ ਅਖੀਰ ਜੇਕਰ ਮਨੁੱਖ ਬਾਜ਼ ਨ ਆਵੇ ਤਾਂ ਸਦੈਵੀ ਨਰਕਾਂ ਤੱਕ ਪਹੁੰਚਾ ਦਿੰਦੀ ਹੈ ਅਤੇ ਉਸ ਨਰਕ ਵਿੱਚ ਪਾਉਂਦੀਆਂ ਹਨ ਜਿਸ ਤੋਂ ਇਕ ਮੁਜਰਮ ਨ ਜੀਉਂਦਾ ਰਹੇ ਨ ਮਰੇ। ਭਾਵ ਕਾਨੂਨ ਦੋ ਹਨ ਇਕ ਉਹ ਕਾਨੂਨ ਜੋ ਫ਼ਰਿਸ਼ਤਿਆਂ ਬਾਰੇ ਹੈ ਅਰਥਾਤ ਉਹ ਇਹ ਕਿ ਉਹ ਕੇਵਲ ਆਗਿਆਕਾਰੀ ਲਈ ਪੈਦਾ ਕੀਤੇ ਗਏ ਹਨ ਅਤੇ ਉਹਨਾ ਦੀ ਆਗਿਆਕਾਰੀ ਕੇਵਲ ਇਕ ਸੁਭਾਵਕ ਵਿਸ਼ੇਸ਼ ਗੁਣ ਹੈ, ਉਹ ਪਾਪ ਕਰ ਹੀ ਨਹੀਂ ਸਕਦੇ, ਪਰ ਨੇਕੀ ਵਿੱਚ ਤਰੱਕੀ ਵੀ ਨਹੀਂ ਕਰ ਸਕਦੇ। (2) ਦੂਜਾ ਨੀਯਮ ਉਹ ਹੈ ਜੋ ਮੁਨੱਖਾਂ ਬਾਰੇ ਹੈ ਅਰਥਾਤ ਇਹ ਕਿ ਮਨੁੱਖਾਂ ਦੇ ਸੁਭਾਵ ਵਿੱਚ ਇਹ ਰੱਖਿਆ ਗਿਆ ਹੈ ਕਿ ਉਹ ਪਾਪ ਕਰ ਸਕਦੇ ਹਨ ਪਰ ਨੇਕੀ ਵਿੱਚ ਤਰੱਕੀ ਵੀ ਕਰ ਸਕਦੇ ਹਨ। ਇਹ ਦੋਵੇਂ ਸੁਭਾਵਕ ਗੁਣ ਅਪਰਿਵਰਤਤ ਹਨ। ਜਿਵੇਂ ਕਿ ਫ਼ਰਿਸ਼ਤਾ ਮਨੁੱਖ ਨਹੀਂ ਬਣ ਸਕਦਾ ਉਸੇ ਪ੍ਰਕਾਰ ਮਨੁੱਖ ਵੀ ਫ਼ਰਿਸ਼ਤਾ ਨਹੀਂ ਬਣ ਸਕਦਾ। ਇਹ ਦੋਵੇ ਕਾਨੂਨ ਬਦਲ ਨਹੀਂ ਸਕਦੇ, ਅਨਾਦੀ ਤੇ ਅਟਲ ਹਨ। ਇਸ ਲਈ ਅਕਾਸ਼ ਦਾ ਕਾਨੂਨ ਧਰਤੀ ਉਪੱਰ ਨਹੀਂ ਆ ਸਕਦਾ ਅਤੇ ਨ ਹੀ ਧਰਤੀ ਦਾ ਕਾਨੂਨ ਫ਼ਰਿਸ਼ਤਿਆ ਬਾਰੇ ਹੋ ਸਕਦਾ ਹੈ। ਮਨੁੱਖੀ ਖ਼ਤਾਵਾਂ (ਉਣਤਾਈਆਂ) ਜੇਕਰ ਤੌਬਾ (ਪਸ਼ਚਾਤਾਪ)

ਰਾਹੀਂ ਖ਼ਤਮ ਹੋਣ ਤਾਂ ਉਹ ਮਨੁੱਖ ਨੂੰ ਫ਼ਰਿਸ਼ਤਿਆਂ ਤੋਂ ਵੀ ਬਹੁਤ ਚੰਗਾ ਬਣਾ ਸਕਦੀ ਹੈ । ਕਿਉਂਕਿ ਫ਼ਰਿਸ਼ਤਿਆਂ ਵਿੱਚ ਉਨੱਤੀ ਦਾ ਮਾਦਾ (ਅਸਲਾ) ਹੀ ਨਹੀਂ ਹੈ । ਮਨੁੱਖ ਦੇ ਪਾਪ ਤੌਬਾ (ਪਸ਼ਚਾਤਾਪ ਨਾਲ ਬਖ਼ਸ਼ੇ ਜਾਂਦੇ ਹਨ ਅਤੇ ਇਲਾਹੀ ਆਦਰਸ਼ ਨੇ ਕਈ ਲੋਕਾਂ ਵਿੱਚ ਖ਼ਤਾ ਕਰਨ ਦੀ ਕੜੀ ਬਾਕੀ ਰੱਖੀ ਹੈ ਤਾਂ ਜੋ ਉਹ ਗੁਨਾਹ ਕਰਕੇ ਆਪਣੀਆਂ ਕਮਜ਼ੋਰੀਆਂ ਉਪੱਰ ਪਕੜ ਕਰ ਸਕਣ ਅਤੇ ਫਿਰ ਤੌਬਾ ਕਰਕੇ ਬਖ਼ਸ਼ੇ ਜਾਣ । ਇਹੋ ਕਾਨੂੰਨ ਹੈ ਜੋ ਮਨੁੱਖ ਲਈ ਨਿਰਧਾਰਤ ਕੀਤਾ ਗਿਆ ਹੈ ਅਤੇ ਇਸੇ ਨੂੰ ਮਨੁੱਖੀ ਸੁਭਾਉ ਲੋਚਦਾ ਹੈ । ਭੁੱਲ ਜਾਂ ਗ਼ਲਤੀ ਮਨੁੱਖ ਦੇ ਸੁਭਾਉ ਦਾ ਵਿਸ਼ੇਸ਼ ਗੁਣ ਹੈ ਫ਼ਰਿਸ਼ਤਿਆਂ ਦਾ ਨਹੀਂ । ਫਿਰ ਉਹ ਕਾਨੂੰਨ ਜੋ ਫ਼ਰਿਸ਼ਤਿਆ ਬਾਰੇ ਹੈ ਮਨੁੱਖਾਂ'ਤੇ ਕਿਵੇਂ ਲਾਗੂ ਹੋ ਸਕਦਾ ਹੈ । ਇਹ ਖ਼ਤਾ (ਭੁੱਲ) ਦੀ ਗੱਲ ਹੈ ਕਿ ਕਮਜ਼ੋਰੀ ਦੀ ਗੱਲ ਰੱਬ ਵੱਲ ਮੜ੍ਹ ਦਿੱਤੀ ਜਾਵੇ, ਕੇਵਲ ਨਿਯਮਾ ਦੇ ਸਿੱਟੇ ਹਨ ਜੋ ਧਰਤੀ ਉਪੱਰ ਜਾਰੀ ਹੋ ਰਹੇ ਹਨ। ਨਊਜ਼ਬਿਲੱਾਹਿ (ਰੱਬ ਦੀ ਪਨਾਹ) ਕੀ ਰੱਬ ਅਜਿਹਾ ਕਮਜ਼ੋਰ ਹੈ ਕਿ ਜਿਸ ਦੀ ਬਾਦਸ਼ਾਹੀ, ਕੁਦਰਤ ਅਤੇ ਜਲਾਲ ਕੇਵਲ ਅਕਾਸ਼ ਤੱਕ ਹੀ ਸੀਮਤ ਹੈ ਜਾਂ ਧਰਤੀ ਦਾ ਕੋਈ ਹੋਰ ਰੱਬ ਹੈ ਜੋ ਧਰਤੀ ਉਪੱਰ ਮੁਖ਼ਾਲਫ਼ ਕਬਜ਼ਾ ਰਖੱਦਾ ਹੈ ਅਤੇ ਇਸਾਈਆਂ ਨੂੰ ਇਸ ਗੱਲ'ਤੇ ਜ਼ੋਰ ਦੇਣਾ ਚੰਗਾ ਨਹੀਂ ਕਿ ਕੇਵਲ ਅਕਾਸ਼ ਉਪੱਰ ਹੀ ਰੱਬ ਦੀ ਬਾਦਸ਼ਾਹੀ ਹੈ ਜੋ ਹੁਣੇ ਧਰਤੀ ਉਪੱਰ ਨਹੀਂ ਆਈ ਕਿਉਂਕਿ ਉਹ ਇਸ ਗੱਲ ਦੇ ਕਾਇਲ ਹਨ ਕਿ ਅਕਾਸ਼ ਕੋਈ ਚੀਜ਼ ਨਹੀਂ । ਹੁਣ ਸਪਸ਼ਟ ਹੈ ਕਿ ਜੇਕਰ ਅਕਾਸ਼ ਕੋਈ ਚੀਜ਼ ਨਹੀਂ ਜਿਸ'ਤੇ ਰੱਬ ਦੀ ਬਾਦਸ਼ਾਹੀ ਹੋਵੇ ਅਤੇ ਧਰਤੀ'ਤੇ ਅਜੇ ਰੱਬ ਦੀ ਬਾਦਸ਼ਾਹੀ ਆਈ ਨਹੀਂ ਤਾਂ ਸੰਭਵਤਾ ਰੱਬ ਦੀ ਬਾਦਸ਼ਾਹੀ ਕਿਸੇ ਥਾਂ ਵੀ ਨਹੀਂ । ਸਿਵਾਏ ਇਸਦੇ ਕਿ ਅਸੀਂ ਰੱਬ ਦੀ ਬਰਦਸ਼ਾਹੀ ਨੂੰ ਇਸ ਧਰਤੀ ਉਪੱਰ ਆਪਣੀਆਂ ਅਖੱਾਂ ਨਾਲ ਦੇਖ ਰਹੇ ਹਾਂ । ਉਸਦੇ ਕਾਨੂੰਨ ਅਨੁਸਾਰ ਸਾਡੀਆਂ ਉਮਰਾਂ ਖ਼ਤਮ ਹੋ ਜਾਂਦੀਆਂ ਹਨ ਅਤੇ ਸਾਡੀਆਂ ਹਾਲਤਾਂ ਬਦਲਦੀਆਂ ਰਹਿੰਦੀਆਂ ਹਨ ਅਤੇ ਸੈਂਕੜਿਆਂ ਸੁੱਖ ਦੁੱਖ ਅਸੀਂ ਦੇਖਦੇ ਹਾਂ, ਹਜ਼ਾਰਾਂ ਹੀ ਲੋਕ ਰੱਬ ਦੇ ਹੁਕਮ ਨਾਲ ਮਰਦੇ ਹਨ ਅਤੇ

ਹਜ਼ਾਰਾਂ ਹੀ ਪੈਦਾ ਹੁੰਦੇ ਹਨ । ਦੁਆਵਾਂ ਕੁਬੂਲ ਹੁੰਦੀਆਂ ਹਨ, ਨਿਸ਼ਾਨ (ਚਮਤਕਾਰ) ਪ੍ਰਕਟ ਹੁੰਦੇ ਹਨ । ਧਰਤੀ ਹਜ਼ਾਰਾ ਪ੍ਰਕਾਰ ਦੀਆਂ ਜੜੀ ਬੂਟੀਆਂ, ਫਲ ਅਤੇ ਫੁਲ ਉਸਦੇ ਹੁਕੁਮ ਨਾਲ ਪੈਦਾ ਕਰਦੀ ਹੈ ਤਾਂ ਕੀ ਇਹ ਸਭ ਕੁਝ ਰੱਬ ਦੀ ਬਾਦਸ਼ਾਹੀ ਤੋਂ ਬਿਨਾ ਹੋ ਰਿਹਾ ਹੈ । ਸਗੋਂ ਅਕਾਸ਼ੀ ਸੌਰ ਮੰਡਲ ਤਾਂ ਇਕ ਹੀ ਧੁਰੇ ਉਪੱਰ ਚੱਲੀ ਚਲੇ ਜਾਂਦੇ ਹਨ ਅਤੇ ਉਹਨਾਂ ਵਿੱਚ ਕੋਈ ਪਰਿਵਰਤਨ ਜਿਸ ਤੋਂ ਕਿਸੇ ਤਬਦੀਲੀ ਦਾ ਪਤਾ ਲਗੱਦਾ ਹੋਵੇ ਕੁਝ ਅਨੁਭਵ ਨਹੀਂ ਹੁੰਦਾ, ਪਰੰਤੂ ਧਰਤੀ ਹਜ਼ਾਰਾਂ ਹੀ ਪਰਿਵਰਤਨਾ, ਉਥੱਲ ਪ੍ਰਥੱਲ, ਇਨਕਲਾਬ ਤੇ ਤਬਦੀਲੀਆਂ ਦਾ ਨਿਸ਼ਾਨਾ ਬਣ ਰਹੀ ਹੈ । ਪ੍ਰਤੀਦਿਨ ਕਰੋੜਾਂ ਮਨੁੱਖ ਦੁਨੀਆ ਵਿੱਚੋਂ ਲੰਘ ਜਾਂਦੇ ਹਨ ਅਤੇ ਕਰੋੜਾਂ ਪੈਦਾ ਹੋ ਜਾਂਦੇ ਹਨ ਅਤੇ ਹਰ ਇਕ ਪੱਖੋਂ ਤੇ ਹਰ ਇਕ ਰੂਪ ਵਿੱਚ ਇਕ ਸਤੱਾਧਾਰੀ ਤੇ ਨਿਰਮਾਣਕਾਰੀ (ਰੱਬ) ਦਾ ਕਬਜ਼ਾ ਅਨੁਭਵ ਹੋ ਰਿਹਾ ਹੈ ਤਾਂ ਕੀ ਹੁਣ ਤੱਕ ਰੱਬ ਦੀ ਬਾਦਸ਼ਾਹੀ ਧਰਤੀ ਉਪੱਰ ਨਹੀਂ ਅਤੇ ਇੰਜੀਲ ਨੇ ਇਸ'ਤੇ ਕੋਈ ਦਲੀਲ ਪੇਸ਼ ਨਹੀਂ ਕੀਤੀ ਕਿ ਕਿਉਂ ਹੁਣ ਤੱਕ ਰੱਬ ਦੀ ਬਾਦਸ਼ਾਹੀ ਧਰਤੀ ਉਪੱਰ ਨਹੀਂ ਆਈ । ਹਾਂ, ਮਸੀਹ ਦਾ ਬਾਗ਼ ਵਿੱਚ ਆਪਣੇ ਬੱਚ ਜਾਣ ਲਈ ਸਾਰੀ ਰਾਤ ਦੁਆ ਕਰਨਾ ਅਤੇ ਦੁਆ ਦਾ ਕੁਬੂਲ ਵੀ ਹੋ ਜਾਣਾ ਜਿਵੇਂ ਕਿ ਇਬਰਾਨੀਆਂ-5 ਆਇਤ 7 ਵਿੱਚ ਲਿੱਖਿਆ ਹੈ, ਪਰ ਫਿਰ ਵੀ ਰੱਬ ਦਾ ਉਸ ਨੂੰ ਛੁਡਾਉਣ'ਤੇ ਕਾਦਰ ਨ ਹੋਣਾ ਇਹ ਇਸਾਈਆਂ ਦੇ ਗੁਮਾਨ ਅਨੁਸਾਰ ਇਕ ਤਰਕ ਹੋ ਸਕਦਾ ਹੈ ਕਿ ਉਸ ਜੁੱਗ ਵਿੱਚ ਰੱਬ ਦੀ ਬਾਦਸ਼ਾਹੀ ਧਰਤੀ ਉਪੱਰ ਨਹੀਂ ਸੀ । ਪਰ ਅਸੀਂ ਇਸ ਤੋਂ ਵਧੱਕੇ ਦੁੱਖ ਦੇਖੇ ਹਨ ਅਤੇ ਉਹਨਾ ਤੋਂ ਮੁਕਤੀ ਪਾਈ ਹੈ । ਅਸੀਂ ਕਿਵੇਂ ਰੱਬ ਦੀ ਬਾਦਸ਼ਾਹੀ ਦਾ ਇਨਕਾਰ ਕਰ ਸਕਦੇ ਹਾਂ । ਕੀ ਉਹ ਕਤਲ ਦਾ ਮੁਕਦੱਮਾ ਜੋ ਮੇਰੇ ਕਤਲ ਕਰਨ ਲਈ ਮਾਰਟਨ ਕਲਾਰਕ ਵੱਲੋਂ ਕਪਤਾਨ ਡਗਲਸ ਦੀ ਅਦਾਲਤ ਵਿੱਚ ਪੇਸ਼ ਹੋਇਆ ਸੀ ਉਹ ਉਸ ਮੁਕਦੱਮੇ ਤੋਂ ਕੁਝ ਘੱਟ ਸੀ ਜੋ ਕੇਵਲ ਧਾਰਮਕ ਮਤਿਭੇਦ ਕਰਕੇ, ਨ ਕਿ ਕਿਸੇ ਖ਼ੂਨ ਦੇ ਦੋਸ਼ ਵਿੱਚ ਯਹੂਦੀਆਂ ਵੱਲੋਂ ਪਿਲਾਤੂਸ ਦੀ ਅਦਾਲਤ ਵਿੱਚ ਦਾਇਰ ਕੀਤਾ ਗਿਆ ਸੀ, ਪਰ ਕਿਉਂਕਿ ਰੱਬ ਦੀ

ਧਰਤੀ ਉਪੱਰ ਵੀ ਬਾਦਸ਼ਾਹੀ ਹੈ ਜਿਵੇਂ ਅਕਾਸ਼ਾਂ ਉਪੱਰ, ਇਸ ਲਈ ਉਸ ਨੇ ਇਸ ਮੁਕਦੱਮੇ ਦੀ ਮੈਂਨੂੰ ਪਹਿਲਾਂ ਹੀ ਖ਼ਬਰ ਦੇ ਦਿੱਤੀ ਕਿ ਇਹ ਮੁਸੀਬਤ ਆਉਣ ਵਾਲੀ ਹੈ ਅਤੇ ਫਿਰ ਖ਼ਬਰ ਦਿੱਤੀ ਕਿ ਮੈਂ ਤੁਹਾਨੂੰ ਬਰੀ ਕਰਾਂਗਾ ਅਤੇ ਉਹ ਖ਼ਬਰ ਸੈਂਕੜਿਆਂ ਮਨੁੱਖਾਂ ਨੂੰ ਸਮੇਂ ਤੋਂ ਪਹਿਲਾਂ ਸੁਣਾਈ ਗਈ ਅਤੇ ਅਖ਼ੀਰ ਮੈਂਨੂੰ ਬਰੀ ਕੀਤਾ ਗਿਆ । ਸੋ, ਇਹ ਰੱਬ ਦੀ ਬਾਦਸ਼ਾਹੀ ਸੀ ਜਿਸਨੇ ਇਸ ਮੁਕਦੱਮੇ ਤੋਂ ਮੈਂਨੂੰ ਬਚਾ ਲਿਆ ਜੋ ਮੁਸਲਮਾਨਾ ਤੇ ਹਿੰਦੁਆਂ ਅਤੇ ਇਸਾਈਆਂ ਦੇ ਸਮਝੋਤਿਆਂ ਨਾਲ ਮੇਰੇ ਵਿਰੁਧ ਖੜਾ ਕੀਤਾ ਗਿਆ ਸੀ । ਅਜਿਹਾ ਹੀ ਨ ਇਕ ਵਾਰ ਸਗੋਂ ਵੀਹਾਂ ਵਾਰੀ ਮੈਂ ਰੱਬ ਦੀ ਬਾਦਸ਼ਾਹੀ ਨੂੰ ਧਰਤੀ ਉਪੱਰ ਦੇਖਿਆ ਹੈ ਅਤੇ ਮੈਂਨੂੰ ਰੱਬ ਦੀ ਇਸ ਆਇਤ ਉਪੱਰ ਇਮਾਨ ਲਿਆਉਣਾ ਪਿਆ ਕਿ :

لَهُ مُلْكُ السَّمَاوَاتِ وَالْأَرْضِ۔ (الحدید 3)

'ਲਹੂ ਮੁਲਕੁਸ ਸਮਾਵਾਤਿ ਵਲ ਅਰਜ਼ਿ (ਸੂਰਤ ਹਦੀਦ 3)

ਅਰਥਾਤ ਧਰਤੀ ਉਪੱਰ ਵੀ ਰੱਬ ਦੀ ਬਾਦਸ਼ਾਹੀ ਹੈ ਅਤੇ ਅਕਾਸ਼ ਉਪੱਰ ਵੀ । ਫਿਰ ਇਸ ਆਇਤ ਉਪੱਰ ਵੀ ਇਮਾਨ ਲਿਆਉਂਣਾ ਪਿਆ ਕਿ :

إِنَّمَا أَمْرُهُ إِذَا أَرَادَ شَيْئًا أَنْ يَقُولَ لَهُ كُنْ فَيَكُونُ۔ (یس 83)

'ਇਨੱਮਾ ਅਮਰੁਹੂ ਇਜ਼ਾ ਅਰਾਦਾ ਸ਼ੈਅਨ ਅੰਯਕੂਲਾ ਲਹੂ ਕੁਨ ਫ਼ਯਕੂਨ' (ਯਾਸੀਨ 83)

ਅਰਥਾਤ ਸਾਰੀ ਧਰਤੀ ਤੇ ਅਕਾਸ਼ ਉਸਦੀ ਆਗਿਆਕਾਰੀ ਕਰ ਰਹੇ ਹਨ, ਜੱਦ ਇਕ ਕੰਮ ਨੂੰ ਕਰਨਾ ਚਾਹੁੰਦਾ ਹੈ ਤਾਂ ਕਹਿੰਦਾ ਹੈ ਹੋ ਜਾ ਤਾਂ ਝੱਟ ਉਹ ਕੰਮ ਹੋ ਜਾਂਦਾ ਹੈ ਅਤੇ ਫਿਰ ਫ਼ਰਮਾਉਂਦਾ ਹੈ :

وَاللّٰهُ غَالِبٌ عَلٰى أَمْرِهٖ وَلٰكِنَّ أَكْثَرَ النَّاسِ لَا يَعْلَمُوْنَ۔ (یوسف 22)

'ਵਲੱਾਹੁ ਗ਼ਾਲਿਬੁਨ ਅਲਾ ਅਮਰਿਹੀ ਵਲਾਕਿਨੱਾ ਅਕਸਰਨੱਾਸਿ ਲਾ ਯਾਲਾਮੂਨ' (ਯੂਸੁਫ਼ 22)

ਅਰਥਾਤ ਰੱਬ ਆਪਣੇ ਇਰਾਦੇ ਉਪੱਰ ਗ਼ਾਲਬ ਹੈ ਪਰ ਅਧਿਕਤਰ ਲੋਕ ਰੱਬ ਦੇ ਕਹਿਰ ਅਤੇ ਉਸਦੇ ਜਾਹੋ ਜਲਾਲ ਤੋਂ ਅਣਜਾਣ ਹਨ । ਭਾਵ, ਇਹ ਤਾਂ ਇੰਜੀਲ ਦੀ ਦੁਆ ਹੈ ਜੋ ਮਨੁੱਖ ਨੂੰ ਰੱਬ ਦੀ ਰਹਿਮਤ ਤੋਂ ਨਿਰਾਸ਼ ਕਰਦੀ ਹੈ ਅਤੇ ਉਸ ਦੇ ਰੱਬ ਹੋਣ, ਉਸ ਤੋਂ ਲਾਭ ਪਾਉਣ ਅਤੇ ਪ੍ਰਤੀਫਲ ਪ੍ਰਾਪਤ ਕਰਨ ਤੋਂ ਇਸਾਈਆਂ ਨੂੰ ਮੁਕਤ ਕਰਦੀ ਹੈ ਅਤੇ ਉਸਨੂੰ ਧਰਤੀ ਉਪੱਰ ਮਦਦ ਦੇਣ ਯੋਗ

ਨਹੀਂ ਜਾਣਦੀ, ਜੱਦ ਤੱਕ ਉਸਦੀ ਬਾਦਸ਼ਾਹੀ ਧਰਤੀ ਉਪੱਰ ਨ ਆ ਜਾਵੇ । ਪਰੰਤੂ ਇਸਦੇ ਟਾਕਰੇ'ਤੇ ਜੋ ਦੁਆ ਰੱਬ ਨੇ ਜੋ ਮੁਸਲਮਾਨਾ ਨੂੰ ਕੁਰਆਨ ਕਰੀਮ ਵਿੱਚ ਸਿਖਾਈ ਹੈ ਉਹ ਇਸ ਗਲੱ ਨੂੰ ਪੇਸ਼ ਕਰਦੀ ਹੈ ਕਿ ਧਰਤੀ ਉਪੱਰ ਰੱਬ, ਖੁੰਝੇ ਹੋਏ ਰਾਜ ਵਰਗੇ ਲੋਕਾਂ ਵਾਂਗ ਬੇਕਾਰ (ਨਿਕੰਮਾ) ਨਹੀਂ ਹੈ ਸਗੋਂ ਉਸਦਾ ਰਾਜ, ਪਾਲਣਹਾਰਤਾ, ਦਿਆਲਤਾ, ਕ੍ਰਿਪਾਲਤਾ ਅਤੇ ਖ਼ੁਦ ਮੁਖ਼ਤਿਆਰੀ ਧਰਤੀ ਉਪੱਰ ਜਾਰੀ ਹੈ ਅਤੇ ਉਹ ਆਪਣੇ ਇਬਾਦਤਗੁਜ਼ਾਰ ਬੰਦਿਆਂ ਨੂੰ ਮਦਦ ਦੇਣ ਦੀ ਤਾਕਤ ਰਖੱਦਾ ਹੈ ਅਤੇ ਮੁਜਰਮਾ ਨੂੰ ਆਪਣੇ ਗ਼ਜ਼ਬ ਨਾਲ ਹਲਾਕ ਕਰ ਸਕਦਾ ਹੈ । ਉਹ ਦੁਆ ਇਹ ਹੈ :

اَلْحَمْدُ لِلّٰهِ رَبِّ الْعَالَمِيْنَ 0 الرَّحْمٰنِ الرَّحِيْمِ 0 مَالِكِ يَوْمِ الدِّيْنِ 0 إِيَّاكَ نَعْبُدُ وَإِيَّاكَ نَسْتَعِيْنُ 0 اهْدِنَا الصِّرَاطَ الْمُسْتَقِيْمَ 0 صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّالِّيْنَ 0 آمِيْن۔

(الفاتحة 2-7)

'ਅਲਹਮਦੁ ਲਿਲੱਾਹਿ ਰੱਬਿਲ ਆਲਾਮੀਨ 0 ਅਰ ਰਹਮਾਨਿਰ ਰਹੀਮ 0 ਮਾਲਿਕਿ ਯੌਮਿੱਦੀਨ 0 ਇਯੱਕਾ ਨਾਬੁਦੁ ਵ ਇਯੱਾਕਾ ਨਸਤਾਈਨ 0 ਇਹਦਿਨਸ ਸਿਰਾਤਲ ਮੁਸਤਕੀਮ 0 ਸਿਰਾਤਲ ਲਜ਼ੀਨਾ ਅਨ ਅਮਤਾ ਅਲੈਹਿਮ ਗ਼ੈਰਿਲ ਮਗ਼ਜ਼ੂਬਿ ਅਲੈਹਿਮ ਵਲੱਜ਼ਾਲੀਨ 0 ਆਮੀਨ । (ਸੂਰਤ ਫ਼ਾਤਿਹਾ 2 ਤੋਂ 7)

ਅਰਥ : ਉਹ ਰੱਬ ਹੀ ਹੈ ਜੋ ਸਾਰੀਆਂ ਪ੍ਰਸ਼ੰਸਾਵਾਂ ਤੇ ਉਸਤਤੀਆਂ ਦਾ ਦਾ ਆਧਿਕਾਰੀ ਹੈ ਅਰਥਾਤ ਉਸ ਦੀ ਬਾਦਸ਼ਾਹੀ ਵਿੱਚ ਕੋਈ ਨੁਕਸ ਨਹੀਂ ਅਤੇ ਉਸਦੀਆਂ ਖ਼ੂਬੀਆਂ ਲਈ ਕੋਈ ਅਜਿਹੀ ਅਵਸਥਾ ਦੀ ਉਡੀਕ ਨਹੀਂ ਜੋ ਅੱਜ ਨਹੀ ਸਗੋਂ ਭਲਕੇ ਪ੍ਰਾਪਤ ਹੋਵੇਗੀ ਅਤੇ ਉਸਦੀ ਬਾਦਸ਼ਾਹੀ ਦੇ ਅਸਬਾਬ ਵਿੱਚ ਕੋਈ ਚੀਜ਼ ਅਜਾਈਂ ਨਹੀਂ । ਉਹ ਸਾਰਿਆਂ ਜਹਾਨਾ ਦੀ ਪਾਲਣਾ ਕਰ ਰਿਹਾ ਹੈ। ਬਿਨਾ ਕਿਸੇ ਮੁਆਵਜ਼ੇ ਦੇ ਰਹਿਮਤ ਵਰਤਾਉਂਦਾ ਹੈ ਅਤੇ ਕਰਮਾ ਬਦਲੇ ਅਤਿਅੰਤ ਰਹਿਮਤ ਪ੍ਰਦਾਨ ਕਰਦਾ ਹੈ । ਲਾਭ ਤੇ ਦੰਡਫਲ ਨੀਯਤ ਸਮੇਂ ਉਪੱਰ ਦਿੰਦਾ ਹੈ । ਉਸੇ ਦੀ ਅਸੀਂ ਇਬਾਦਤ ਕਰਦੇ ਹਾਂ ਅਤੇ ਉਸੇ ਤੋਂ ਅਸੀਂ ਮਦਦ ਮੰਗਦੇ ਹਾਂ ਤੇ ਦੁਆ ਕਰਦਾ ਹਾਂ ਕਿ ਸਾਨੂੰ ਸਾਰੀਆਂ ਨੇਮਤਾਂ ਦੇ ਮਾਰਗ ਦਿਖਾ ਅਤੇ ਗ਼ਜ਼ਬ ਦੇ ਮਾਰਗਾਂ ਅਤੇ ਗੁਮਰਾਹੀ ਦੇ ਮਾਰਗਾਂ ਤੋਂ ਦੂਰ ਰੱਖ ।

ਇਹ ਦੁਆ ਜੋ **ਸੂਰਤ ਫ਼ਾਤਿਹਾ** ਵਿੱਚ ਹੈ ਇੰਜੀਲ ਦੀ ਦੁਆ ਤੋਂ ਪੂਰਨਤਾ ਵਖੱਰੀ ਹੈ ਕਿਉਂਕਿ ਇੰਜੀਲ ਵਿੱਚ ਧਰਤੀ ਉਪੱਰ ਰੱਬ ਦੀ ਵਰਤਮਾਨ ਬਾਦਸ਼ਾਹੀ ਹੋਣ ਤੋਂ ਇਨਕਾਰ ਕੀਤਾ ਗਿਆ ਹੈ, ਸੋ, ਇੰਜੀਰਲ ਅਨੁਸਾਰ ਧਰਤੀ ਉਪੱਰ ਰੱਬ ਦਾ ਰੱਬ ਹੋਣਾ ਨ ਕੁਝ ਕੰਮ ਕਰ ਰਿਹਾ ਹੈ ਨ ਦਿਆਲਤਾ, ਨ ਕ੍ਰਿਪਾਲਤਾ, ਨ ਉਸਦੀ ਕੁਦਰਤ ਅਤੇ ਨ ਲਾਭ ਤੇ ਦੰਡ ਫ਼ਲ, ਕਿਉਕਿ ਹੁਣ ਤੱਕ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਨਹੀਂ ਆਈ । ਪਰ ਸੂਰਤ ਫ਼ਤਿਹਾ ਤੋਂ ਪਤਾ ਲਗੱਦਾ ਹੈ ਕਿ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਮੌਜੂਦ ਹੈ । ਇਸ ਲਈ ਸੂਰਤ ਫ਼ਾਤਿਹਾ ਵਿੱਚ ਬਾਦਸ਼ਾਹੀ ਦੇ ਸਾਰੇ ਅਸਬਾਬ ਬਿਆਨ ਕੀਤੇ ਗਏ ਹਨ । ਸਪਸ਼ਟ ਹੈ ਕਿ ਬਾਦਸ਼ਾਹ ਵਿੱਚ ਇਹ ਗੁਣ ਹੋਣੇ ਚਾਹੀਦੇ ਹਨ ਕਿ ਉਹ ਲੋਕਾਂ ਦੀ ਪਰਵਰਿਸ਼ ਵਿੱਚ ਕੁਦਰਤ ਰਖੱਦਾ ਹੋਵੇ, ਸੋ, ਸੂਰਤ ਫ਼ਾਤਿਹਾ ਵਿੱਚ 'ਰਬਿੱਲ ਆਲਾਮੀਨ' (رَبِّ الْعَالَمِيْنَ) ਦੇ ਸ਼ਬਦਾਂ ਵਿੱਚ ਇਸ ਗੁਣ ਨੂੰ ਪ੍ਰਮਾਣਤ ਕੀਤਾ ਗਿਆ ਹੈ । ਫਿਰ ਦੂਜੀ ਸਿਫ਼ਤ ਬਾਦਸ਼ਾਹ ਦੀ ਇਹ ਚਾਹੀਦੀ ਹੈ ਕਿ ਜੋ ਕੁਝ ਉਸਦੀ ਪ੍ਰਜਾ ਨੂੰ ਆਪਣੀ ਵੱਸੋਂ ਲਈ ਜ਼ਰੂਰੀ ਸਮਾਨ ਦੀ ਲੋੜ ਹੈ ਉਹ ਉਹਨਾ ਦੀ ਕਿਸੇ ਸੇਵਾ ਜਾਂ ਹਰਜਾਨੇ ਤੋਂ ਬਿਨਾ ਆਪ ਦਿਆਵਾਨ ਬਾਦਸ਼ਾਹੀ ਢੰਗ ਨਾਲ ਪੂਰਿਆਂ ਕਰੇ। ਇਸ ਲਈ 'ਅਰੱਹਮਾਨ' ਸ਼ਬਦ ਤੋਂ ਇਸ ਗੁਣ ਨੂੰ ਸਿੱਧ ਕਰ ਦਿਤੱਾ ਹੈ । ਤੀਜੀ ਸਿਫ਼ਤ ਬਾਦਸ਼ਾਹ ਦੀ ਇਹ ਚਾਹੀਦੀ ਹੈ ਕਿ ਜਿੰਨ੍ਹਾ ਕੰਮਾ ਨੂੰ ਪ੍ਰਜਾ ਆਪਣੇ ਜਤਨਾ ਨਾਲ ਨੇਪਰੇ ਨ ਚਾੜ੍ਹ ਸਕੇ, ਉਹਨਾ ਦੇ ਨੇਪਰੇ ਚਾੜ੍ਹਨ ਲਈ ਉਚਿਤ ਰੂਪ ਵਿੱਚ ਸਹਾਈ ਹੋਵੇ । ਇਸ ਲਈ 'ਰਹੀਮ' ਸ਼ਬਦ ਨਾਲ ਇਸ ਸਿਫ਼ਤ ਨੂੰ ਸਿੱਧ ਕੀਤਾ ਹੈ । ਚੌਥੀ ਸਿਫ਼ਤ ਬਾਦਸ਼ਾਹ ਵਿੱਚ ਇਹ ਚਾਹੀਦੀ ਹੈ ਕਿ ਫਲ ਪ੍ਰਤੀਫਲ ਉਪੱਰ ਕਾਦਰ ਹੁੰਦਾ ਹੈ ਤਾਂ ਜੋ ਪ੍ਰਬੰਧਕੀ ਕਾਰਜਾਂ ਵਿੱਚ ਰੋਕ ਨ ਬਣੇ । ਇਸ ਲਈ 'ਮਾਲਿਕਿ ਯੌਮਿੱਦੀਨ' ਸ਼ਬਦ ਰਾਹੀਂ ਇਸ ਸਿਫ਼ਤ ਨੂੰ ਪ੍ਰਕਟ ਕਰਕ ਦਿਤੱਾ ਹੈ । ਸਾਰ ਇਹ ਕਿ ਉਪਰੋਕਤ ਵਰਨਣ ਸੂਰਤ ਫ਼ਤਿਹਾ ਨੇ ਬਾਦਸ਼ਾਹੀ ਦੀਆਂ ਸਾਰੀਆਂ ਲੋੜੀਂਦੀਆਂ ਸਿਫ਼ਤਾਂ ਨੂੰ ਪੇਸ਼ ਕੀਤਾ ਹੈ ਜਿੰਨ੍ਹਾ ਤੋਂ ਬਾਦਸ਼ਾਹੀ ਸਿੱਧ ਹੁੰਦੀ ਹੈ ਕਿ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਅਤੇ ਬਾਦਸ਼ਾਹੀ ਦੇ ਪ੍ਰਭਾਵ

ਮੌਜੂਦ ਹਨ । ਸੋ, ਉਸ ਦਾ ਰੱਬ ਹੋਣਾ (ਪਰਵਰਦਗਾਰੀ) ਵੀ ਮੌਜੂਦ ਹੈ ਅਤੇ ਉਸਦੀ ਦਿਆਲਤਾ ਵੀ ਮੌਜੂਦ ਹੈ ਅਤੇ ਕ੍ਰਿਪਾਲਤਾ ਵੀ ਮੌਜੂਦ ਹੈ ਅਤੇ ਸਹਾਇਕ ਹੋਣਾ ਵੀ ਮੌਜੂਦ ਹੈ । ਫਲ ਤੇ ਪ੍ਰਤੀਫਲ ਵੀ ਮੌਜੂਦ ਹੈ । ਭਾਵ ਇਹ ਕਿ ਜੋ ਕੁਝ ਬਾਦਸ਼ਾਹੀ ਲਈ ਜ਼ਰੂਰੀ ਹੁੰਦਾ ਹੈ ਧਰਤੀ ਉਪੱਰ ਸਭ ਕੁਝ ਰੱਬ ਦਾ ਮੌਜੂਦ ਹੈ, ਇਕ ਰਤੀ ਵੀ ਉਸ ਦੇ ਹੁਕੁਮ ਤੋਂ ਬਾਹਰ ਨਹੀਂ । ਹਰ ਇਕ ਪ੍ਰਤੀਫਲ ਉਸ ਦੇ ਹੱਥ ਵਿੱਚ ਹੈ, ਹਰ ਇਕ ਰਹਿਮਤ ਉਸ ਦੇ ਹੱਥ ਵਿੱਚ ਹੈ, ਪਰ ਇੰਜੀਲ ਇਹ ਦੁਆ ਸਿਖਾਉਂਦੀ ਹੈ ਕਿ ਅਜੇ ਰੱਬ ਦੀ ਬਾਦਸ਼ਾਹੀ ਤੁਹਾਡੇ ਵਿੱਚ ਨਹੀਂ ਆਈ, ਉਸ ਦੇ ਆਉਣ ਲਈ ਦੁਆ ਮੰਗਿਆ ਕਰੋ ਤਾਂ ਜੋ ਉਹ ਆ ਜਾਏ ਅਰਥਾਤ ਹੁਣ ਤੱਕ ਉਹਨਾ ਦਾ ਰੱਬ ਧਰਤੀ ਦਾ ਮਾਲਕ ਅਤੇ ਬਾਦਸ਼ਾਹ ਨਹੀਂ ਹੈ । ਇਸ ਲਈ ਅਜਿਹੇ ਰੱਬ ਤੋਂ ਕੀ ਆਸ਼ਾ ਹੋ ਸਕਦੀ ਹੈ । ਸੁਣੋ ਤੇ ਸਮਝੋ ਕਿ ਵੱਡੀ ਮਆਰਫ਼ਤ ਇਹੋ ਹੈ ਕਿ ਧਰਤੀ ਦਾ ਕਣ ਕਣ ਵੀ ਅਜਿਹਾ ਹੀ ਰੱਬ ਦੇ ਅਧਿਕ੍ਰਿਤ ਕਬਜ਼ੇ ਵਿੱਚ ਹੈ ਜਿਵੇਂ ਕਿ ਅਕਾਸ਼ ਦਾ ਕਣ ਕਣ ਰੱਬ ਦੀ ਬਾਦਸ਼ਾਹੀ ਵਿੱਚ ਹੈ ਅਤੇ ਜਿਵੇਂ ਕਿ ਅਕਾਸ਼ ਉਪੱਰ ਇਕ ਮਹਾਨ ਜੋਤਿ ਹੈ ਉਸੇ ਪ੍ਰਕਾਰ ਧਰਤੀ ਉਪੱਰ ਵੀ ਇਕ ਮਹਾਨ ਜੋਤਿ ਹੈ, ਸਗੋਂ ਅਕਾਸ਼ ਦੀ ਜੋਤਿ ਤਾਂ ਇਕ ਵਿਸ਼ਵਾਸ ਹੀ ਹੈ, ਸਾਧਾਰਣ ਮਨੁੱਖ ਨ ਤਾਂ ਅਕਾਸ਼ ਉਪੱਰ ਗਏ ਨ ਹੀ ਉਸਦਾ ਅਵਲੋਕਣ ਕੀਤਾ ਪਰ ਧਰਤੀ ਉਪੱਰ ਜੋ ਰੱਬ ਦੀ ਬਾਦਸ਼ਾਹੀ ਦੀ ਜੋਤਿ ਹੈ ਉਹ ਉਹ ਤਾਂ ਸਪਸ਼ਟ ਰੂਪ ਵਿੱਚ ਹਰ ਇਕ ਮਨੁੱਖ ਨੂੰ ਆਪਣੀਆਂ ਅਖੱਾਂ ਨਾਲ ਦਿਸ ਰਹੀ ਹੈ[10] ਹਰ ਇਕ ਮਨੁੱਖ ਭਾਵੇਂ ਉਹ ਕਿੰਨ੍ਹਾ ਹੀ ਧਨਵਾਨ ਹੋਵੇ ਆਪਣੀਆਂ ਇਛੱਾਵਾਂ ਦੇ ਵਿਰੁਧ ਮੌਤ ਦਾ ਘੁੱਟ ਭਰਦਾ ਹੈ । ਸੋ, ਦੇਖੋ ਉਸ ਹਕੀਕੀ ਬਾਦਸ਼ਾਹ ਦੇ ਹੁਕਮ

---

[10] ਆਇਤ 'ਵ ਹਮਲਾਹਲ ਇਨਸਾਨਾ' (ਅਹਜ਼ਾਬ 73) ਵੀ ਦਲੀਲ ਦੇ ਰਹੀ ਹੈ ਕਿ ਰੱਬ ਦਾ ਹਕੀਕੀ ਆਗਿਆਕਾਰ ਮਨੁੱਖ ਹੀ ਹੈ ਜੋ ਆਪਣੀ ਆਗਿਆਕਾਰੀ ਨੂੰ ਪ੍ਰੇਮ ਤੇ ਇਸ਼ਕ ਤੱਕ ਪਹੁੰਚਾਉਂਦਾ ਹੈ ਅਤੇ ਰੱਬ ਦੀ ਬਾਦਸ਼ਾਹੀ ਨੂੰ ਹਜ਼ਾਰਾ ਹੀ ਬਲਾਵਾਂ ਨੂੰ ਸਿਰ'ਤੇ ਲੈਕੇ ਧਰਤੀ ਉਪੱਰ ਪ੍ਰਮਾਣਤ ਕਰਦਾ ਹੈ । ਸੋ, ਇਹ ਆਗਿਆਕਰੀ ਜੋ ਦਿਲ ਵਿੱਚੋਂ ਮਿਲੀ ਹੋਈ ਹੈ ਫ਼ਰਿਸ਼ਤੇ ਕੱਦੋਂ ਇਸ ਨੂੰ ਬਜਾ ਲਿਆ ਸਕਦੇ ਹਨ । (ਲੇਖਕ)

ਦੀ ਧਰਤੀ ਉਪੱਰ ਕਿੰਨ੍ਹੀ ਜੋਤਿ ਹੈ ਕਿ ਜੱਦ ਹੁਕਮ ਆ ਜਾਂਦਾ ਹੈ ਤਾਂ ਕੋਈ ਆਪਣੀ ਮੌਤ ਨੂੰ ਇਕ ਸੈਕੰਡ ਵੀ ਨਹੀਂ ਰੋਕ ਸਕਦਾ । ਹਰ ਇਕ ਪਾਮਰ ਜਾਂ ਅਸਹਾਇ ਰੋਗ ਜੱਦ ਲੱਗ ਜਾਂਦਾ ਹੈ ਤਾਂ ਕੋਈ ਹਕੀਮ ਜਾਂ ਡਾਕਟਰ ਵੀ ਉਸ ਨੂੰ ਦੂਰ ਨਹੀਂ ਕਰ ਸਕਦਾ । ਸੋ, ਗ਼ੌਰ ਕਰੋ ਕਿ ਇਹ ਰੱਬ ਦੀ ਕਿਹੋ ਜਿਹੀ ਬਾਦਸ਼ਾਹੀ ਦੀ ਧਰਤੀ'ਤੇ ਜੋਤਿ ਹੈ ਜੋ ਉਸਦੇ ਹੁਕਮ ਨੂੰ ਰੱਦ ਨਹੀਂ ਕਰ ਸਕਦੇ। ਫਿਰ ਕਿਵੇਂ ਕਿਹਾ ਜਾਏ ਕਿ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਨਹੀਂ, ਸਗੋਂ ਭਵਿੱਖ ਵਿੱਚ ਕਿਸੇ ਯੁੱਗ ਵਿੱਚ ਆਏਗੀ । ਦੇਖੋ ਇਸੇ ਯੁੱਗ ਵਿੱਚ ਰੱਬ ਦੇ ਆਕਾਸ਼ੀ ਹੁਕਮ ਨੇ ਤਾਊਨ (ਪਲੇਗ) ਨਾਲ ਧਰਤੀ ਨੂੰ ਹਲੂਣ ਦਿਤੱਾ ਤਾਂ ਜੋ ਉਸਦੇ ਮਸੀਹ ਮੌਊਦ (ਸਮੇਂ ਤੋਂ ਪਹਿਲਾਂ ਦੱਸੇ ਗਏ ਆਉਣ ਵਾਲੇ ਸੁਧਾਰਕ, ਮਹਦੀ) ਲਈ ਇਕ ਨਿਸ਼ਾਨ (ਚਮਤਕਾਰ) ਹੋਵੇ । ਸੋ, ਕੌਣ ਹੈ ਜੋ ਉਸਦੀ ਮਰਜ਼ੀ ਦੇ ਵਿਪਰੀਤ ਉਸਨੂੰ ਦੂਰ ਕਰ ਸਕੇ । ਸੋ, ਕਿਵੇਂ ਕਹਿ ਸਕਦੇ ਹਾਂ ਕਿ ਅਜੇ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਨਹੀਂ । ਹਾਂ, ਇਕ ਬਦਕਾਰ ਕੈਦੀਆਂ ਵਾਂਗ ਉਸਦੀ ਧਰਤੀ ਵਿੱਚ ਜੀਵਨ ਬਤੀਤੀ ਕਰਦਾ ਹੈ ਅਤੇ ਉਹ ਚਾਹੁੰਦਾ ਹੈ ਕਿ ਕਦੇ ਨ ਮਰੇ, ਪਰ ਰੱਬ ਦੀ ਸੱਚੀ ਬਾਦਸ਼ਾਹੀ ਉਸਨੂੰ ਮਾਰ ਮੁਕਾਉਂਦੀ ਹੈ ਅਤੇ ਉਹ ਅੰਤ ਨੂੰ ਮੌਤ ਦੇ ਪੰਜੇ ਵਿੱਚ ਜਕੜਿਆ ਜਾਂਦਾ ਹੈ । ਫਿਰ ਕਿਵੇਂ ਕਹਿ ਸਕਦੇ ਹਾਂ ਕਿ ਅਜੇ ਤੱਕ ਰੱਬ ਦੀ ਧਰਤੀ ਉਪੱਰ ਬਾਦਸ਼ਾਹੀ ਨਹੀਂ । ਦੇਖੋ ਧਰਤੀ ਉਪੱਰ ਪ੍ਰਤੀਦਿਨ ਰੱਬ ਦੇ ਹੁਕਮ ਨਾਲ ਇਕ ਘੜੀ ਵਿੱਚ ਕਰੋੜਾਂ ਮਨੁੱਖ ਮਰ ਜਾਂਦੇ ਹਨ ਅਤੇ ਕਰੋੜਾਂ ਹੀ ਉਸ ਦੇ ਨਿਸ਼ਚੇ ਨਾਲ ਪੈਦਾ ਹੋ ਜਾਂਦੇ ਹਨ ਅਤੇ ਕਰੋੜਾਂ ਹੀ ਉਸਦੀ ਮਰਜ਼ੀ ਨਾਲ ਫ਼ਕੀਰ ਤੋਂ ਅਮੀਰ ਅਤੇ ਅਮੀਰ ਤੋਂ ਫ਼ਕੀਰ ਬਣ ਜਾਂਦੇ ਹਨ ਫਿਰ ਕਿਵੇਂ ਕਹਿ ਸਕਦੇ ਹਾਂ ਕਿ ਹੁਣ ਤੱਕ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਨਹੀਂ । ਅਕਾਸ਼ਾਂ ਉਪੱਰ ਤਾਂ ਕੇਵਲ ਫ਼ਰਿਸ਼ਤੇ ਰਹਿੰਦੇ ਹਨ ਪਰ ਧਰਤੀ ਉਪੱਰ ਮਨੁੱਖ ਵੀ ਵਸਦੇ ਹਨ ਅਤੇ ਫ਼ਰਿਸ਼ਤੇ ਵੀ ਜੋ ਰੱਬ ਦੇ ਕਾਰਕੁਨ ਅਤੇ ਉਸਦੀ ਬਾਦਸ਼ਾਹੀ ਦੇ ਸੇਵਕ ਹਨ ਜੋ ਮਨੁੱਖ ਦੇ ਵੱਖ ਵੱਖ ਕਾਰਜਾ ਦੇ ਸੁਰੱਖਿਅਕ ਛੱਡੇ ਗਏ ਹਨ ਅਤੇ ਹਰ ਸਮੇਂ ਰੱਬ ਦੀ ਅਗਿਆਕਾਰੀ ਕਰਦੇ ਹਨ

ਅਤੇ ਆਪਣੀਆਂ ਰਿਪੋਰਟਾਂ ਭੇਜਦੇ ਰਹਿੰਦੇ ਹਨ । ਸੋ, ਕਿਵੇਂ ਕਹਿ ਸਕਦੇ ਹਾਂ ਕਿ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਨਹੀਂ ਸਗੋਂ ਰੱਬ ਸਭ ਤੋਂ ਵੱਧ ਆਪਣੀ ਧਰਤੀ ਦੀ ਬਾਦਸ਼ਾਹੀ ਨਾਲ ਹੀ ਪਛਾਣਿਆ ਗਿਆ ਹੈ, ਕਿਉਂਕਿ ਹਰ ਇਕ ਮਨੁੱਖ ਵਿਚਾਰ ਕਰਦਾ ਹੈ ਕਿ ਅਕਾਸ਼ ਦਾ ਭੇਤ ਗੁਪਤ ਤੇ ਅਪ੍ਰਦਰਸ਼ਿਤ ਹੈ ਸਗੋਂ ਵਰਤਮਾਨ ਸਮੇਂ ਵਿੱਚ ਲਗਭਗ ਸਾਰੇ ਇਸਾਈ ਅਤੇ ਉਹਨਾਂ ਦੇ ਫ਼ਿਲਾਸਫ਼ਰ (ਦਾਰਸ਼ਨਿਕ) ਅਕਾਸ਼ਾਂ ਦੀ ਹੋਂਦ ਦੇ ਹੀ ਸਮਰਥਕ ਨਹੀਂ, ਜਿੰਨ੍ਹਾ'ਤੇ ਰੱਬ ਦੀ ਬਾਦਸ਼ਾਹੀ ਦਾ ਇੰਜੀਲਾਂ ਵਿੱਚ ਸਾਰਾ ਮਦਾਰ (ਧੁਰਾ, ਨਿਰਭਰ) ਰੱਖਿਆ ਗਿਆ ਹੈ ਪਰ ਧਰਤੀ ਤਾਂ ਵਾਸਤਵ ਵਿੱਚ ਇਕ ਪਿੰਡ (ਗੋਲਾ) ਹੈ ਜੋ ਸਾਡੇ ਪੈਰ੍ਹਾਂ ਹੇਠ ਹੈ ਅਤੇ ਹਜ਼ਾਰਾਂ ਹੀ ਰੱਬ ਦੀ ਕੁਦਰਤ ਤੇ ਰਜ਼ਾ ਦੇ ਕਾਰਜ ਇਸ ਉਪੱਰ ਅਜਿਹੇ ਢੰਗ ਨਾਲ ਪ੍ਰਕਟ ਹੋ ਰਹੇ ਹਨ ਕਿ ਆਪਣੇ ਆਪ ਸਮਝ ਆ ਜਾਂਦਾ ਹੈ ਕਿ ਇਹ ਸਭ ਕੁਝ ਪਰਿਵਰਤਨ, ਹਾਦਸੇ ਤੇ ਜਨਮ ਮੌਤ ਕਿਸੇ ਵਿਸ਼ੇਸ਼ ਮਾਲਕ ਦੇ ਹੁਕਮ ਨਾਲ ਹੋ ਰਿਹਾ ਹੈ ਫਿਰ ਕਿਵੇਂ ਕਿਹਾ ਜਾਏ ਕਿ ਧਰਤੀ ਉਪੱਰ ਅਜੇ ਰੱਬ ਦੀ ਬਾਦਸ਼ਾਹੀ ਨਹੀਂ ਆਈ, ਸਗੋਂ ਅਜਿਹੀ ਸਿੱਖਿਆ ਅਜਿਹੇ ਯੁੱਗ ਵਿੱਚ ਜੱਦ ਕਿ ਇਸਾਈਆਂ ਵਿੱਚ ਅਕਾਸ਼ਾਂ ਦਾ ਬੜੇ ਜ਼ੋਰ ਨਾਲ ਇਨਕਾਰ ਕੀਤਾ ਗਿਆ ਹੈ । ਅਤਿਅੰਤ ਅਣਉਚਿਤ ਹੈ, ਕਿਉਂਕਿ ਇੰਜੀਲ ਦੀ ਇਸ ਦੁਆ ਵਿੱਚ ਤਾਂ ਕੁਬੂਲ ਕਰ ਲਿਆ ਗਿਆ ਹੈ ਕਿ ਹੁਣ ਤੱਕ ਧਰਤੀ ਉਪੱਰ ਰੱਬ ਦੀ ਬਾਦਸ਼ਾਹੀ ਨਹੀਂ । ਦੂਜੇ ਪਾਸੇ ਸਾਰੇ ਇਸਾਈ ਖੋਜੀਆਂ ਨੇ ਸੱਚੇ ਦਿਲ ਨਾਲ ਇਹ ਗੱਲ ਮੰਨ੍ਹ ਲਈ ਹੈ ਅਰਥਾਤ ਆਪਣੀਆਂ ਨਵੀਆਂ ਖੋਜਾਂ ਕਰਕੇ ਇਹ ਨਿਰਣਾ ਕਰ ਲਿਆ ਹੈ ਕਿ ਅਕਾਸ਼ ਕੋਈ ਚੀਜ਼ ਨਹੀਂ ਹਨ, ਉਹਨਾ ਦਾ ਕੋਈ ਵੁਜੂਦ ਨਹੀਂ ਹੈ, ਸੋ ਸਾਰ ਇਹ ਹੋਇਆ ਕਿ ਰੱਬ ਦੀ ਬਾਦਸ਼ਾਹੀ ਨ ਧਰਤੀ ਉਪੱਰ ਹੈ ਨ ਹੀ ਅਕਾਸ਼ਾਂ ਵਿੱਚ । ਅਕਾਸ਼ਾਂ ਤੋਂ ਤਾਂ ਇਸਾਈਆਂ ਨੇ ਇਨਕਾਰ ਕੀਤਾ ਅਤੇ ਧਰਤੀ ਦੀ ਬਾਦਸ਼ਾਹੀ ਤੋਂ ਉਹਨਾ ਦੀ ਇੰਜੀਲ ਨੇ ਰੱਬ ਨੂੰ ਉਤੱਰ ਦਿਤੱਾ, ਤਾਂ ਹੁਣ ਉਹਨਾ ਅਨੁਸਾਰ ਰੱਬ ਕੋਲ ਨ ਧਰਤੀ ਦੀ ਬਾਦਸ਼ਹੀ ਰਹੀ ਨ ਅਕਾਸ਼ ਦੀ, ਪਰੰਤੂ ਸਾਡੇ ਜਲਾਲ ਤੇ ਸਨਮਾਨ ਵਾਲੇ ਰੱਬ ਨੇ ਸੂਰਤ ਫ਼ਾਤਿਹਾ

ਵਿੱਚ ਨ ਅਕਾਸ਼ ਦਾ ਨਾਂ ਲਿਆ ਨ ਧਰਤੀ ਦਾ ਅਤੇ ਇਹ ਆਖ ਕੇ ਸਾਨੂੰ ਸਚੱਾਈ ਦੀ ਸੂਚਨਾ ਦੇ ਦਿੱਤੀ ਕਿ ਉਹ 'ਰਬੁੱਲ ਆਲਾਮੀਨ' (ਸਾਰਿਆਂ ਜਹਾਨਾ ਦਾ ਰੱਬ) ਹੈ ਅਰਥਾਤ ਜਿੱਥੋਂ ਤੱਕ ਵੱਸੋਂ ਹੈ[11] ਅਤੇ ਜਿੱਥੇ ਕਿਤੇ ਵੀ ਕਿਸੇ ਪ੍ਰਕਰ ਦੀ ਮਖ਼ਲੂਕ ਦੀ ਹੋਂਦ ਹੈ ਭਾਵੇਂ ਸ਼ਰੀਰ ਰੂਪ ਜਾਂ ਆਤਮਾ ਸਵਰੂਪ, ਉਹਨਾ ਸਾਰਿਆਂ ਦਾ ਪੈਦਾ ਕਰਨ ਵਾਲਾ ਕਰਤਾ ਤੇ ਪਾਲਣਹਾਰ ਰੱਬ ਹੀ ਹੈ ਜੋ ਹਰ ਸਮੇਂ ਉਹਨਾ ਦੀ ਪਾਲਣਾ ਕਰਦਾ ਹੈ ਅਤੇ ਉਹਨਾ ਲਈ ਯਥਾਯੋਗ ਪ੍ਰਬੰਧ ਕਰ ਰਿਹਾ ਹੈ । ਸਾਰਿਆਂ ਜਹਾਨਾ ਉਪੱਰ ਹਰ ਸਮੇਂ ਹਰ ਪਲ ਉਸਦੀ ਪਰਵਰਦਗਾਰੀ, ਦਿਆਲਤਾ, ਕ੍ਰਿਪਾਲਤਾ, ਫਲ, ਪ੍ਰਤੀਫਲ ਨਿਰੰਤਰ ਜਾਰੀ ਹੈ ਅਤੇ ਚੇਤੇ ਰਹੇ ਕਿ ਸੂਰਤ ਫ਼ਾਤਿਹਾ ਵਿੱਚ ਵਾਕ 'ਮਾਲਿਕੇ ਯੌਮਿੱਦੀਨ' (مَالِكِ يَوْمِ الدِّيْنِ) ਤੋਂ ਕੇਵਲ ਇਹ ਮੁਰਾਦ (ਭਾਵ) ਨਹੀਂ ਹੈ ਕਿ ਕਯਾਮਤ (ਪਰਲੈ) ਦੇ ਦਿਨ ਦੰਡ ਫਲ ਹੋਵੇਗਾ ਸਗੋਂ ਕੁਰਆਨ ਕਰੀਮ ਵਿੱਚ ਵਾਰ ਵਾਰ ਅਤੇ ਸਪਸ਼ਟ ਰੂਪ ਵਿੱਚ ਬਿਆਨ ਕੀਤਾ ਗਿਆ ਹੈ ਕਿ ਕਯਾਮਤ ਤਾਂ 'ਮਜਾਜ਼ਾਤਿ ਕੁਬਰਾ' (ਮਹਾਂ ਅਲੌਕਿਕ) ਦਾ ਸਮਾਂ ਹੈ, ਪਰ ਇਕ ਪ੍ਰਕਾਰ ਦੀ ਅਲੌਕਣ ਇਸ ਸੰਸਾਰ ਵਿੱਚ ਵੀ ਅਰੰਭ ਹੈ ਜਿਸ ਵੱਲ ਆਇਤ

يَجْعَلْ لَكُمْ فُرْقَانًا (الأنفال 30) 'ਯਜਅਲ ਲਕੁਮ ਫ਼ੁਰਕਾਨਾ' (ਸੂਰਤ ਅਨਫ਼ਾਲ 30)

ਸੰਕੇਤ ਕਰਤੀ ਹੈ । ਹੁਣ ਇਹ ਗੱਲ ਵੀ ਸੁਣੋ ਕਿ ਇੰਜੀਲ ਦੀ ਦੁਆ ਵਿੱਚ ਤਾਂ ਪ੍ਰਤੀਦਿਨ ਰੋਟੀ ਮੰਗੀ ਗਈ ਹੈ ਜਿਵੇਂ ਕਿ ਕਿਹਾ ਕਿ "ਸਾਡੀ ਰੋਜ਼ਾਨਾ ਰੋਟੀ ਸਾਨੂੰ ਅੱਜ ਬਖ਼ਸ਼" ਪਰ ਹੈਰਾਨੀ ਹੈ ਕਿ ਜਿਸਦੀ ਹੁਣ ਤੱਕ ਧਰਤੀ ਉਪੱਰ ਬਾਦਸ਼ਾਹੀ ਨਹੀਂ ਆਈ ਉਹ ਕਿਵੇਂ ਰੋਟੀ ਦੇ ਸਕਦਾ ਹੈ । ਹੁਣ ਤੱਕ ਤਾਂ ਸਾਰੇ ਖੇਤ ਅਤੇ ਸਾਰੇ ਫਲ ਨ ਉਸਦੇ ਹੁਕਮ ਨਾਲ ਸਗੋਂ ਆਪਣੇ ਆਪ ਪਕਦੇ ਹਨ ਅਤੇ ਆਪਣੇ ਆਪ

---

[11] ਦੇਖੋ ਇਹ ਸ਼ਬਦ ਰਬੁੱਲ ਆਲਾਮੀਨ ਕਿੰਨ੍ਹਾ ਵਿਆਪਕ ਹੈ ਜੇਕਰ ਇਹ ਸਿੱਧ ਹੋ ਜਾਏ ਕਿ ਸੌਰ ਮੰਡਲਾਂ ਵਿੱਚ ਕਿਤੇ ਵਾਸਾ ਹੈ ਤਾਂ ਵੀ ਉਹ ਇਸੇ ਕਲਮੇ ਹੇਠ ਆਉਣਗੇ । (ਲੇਖਕ)

ਵਰਖਾ ਹੁੰਦੀ ਹੈ, ਉਸਦਾ ਕੀ ਅਧਿਕਾਰ ਹੈ ਕਿ ਕਿਸੇ ਨੂੰ ਰੋਟੀ ਦੇਵੇ । ਜੱਦ ਧਰਤੀ ਉਪੱਰ ਬਾਦਸ਼ਾਹੀ ਆ ਜਾਏਗੀ ਫਿਰ ਉਸ ਤੋਂ ਰੋਟੀ ਮੰਗਣੀ ਚਾਹੀਦੀ ਹੈ। ਅਜੇ ਤਾਂ ਉਹ ਧਰਤੀ ਦੀ ਹਰ ਇਕ ਚੀਜ਼ ਤੋਂ ਬੇ ਦਖ਼ਲ ਹੈ, ਜੱਦ ਇਸ ਜਾਇਦਾਦ ਉਪੱਰ ਪੂਰਾ ਕਬਜ਼ਾ ਪਾਏਗਾ ਫਿਰ ਕਿਸੇ ਨੂੰ ਰੋਟੀ ਦੇ ਸਕਦਾ ਹੈ ਅਤੇ ਇਸ ਸਮੇਂ ਉਸ ਤੋਂ ਮੰਗਣਾ ਵੀ ਸ਼ੋਭਦਾ ਨਹੀਂ ਅਤੇ ਇਸ ਤੋਂ ਬਾਦ ਇਹ ਗੱਲ ਕਿ ਜਿਵੇਂ ਅਸੀਂ ਆਪਣੇ ਕਰਜ਼ਦਾਰਾਂ ਨੂੰ ਬਖ਼ਸ਼ਦੇ ਹਾਂ ਤੂੰ ਆਪਣੇ ਕਰਜ਼ ਨੂੰ ਸਾਨੂੰ ਬਖ਼ਸ਼ ਦੇ, ਅਹਿਜੀ ਅਵਸਥਾ ਵਿੱਚ ਇਹ ਵੀ ਠੀਕ ਨਹੀਂ ਹੈ ਕਿਉਕਿ ਧਰਤੀ ਦੀ ਬਾਦਸ਼ਾਹੀ ਅਜੇ ਉਸਨੂੰ ਹਾਸਲ ਨਹੀਂ ਅਤੇ ਅਜੇ ਤੱਕ ਇਸਾਈਆਂ ਨੇ ਕੁਝ ਉਸਦੇ ਹੱਥੋਂ ਲੈਕੇ ਖਾਧਾ ਨਹੀਂ ਤਾਂ ਫਿਰ ਕਰਜ਼ਾ ਕਿਹੜਾ ਹੋਇਆ । ਸੋ, ਅਜਿਹੇ ਖ਼ਾਲੀ ਹੱਥ ਰੱਬ ਤੋਂ ਕਰਜ਼ਾ ਬਖ਼ਸ਼ਾਉਣ ਦੀ ਕੋਈ ਲੋੜ ਨਹੀਂ ਅਤੇ ਨ ਹੀ ਉਸ ਤੋਂ ਕੋਈ ਖ਼ੌਫ਼ ਹੈ ਕਿਉਂਕਿ ਧਰਤੀ ਉਪੱਰ ਅਜੇ ਉਸਦੀ ਬਾਦਸ਼ਾਹੀ ਹੀ ਨਹੀਂ ਆਈ ਅਤੇ ਨ ਹੀ ਉਸ ਦੇ ਰਾਜ ਦਾ ਕੋਈ ਰੁਹਬ ਬਿਠਾ ਸਕਦਾ ਹੈ । ਉਸ ਦੀ ਕੀ ਮਜਾਲ ਕਿ ਕਿਸੇ ਮੁਜਰਮ ਨੂੰ ਦੰਡ ਦੇ ਸਕੇ ਜਾਂ ਮੂਸਾ ਅਲੈਹਿ ਸਲਾਮ ਦੇ ਯੁੱਗ ਦੀ ਨਾਫ਼ਰਮਾਨ ਕੌਮ ਵਾਂਗ ਤਾਊਨ (ਪਲੇਗ) ਤੋਂ ਹਲਾਕ ਕਰ ਸਕੇ ਜਾਂ ਲੂਤ ਦੀ ਕੌਮ ਵਾਂਗ ਉਹਨਾ'ਤੇ ਪਥੱਰ ਵਰ੍ਹਾ ਸਕੇ ਜਾਂ ਭੁਚਾਲਾਂ ਜਾਂ ਬਿਜਲੀ ਡਿਗਾਕੇ ਜਾਂ ਕਿਸੇ ਹੋਰ ਪ੍ਰਕੋਪ ਰਾਹੀਂ ਨਾਫ਼ਰਮਾਨਾ ਨੂੰ ਤਬਾਹ ਕਰ ਸਕੇ ਕਿਉਂਕਿ ਅਜੇ ਖ਼ੁਦਾ ਦੀ ਬਾਦਸ਼ਾਹੀ ਧਰਤੀ ਉਪੱਰ ਨਹੀਂ । ਸੋ, ਕਿਉਂਕਿ ਇਸਾਈਆਂ ਦਾ ਰੱਬ ਅਜਿਹਾ ਕਮਜ਼ੋਰ ਹੈ ਜਿਵੇਂ ਉਸ ਦਾ ਪੁਤੱਰ ਕਮਜ਼ੋਰ ਸੀ ਅਤੇ ਅਜਿਹਾ ਹੀ ਬੇਦਖ਼ਲ ਹੈ ਜਿਵੇਂ ਉਸਦਾ ਪੁਤੱਰ ਬੇਦਖ਼ਲ ਸੀ । ਤਾਂ ਫਿਰ ਉਸ ਤੋਂ ਅਜਿਹੀ ਦੁਆ ਮੰਗਣੀ ਵਿਅਰਥ ਹੈ ਕਿ ਸਾਨੂੰ ਸਾਡੇ ਕਰਜ਼ ਬਖ਼ਸ਼ ਦੇ, ਉਸਨੇ ਕਦੋਂ ਕਰਜ਼ ਦਿਤੱਾ ਸੀ ਜੋ ਬਖਸ਼ ਦੇਵੇ, ਕਿਉਂਕਿ ਅਜੇ ਤੱਕ ਤਾਂ ਉਸਦੀ ਧਰਤੀ ਉਪੱਰ ਬਾਦਸ਼ਾਹੀ ਨਹੀਂ । ਜੱਦ ਉਸਦੀ ਧਰਤੀ ਉਪੱਰ ਬਾਦਸ਼ਾਹੀ ਹੀ ਨਹੀਂ ਤਾਂ ਧਰਤੀ ਦੀ ਪੈਦਾਵਾਰ ਉਸ ਦੇ ਹੁਕਮ ਨਾਲ ਨਹੀਂ ਅਤੇ ਧਰਤੀ ਦੀਆਂ ਚੀਜਾਂ ਉਸ ਦੀਆਂ ਨਹੀਂ ਸਗੋਂ ਆਪਣੇ ਆਪ ਹੀ ਹਨ ਕਿਉਂਕਿ ਉਸਦਾ ਧਰਤੀ ਉਪੱਰ ਹੁਕਮ ਲਾਗੂ

ਨਹੀਂ ਅਤੇ ਜੱਦਕਿ ਧਰਤੀ ਉਪੱਰ ਆਦੇਸ਼ਕ ਤੇ ਬਾਦਸ਼ਾਹ ਨਹੀਂ ਅਤੇ ਕੋਈ ਧਰਤੀ ਦਾ ਸੁੱਖ ਉਸਦੇ ਸ਼ਾਹੀ ਫ਼ਰਮਾਨ ਤੋਂ ਨਹੀਂ ਤਾਂ ਉਸਨੂੰ ਦੰਡ ਦੇਣ ਦਾ ਨ ਅਖ਼ਤਿਆਰ ਹੈ ਨ ਹੱਕ ਹਾਸਲ ਹੈ । ਇਸ ਲਈ ਅਜਿਹਾ ਕਮਜ਼ੋਰ ਆਪਣਾ ਰੱਬ ਬਨਾਉਂਣਾ ਅਤੇ ਉਸ ਤੋਂ ਧਰਤੀ ਉਪੱਰ ਰਹਿਕੇ ਕਿਸੇ ਕਾਰਵਾਈ ਦੀ ਆਸ ਰਖੱਣੀ ਮੂਰਖਤਾ ਹੈ ਕਿਉਂਕਿ ਅਜੇ ਉਸ ਦੀ ਧਰਤੀ ਉਪੱਰ ਬਾਦਸ਼ਾਹੀ ਨਹੀਂ । ਪਰੰਤੂ ਸੂਰਤ ਫ਼ਾਤਿਹਾ ਦੀ ਦੁਆ ਸਾਨੂੰ ਸਿਖਾਉਂਦੀ ਹੈ ਕਿ ਰੱਬ ਨੂੰ ਧਰਤੀ ਉਪੱਰ ਹਰ ਸਮੇਂ ਉਹੋ ਸੰਪੂਰਨ ਕੁਦਰਤ ਹਾਸਲ ਹੈ ਜਿਵੇਂ ਕਿ ਸਾਰਿਆਂ ਆਲਮਾਂ (ਜਹਾਨਾਂ) ਉਪੱਰ ਕੁਦਰਤ ਹਾਸਲ ਹੈ ਅਤੇ ਸੂਰਤ ਫ਼ਾਤਿਹਾ ਦੇ ਅਰੰਭ ਵਿੱਚ ਹੀ ਰੱਬ ਦੀਆਂ ਉਹਨਾ ਕਾਮਲ ਸਿਫ਼ਤਾਂ ਦਾ ਵਰਨਣ ਹੈ ਜੋ ਸੰਸਾਰ ਵਿੱਚ ਕਿਸੇ ਹੋਰ ਕਿਤਾਬ ਨੇ ਅਜਿਹੀ ਸਪਸ਼ਟਤਾ ਨਾਲ ਨਹੀਂ ਵਰਨਣ ਕੀਤਾ, ਜਿਵੇਂ ਕਿ ਰੱਬ ਫ਼ਰਮਾਉਂਦਾ ਹੈ ਕਿ ਉਹ ਰਹਿਮਾਨ ਹੈ, ਉਹ ਰਹੀਮ ਹੈ, ਉਹ ਮਾਲਿਕਿ ਯੌਮਿੱਦੀਨ ਹੈ । ਫਿਰ ਉਸ ਤੋਂ ਦੁਆ ਮੰਗਣ ਦੀ ਸਿੱਖਿਆ ਦਿੱਤੀ ਹੈ ਅਤੇ ਜੋ ਦੁਆ ਮੰਗੀ ਗਈ ਹੈ ਉਹ ਮਸੀਹ ਦੀ ਦੁਆ ਦੀ ਸਿੱਖਿਆ ਵਾਂਗ ਕੇਵਲ ਹਰ ਰੋਜ਼ ਰੋਟੀ ਦੀ ਬਿਨਤੀ ਨਹੀਂ ਸਗੋਂ ਜੋ ਮਨੁੱਖੀ ਸੁਭਾਉ ਨੂੰ ਅਜ਼ਲ ਤੋਂ ਪਾਤਰਤਾ ਬਖ਼ਸ਼ੀ ਗਈ ਹੈ ਅਤੇ ਉਸ ਨੂੰ ਤ੍ਰੇਹ ਲਾ ਦਿੱਤੀ ਗਈ ਹੈ ਉਹ ਦੁਆ ਸਿਖਾਈ ਗਈ ਹੈ ਅਤੇ ਉਹ ਇਹ ਹੈ ਕਿ :

اهْدِنَا الصِّرَاطَ الْمُسْتَقِيمَ 0 صِرَاطَ الَّذِينَ أَنْعَمْتَ عَلَيْهِمْ ۔ (الفاتحة 7-6)

ਇਹਦਿਨਸ ਸਿਰਾਤਲ ਮੁਸਤਕੀਮ, ਸਿਰਾਤਲ ਲਜ਼ੀਨਾ ਅਨਅਮਤਾ ਅਲੈਹਿਮ (ਫ਼ਾਤਿਹਾ 6-7)

ਅਰਥਾਤ ਹੇ, ਇਹਨਾ ਕਾਮਲ ਸਿਫ਼ਤਾਂ ਦੇ ਮਾਲਕ ਅਤੇ ਅਜਿਹੇ ਦਿਆਲੂ, ਕਿ ਕਣ ਕਣ ਤੇਰੇ ਤੋਂ ਪਲਦਾ ਹੈ ਅਤੇ ਤੇਰੀ ਦਿਆਲਤਾ, ਕ੍ਰਿਪਾਲਤਾ ਅਤੇ ਤੇਰੀ ਕੁਦਰਤ ਤੇ ਤੇਰੇ ਫਲ ਪ੍ਰਤੀਫਲ ਤੋਂ ਲਾਭ ਚੁਕੱਦਾ ਹੈ, ਤੂੰ ਸਾਨੂੰ ਬੀਤੇ ਸੁਮਾਰਗ ਵਾਸੀਆਂ ਦਾ ਵਾਰਸ ਬਣਾ ਅਤੇ ਹਰ ਇਕ ਨੇਮਤ ਜੋ ਉਹਨਾਂ ਨੂੰ ਦਿੱਤੀ ਹੈ ਸਾਨੂੰ ਵੀ ਪਰਦਾਨ ਕਰ ਅਤੇ ਸਾਨੂੰ ਬਚਾਈ ਰੱਖ ਕਿ ਅਸੀਂ ਅਵਗਿਆਕਾਰ ਬਣਕੇ ਤੇਰੀ ਕਰੋਪੀ ਦੇ ਭਾਗੀਦਾਰ ਨ ਬਣ ਜਾਈਏ ਅਤੇ ਸਾਨੂੰ

ਬਚਾ ਕਿ ਅਸੀਂ ਤੇਰੀ ਮਦਦ ਤੋਂ ਵਾਂਝਿਆਂ ਰਹਿਕੇ ਗੁਮਰਾਹ ਨ ਹੋ ਜਾਈਏ । ਆਮੀਨ ।

ਹੁਣ ਇਸ ਸਾਰੇ ਸਰਵੇਖਣ ਮਗਰੋ ਇੰਜੀਲ ਦੀ ਦੁਆ ਅਤੇ ਕੁਰਆਨ ਕਰੀਮ ਦੀ ਦੁਆ ਵਿੱਚ ਅੰਤਰ ਜ਼ਾਹਰ ਹੋ ਗਿਆ ਹੈ ਕਿ ਇੰਜੀਲ ਤਾਂ ਇਕ ਰੱਬ ਦੀ ਬਾਦਸ਼ਾਹੀ ਆਉਣ ਦਾ ਇਕ ਪ੍ਰਣ ਪੇਸ਼ ਕਰਦੀ ਹੈ ਪਰ ਕੁਰਆਨ ਕਰੀਮ ਦਸਦਾ ਹੈ ਕਿ ਰੱਬ ਦੀ ਬਾਦਸ਼ਾਹੀ ਤੁਹਾਡੇ ਵਿੱਚ ਮੌਜੂਦ ਹੈ ਨ ਕੇਵਲ ਮੌਜੂਦ ਹੈ ਸਗੋਂ ਕਰਮ ਰੂਪ ਵਿੱਚ ਤੁਹਾਡੇ ਉਪੱਰ ਲਾਭ ਵੀ ਜਾਰੀ ਹਨ, ਭਾਵ ਇੰਜੀਲ ਵਿੱਚ ਤਾਂ ਕੇਵਲ ਇਕ ਪ੍ਰਣ ਹੀ ਹੈ ਪਰ ਕੁਰਆਨ ਕਰੀਮ ਵਿੱਚ ਨ ਕੇਵਲ ਪ੍ਰਣ ਹੈ ਸਗੋਂ ਬਾਦਸ਼ਾਹੀ ਦੇ ਸਥਾਪਤ ਹੋਣ ਅਤੇ ਉਸਦੇ ਫ਼ੈਜ਼ ਨੂੰ ਵੀ ਦਿਖਾ ਰਿਹਾ ਹੈ । ਹੁਣ ਕੁਰਆਨ ਕਰੀਮ ਦੀ ਮਹਤੱਾ ਇਸ ਤੋਂ ਪ੍ਰਕਟ ਹੁੰਦੀ ਹੈ ਕਿ ਉਹ ਉਸ ਰੱਬ ਨੂੰ ਪੇਸ਼ ਕਰਦਾ ਹੈ ਜੋ ਇਸੇ ਸੰਸਾਰਕ ਜੀਵਨ ਵਿੱਚ ਸੱਤਵਾਦੀਆਂ ਦਾ ਵਿਸ਼ਰਾਮ ਸਥਲ ਹੈ ਅਤੇ ਕੋਈ ਜੀਵ ਉਸਦੇ ਫ਼ੈਜ਼ ਤੋਂ ਸਖੱਣਾ ਨਹੀਂ, ਸਗੋਂ ਹਰ ਇਕ ਨਫ਼ਸ ਉਪੱਰ ਉਸਦੀ ਸਮਰਥਾ ਅਨੁਸਾਰ ਰੱਬ ਦੀ ਪਾਵ੍ਰਦਗੀ, ਦਿਆਲਤਾ, ਕ੍ਰਿਪਾਲਤਾ ਅਤੇ ਉਦਾਰਤਾ ਦਾ ਫ਼ੈਜ਼ ਵਾਪਰ ਰਿਹਾ ਹੈ । ਪਰ ਇੰਜੀਲ ਉਸ ਰੱਬ ਨੂੰ ਪੇਸ਼ ਕਰਦੀ ਹੈ ਜਿਸਦੀ ਹੁਣ ਤੱਕ ਧਰਤੀ ਉਪੱਰ ਬਾਦਸ਼ਾਹੀ ਨਹੀਂ ਆਈ, ਕੇਵਲ ਵਾਦਾ ਹੈ । ਹੁਣ ਸੋਚ ਲਓ ਕਿ ਅਕਲ ਕਿਸ ਨੂੰ ਪੈਰ੍ਹਵੀ ਯੋਗ ਸਮਝਦੀ ਹੈ । ਹਾਫ਼ਿਜ਼ ਸ਼ੀਰਾਜ਼ੀ ਨੇ ਸੱਚ ਹੀ ਕਿਹਾ ਹੈ :

ਮੁਰੀਦ ਪੀਰ ਮਗ਼ਾਨਮ ਜ਼ ਮਨ ਮਰੰਜ ਐ ਸ਼ੇਖ਼
ਚਿਰਾ ਕਿ ਵਾਦਾ ਤੂ ਕਰਦੀ ਵ ਊ ਬਜਾ ਆਵਰਦ

ਇੰਜੀਲਾਂ ਵਿੱਚ ਹਲੀਮੀ ਕਰਨ ਵਾਲਿਆਂ, ਗ਼ਰੀਬਾਂ ਤੇ ਮਿਸਕੀਨਾ ਦੀ ਪ੍ਰਸ਼ੰਸਾ ਕੀਤੀ ਗਈ ਹੈ ਅਤੇ ਉਹਨਾ ਦੀ ਸਿਫ਼ਤ ਕੀਤੀ ਗਈ ਹੈ ਜੋ ਸਤਾਏ ਤੇ ਤੰਗ ਕੀਤੇ ਜਾਂਦੇ ਹਨ ਪਰ ਮੁਕਾਬਲਾ ਨਹੀਂ ਕਰਦੇ । ਪਰ ਕੁਰਆਨ ਕੇਵਲ ਇਹੋ ਨਹੀਂ ਕਹਿੰਦਾ ਕਿ ਤੁਸੀਂ ਹਰ ਸਮੇਂ ਮਿਸਕੀਨ ਬਣੇ ਰਹੋ ਅਤੇ ਬੁਰਾਈ ਦਾ ਮੁਕਾਬਲਾ ਨ ਕਰੋ, ਸਗੋਂ ਕਹਿੰਦਾ ਹੈ ਕਿ ਹਲੀਮੀ, ਮਿਸਕੀਨੀ, ਗ਼ਰਬੀ ਤੇ

ਤਰਕ ਨਾਲੋਂ ਮੁਕਾਬਲਾ ਚੰਗਾ ਹੈ ਪਰ ਜੇਕਰ ਬੇ ਮੌਕਾ ਵਰਤਿਆ ਜਾਏ ਤਾਂ ਬੁਰਾ ਹੈ । ਸੋ, ਤੁਸੀਂ ਬੁੱਧੀਮਤਾ ਨਾਲ ਮੌਕਾ-ਮਹਿਲ ਦੇਖਕੇ ਹਰ ਇਕ ਨੇਕੀ ਕਰੋ ਕਿਉਂਕਿ ਉਹ ਨੇਕੀ ਬਦੀ ਹੈ ਜੋ ਮੌਕੇ ਮਹਿਲ ਦੇ ਵਿਰੁਧ ਹੋਵੇ, ਜਿਵੇਂ ਕਿ ਤੁਸੀਂ ਦੇਖਦੇ ਹੋ ਕਿ ਵਰਖਾ ਕਿੰਨ੍ਹੀ ਉਮਦਾ ਤੇ ਜ਼ਰੂਰੀ ਚੀਜ਼ ਹੈ ਪਰ ਜੇਕਰ ਉਹ ਬੇ ਮੌਕਾ ਹੋਵੇ ਤਾਂ ਉਹੋ ਤਬਾਹੀ ਦਾ ਸਬਬ ਹੋ ਜਾਂਦੀ ਹੈ, ਤੁਸੀਂ ਦੇਖਦੇ ਹੋ ਕਿ ਇਕ ਹੀ ਠੰਡੀ ਜਾਂ ਗਰਮ ਗ਼ਜ਼ਾ (ਖਾਣਾ) ਦੀ ਲਗਾਤਾਰ ਵਰਤੋਂ ਨਾਲ ਤੁਹਾਡੀ ਸਿਹਤ ਸਿਥਰ ਨਹੀਂ ਰਹਿ ਸਕਦੀ, ਸਗੋਂ ਸਿਹਤ ਫਿਰ ਹੀ ਸਿਥਰ ਰਹੇਗੀ ਜੱਦ ਮੌਕਾ ਮਹਿਲ ਅਨੁਸਾਰ ਤੁਹਾਡੇ ਖਾਣ ਪੀਣ ਦੀਆਂ ਚੀਜ਼ਾ ਵਿੱਚ ਪਰਿਵਰਤਨ ਹੁੰਦਾ ਰਹੇ । ਇਸ ਲਈ ਕਠੋਰਤਾ ਤੇ ਨਰਮੀ, ਦਰਗ਼ੁਜ਼ਰ (ਖਿਮਾ ਕਰਨਾ) ਤੇ ਇੰਤਕਾਮ (ਬਦਲਾ), ਦੁਆ ਤੇ ਬਦ ਦੁਆ ਅਤੇ ਹੋਰਨਾ ਦੂਜੇ ਆਚਰਣਾ ਵਿੱਚੋਂ ਜੋ ਤੁਹਾਡੇ ਲਈ ਮੌਕਾ ਮਹਲ ਅਨੁਸਾਰ ਹੈ ਉਹ ਵੀ ਇਸ ਪਰਿਵਰਤਨ ਨੂੰ ਲੋਚਦੀ ਹੈ । ਉਤੱਮ ਦਰਜੇ ਦੇ ਹਲੀਮ (ਸਹਿਨਸ਼ੀਲ) ਤੇ ਆਚਰਣਕ ਬਣੋ ਪਰ ਬੇ ਮੌਕਾ ਤੇ ਬੇਮਹਲ ਨਹੀਂ । ਇਸ ਦੇ ਨਾਲ ਇਹ ਵੀ ਚੇਤੇ ਰੱਖੋ ਕਿ ਹਕੀਕੀ ਆਚਰਣ ਤੇ ਸਦਗੁਣ ਜਿੰਨ੍ਹਾ ਵਿੱਚ ਨਫ਼ਸਾਨੀ (ਵਿਅਕਤੀਗੱਤ) ਉਦੇਸ਼ਿਆਂ ਦੀ ਜ਼ਹਿਰੀਲੀ ਮਿਲਾਵਟ ਨਹੀਂ, ਉਹ ਉਪਰੋਂ ਰੂਹੁਲ ਕੁਦੁਸ (ਪਵਿੱਤਰ ਰੂਹ) ਵੱਲੋਂ ਆਉਂਦੇ ਹਨ । ਸੋ, ਤੁਸੀਂ ਉਹਨਾ ਉਤੱਮ ਆਚਰਣਾ ਨੂੰ ਕੇਵਲ ਆਪਣੇ ਜਤਨਾ ਰਾਹੀਂ ਹਾਸਲ ਨਹੀਂ ਕਰ ਸਕਦੇ ਜੱਦ ਤੱਕ ਤੁਹਾਨੂੰ ਉਪੱਰੋਂ ਉਹ ਆਚਰਣ ਪ੍ਰਦਾਨ ਨ ਕੀਤੇ ਜਾਣ ਅਤੇ ਹਰ ਇਕ ਜੋ ਆਕਾਸ਼ੀ ਫ਼ੈਜ਼ ਦਾ ਰੂਹੁਲ ਕੁਦੁਸ (ਪਵਿੱਤਰ ਰੂਹ) ਰਾਹੀਂ ਹਿਸੱਾ ਨਹੀਂ ਪ੍ਰਾਪਤ ਕਰਦਾ ਉਹ ਆਚਰਣ ਦੇ ਦਾਵੇ ਵਿੱਚ ਝੂਠਾ ਹੈ ਅਤੇ ਉਸਦੇ ਪਾਣੀ ਹੇਠ ਬਹੁਤ ਚਿਕੱੜ ਹੈ ਅਤੇ ਬਹੁਤ ਗੋਹਾ ਹੈ ਜੋ ਨਫ਼ਸਾਨੀ ਜੋਸ਼ ਸਮੇਂ ਪ੍ਰਕਟ ਹੁੰਦਾ ਹੈ । ਸੋ, ਤੁਸੀਂ ਹਰ ਸਮੇਂ ਰੱਬ ਤੋਂ ਬਲ ਮੰਗੋ ਜੋ ਉਸ ਚਿਕੱੜ ਤੇ ਗੋਹੇ ਤੋਂ ਤੁਹਾਨੂੰ ਮੁਕਤੀ ਪ੍ਰਦਾਨ ਕਰੇ ਅਤੇ ਰੂਹੁਲਕੁਦੁਸ (ਪਵਿੱਤਰ ਰੂਹ) ਤੁਹਾਡੇ ਵਿੱਚ ਸੱਚੀ ਪਵਿਤੱਰਤਾ ਤੇ ਸੁਖਮਤਾ ਪੈਦਾ ਕਰੇ । ਚੇਤੇ ਰੱਖੋ ਕਿ ਸੱਚੇ ਤੇ ਪਾਕ ਆਚਰਣ ਸੱਤਵਾਦੀਆਂ ਦੇ ਚਮਤਕਾਰ ਹਨ, ਜਿੰਨ੍ਹਾ ਵਿੱਚ ਕੋਈ

ਹੋਰ ਭਾਗੀਦਾਰੀ ਨਹੀਂ ਕਿਉਂਕਿ ਉਹ ਜੋ ਰੱਬ ਵਿੱਚ ਵਿਲੀਨ ਨਹੀਂ ਹੁੰਦੇ ਉਹ ਉਪੱਰੋਂ (ਰੱਬ ਤੋਂ) ਸ਼ਕਤੀ ਨਹੀਂ ਪਾਉਂਦੇ । ਇਸ ਲਈ ਉਹਨਾ ਲਈ ਸੰਭਵ ਨਹੀਂ ਕਿ ਉਹ ਪਾਕ ਆਚਰਣ ਹਾਸਲ ਕਰ ਸਕਣ । ਸੋ, ਤੁਸੀਂ ਆਪਣੇ ਰੱਬ ਨਾਲ ਸਾਫ਼ ਸੁਥਰੇ ਸੰਬੰਧ ਪੈਦਾ ਕਰੋ । ਠੱਠਾ, ਹਾਸਾ, ਕੀਨਾ, ਸਾੜਾ, ਕੁਬੋਲ, ਲੋਭ, ਮੋਹ, ਹੰਕਾਰ, ਝੂਠ, ਬਦਕਾਰੀ, ਬਦਨਜ਼ਰੀ, ਕੁਵਿਚਾਰ, ਦੁਨੀਆ ਪਰਸਤੀ, ਹਉਮੈ, ਸਵੈ-ਇਛੱਾਚਾਰੀ, ਚਪਲਤਾ, ਉਪੱਦਰਵ, ਕੁਤਰਕ ਤੇ ਹੁਜੱਤਾਂ ਸਭ ਤਿਆਗ ਦਿਓ । ਫਿਰ ਸਭ ਕੁਝ ਤੁਹਾਨੂੰ ਧੁਰੋਂ ਮਿਲੇਗਾ । ਜੱਦ ਤੱਕ ਉਹ ਆਕਾਸ਼ੀ ਸ਼ਕਤੀ ਤੁਹਾਨੂੰ ਉਪੱਰ ਵੱਲ ਖਿਚੱਕੇ ਲੈ ਜਾਏ ਤੁਹਾਡੇ ਨਾਲ ਨ ਹੋਵੇ ਅਤੇ ਉਹ ਰੂਹੁਲ ਕੁਦੁਸ (ਪਵਿੱਤਰ ਰੂਹ) ਜੋ ਜੀਵਨ ਬਖ਼ਸ਼ਦਾ ਹੈ ਤੁਹਾਡੇ ਵਿੱਚ ਦਾਖ਼ਲ ਨ ਹੋਵੇ, ਤੱਦ ਤੱਕ ਤੁਸੀਂ ਬਹੁਤ ਹੀ ਨਿਤਾਣੇ ਤੇ ਹਨ੍ਹੇਰੇ ਵਿੱਚ ਪਏ ਹੋ, ਸਗੋਂ ਮੁਰਦੇ ਹੋ ਜਿਸ ਵਿੱਚ ਜਾਨ ਨਹੀਂ । ਅਜਿਹੀ ਅਵਸਥਾ ਵਿੱਚ ਨ ਤਾਂ ਤੁਸੀਂ ਕਿਸੇ ਔਕੁੜ ਦਾ ਮੁਕਾਬਲਾ ਕਰ ਸਕਦੇ ਹੋ ਨ ਹੀ ਪ੍ਰਸਿੱਧੀ ਤੇ ਧਨਵਾਨ ਹੋਣ ਦੀ ਅਵਸਥਾ ਵਿੱਚ ਹੰਕਾਰ ਤੇ ਘਮੰਡ ਤੋਂ ਬੱਚ ਸਕਦੇ ਹੋ ਅਤੇ ਹਰ ਇਕ ਪੱਖੋਂ ਤੁਸੀਂ ਸ਼ੈਤਾਨ ਤੇ ਨਫ਼ਸ (ਆਪੇ) ਦੇ ਅਧੀਨ ਹੋ । ਸੋ, ਤੁਹਾਡਾ ਉਪਚਾਰ ਤਾਂ ਵਾਸਤਵ ਵਿੱਚ ਇਕ ਹੀ ਹੈ ਕਿ ਰੂਹੁਲ ਕੁਦੁਸ (ਪਵਿੱਤਰ ਆਤਮਾ) ਜੋ ਵਿਸ਼ੇਸ਼ ਕਰਕੇ ਰੱਬ ਵੱਲੋਂ ਉਤੱਰੀ ਹੈ ਤੁਹਾਡਾ ਮੂੰਹ ਨੇਕੀ ਤੇ ਸਚੱਾਈ ਵੱਲ ਫੇਰ ਦੇਵੇ । ਤੁਸੀਂ ਆਕਾਸ਼ ਪੁਤੱਰ ਬਣੋ (ਅਰਥਾਤ, ਰਬਾਬ ਦੇ ਰਸਮੰਡਲਾਂ ਵਿੱਚ ਉਡਾਰੀਆਂ ਲਾਉਣ ਵਾਲੇ, ਅਨੁਵਾਦਕ) ਨ ਕਿ ਧਰਤੀ ਪੁਤੱਰ (ਅਰਥਾਤ ਮਿੱਟੀ ਦੇ ਕੀੜੇ, ਜਿਹੜੇ ਹੇਠਾਂ ਨੂੰ ਜਾਂਦੇ ਹਨ, ਜਿਵੇਂ ਗੰਡੋਆ, ਚੂਹਾ ਆਦਿ, ਅਨੁਵਾਦਕ), ਤੁਸੀਂ ਚਾਨ੍ਹਣ ਮੁਨਾਰੇ ਬਣੋ ਨ ਕਿ ਹਨ੍ਹੇਰਿਆਂ ਦੇ ਆਸ਼ਕ, ਤਾਂ ਜੋ ਤੁਸੀਂ ਸ਼ੈਤਾਨ ਦੇ ਮਾਰਗਾਂ ਤੋਂ ਅਮਨ ਵਿੱਚ ਆ ਜਾਓ । ਕਿਉਂਕਿ ਸ਼ੈਤਾਨ ਨੂੰ ਹਮੇਸ਼ਾ ਰਾਤ (ਹਨ੍ਹੇਰਿਆਂ) ਨਾਲ ਸੰਬੰਧ ਹੈ ਦਿਨ ਨਾਲ ਕੋਈ ਮਤਲਬ ਨਹੀਂ ਕਿਉਂਕਿ ਉਹ ਪੁਰਾਣਾ ਚੋਰ ਹੈ ਜੋ ਹਨ੍ਹੇਰਿਆਂ ਵਿੱਚ ਪੈਰ੍ਹ ਧਰਦਾ ਹੈ ।

ਸੂਰਤ ਫ਼ਾਤਿਹਾ ਨਿਰੀ ਸਿੱਖਿਆ ਹੀ ਨਹੀਂ, ਸਗੋਂ ਇਸ ਵਿੱਚ ਇਕ ਵੱਡੀ ਭਵਿੱਖਬਾਣੀ ਵੀ ਹੈ ਅਤੇ ਉਹ ਇਹ ਹੈ ਕਿ ਰੱਬ ਨੇ ਆਪਣੇ ਚਾਰੇ ਗੁਣਾ 1. ਪ੍ਰਭੁਤਾ, 2. ਦਿਆਲਤਾ, 3. ਕ੍ਰਿਪਾਲਤਾ ਤੇ 4. ਮਾਲਕੀਯੱਤ ਯੌਮਿੱਦੀਨ, ਅਰਥਾਤ ਸਤੱਾ, ਪ੍ਰਭੁਤਵ, ਫਲ ਪ੍ਰਤੀਫਲ ਦਾ ਵਰਨਣ ਕਰਕੇ ਅਤੇ ਆਪਣੀ ਸਾਧਾਰਣ ਕੁਦਰਤ ਦਾ ਪ੍ਰਗਟਵਾ ਕਰਕੇ ਫਿਰ ਇਸਦੇ ਬਾਦ ਦੀਆਂ ਆਇਤਾਂ ਵਿੱਚ ਇਹ ਦੁਆ ਸਿਖਾਈ ਹੈ ਕਿ ਹੇ ਅਲੱਾਹ ! ਅਜਿਹਾ ਕਰ ਕਿ ਬੀਤੇ ਸੱਤਿਵਾਦੀ ਨਬੀਆਂ, ਰਸੂਲਾਂ ਦੇ ਅਸੀਂ ਵਾਰਸ ਮਿੱਥੇ ਜਾਈਏ, ਉਹਨਾ ਦੇ ਮਾਰਗ ਸਾਡੇ ਉਪੱਰ ਖੋਲੇ ਜਾਣ, ਉਹਨਾ ਦੀਆਂ ਨੇਮਤਾਂ ਸਾਨੂੰ ਦਿੱਤੀਆਂ ਜਾਣ । ਹੇ ਖ਼ੁਦਾ (ਰੱਬ ਜੀਓ) ! ਸਾਨੂੰ ਇਸ ਤੋਂ ਬਚਾ ਕਿ ਅਸੀਂ ਉਸ ਕੌਮ ਵਿੱਚੋਂ ਹੋ ਜਾਈਏ ਜਿੰਨ੍ਹਾ ਉਪੱਰ ਇਸ ਸੰਸਾਰ ਵਿੱਚ ਹੀ ਤੇਰੀ ਕਰੋਪੀ (ਅਜ਼ਾਬ) ਉਤਰੀ, ਅਰਥਾਤ ਯਹੂਦੀ ਕੌਮ ਜੋ ਹਜ਼ਰਤ ਈਸਾ ਮਸੀਹ ਦੇ ਸਮੇਂ ਵਿੱਚ ਸਨ ਜੋ ਤਾਊਨ (ਪਲੇਗ) ਨਾਲ ਮਾਰੀ ਗਈ । ਹੇ, ਰੱਬ ਜੀਓ ! ਸਾਨੂ ਇਸ ਤੋਂ ਬਚਾ ਕਿ ਅਸੀਂ ਉਸ ਕੌਮ ਵਿੱਚੋਂ ਹੋ ਜਾਈਏ ਜਿੰਨ੍ਹਾ ਨਾਲ ਤੇਰੀ ਰਾਹਬਰੀ ਨ ਹੋਵੇ ਅਤੇ ਉਹ ਗੁਮਰਾਹ ਹੋ ਗਏ ਅਰਥਾਤ ਇਸਾਈ । ਇਸ ਦੁਆ ਵਿੱਚ ਇਹ ਭਵਿੱਖਬਾਣੀ ਗੁਪਤ ਹੈ ਕਿ ਕਈ ਮੁਸਲਮਾਨਾਂ ਵਿੱਚੋਂ ਅਜਿਹੇ ਹੋਣਗੇ ਕਿ ਉਹ ਆਪਣੀ ਸਚੱਾਈ ਤੇ ਪਵਿੱਤਰਤਾ ਕਰਕੇ ਪਹਿਲੇ ਨਬੀਆਂ ਦੇ ਵਾਰਸ ਮਿੱਥੇ ਜਾਣਗੇ ਅਤੇ ਅਤੇ ਨਬੁਵੱਤ ਤੇ ਰਸਾਲਤ ਦੀਆਂ ਨੇਮਤਾ ਪਾਉਣਗੇ ਅਤੇ ਕਈ ਅਜਿਹੇ ਹੋਣਗੇ ਕਿ ਉਹ ਯਹੂਦੀਆਂ ਵਾਂਗ ਹੋ ਜਾਣਗੇ, ਜਿੰਨ੍ਹਾ ਉਪੱਰ ਦੁਨੀਆ ਵਿੱਚ ਹੀ ਰੱਬ ਦਾ ਅਜ਼ਾਬ (ਕਰੋਪ) ਨਾਜ਼ਲ ਹੋਵੇਗਾ ਅਤੇ ਕਈ ਅਜਿਹੇ ਹੋਣਗੇ ਕਿ ਉਹ ਇਸਾਈਆਂ ਦਾ ਜਾਮਾ ਪਾ ਲੈਂਣਗੇ । ਕਿਉਂਕਿ ਰੱਬ ਦੇ ਕਲਾਮ ਵਿੱਚ ਇਹ ਨਿਯਮ ਨੀਯਤ ਹੈ ਕਿ ਜੱਦ ਇਕ ਕੌਮ ਨੂੰ ਇਕ ਕੰਮ ਤੋਂ ਮੋੜਿਆ ਜਾਂਦਾ ਹੈ ਤਾਂ ਜ਼ਰੂਰ ਕੁਝ ਉਹਨਾ ਵਿੱਚੋਂ ਅਜਿਹੇ ਹੁੰਦੇ ਹਨ ਕਿ ਰੱਬ ਦੀ ਜਾਣਕਾਰੀ ਵਿੱਚ ਉਸ ਕਾਰਜ ਦੇ ਕਰਨ ਵਾਲੇ ਹੁੰਦੇ ਹਨ ਅਤੇ ਕਈ ਅਜਿਹੇ ਹੁੰਦੇ ਹਨ ਕਿ ਉਹ ਨੇਕੀ ਤੇ ਕਲਿਆਣ ਦਾ ਸੁਭਾਗ ਪ੍ਰਾਪਤ ਕਰਦੇ ਹਨ । ਦੁਨੀਆ ਦੇ ਅਰੰਭ ਤੋਂ ਅੰਤ ਤੱਕ

ਜਿੰਨ੍ਹੀਆ ਵੀ ਰੱਬ ਨੇ ਕਿਤਾਬਾਂ (ਧਰਮ ਗ੍ਰੰਥ) ਭੇਜੀਆਂ ਹਨ, ਉਹਨਾ ਕਿਤਾਬਾਂ ਵਿੱਚ ਰੱਬ ਦੀ ਇਹ ਮੁੱਢ ਤੋਂ ਮਰਿਆਦਾ ਹੈ ਕਿ ਜੱਦ ਉਹ ਇਕ ਕੌਮ ਨੂੰ ਇਕ ਕੰਮ ਤੋਂ ਮੋੜਦਾ ਹੈ ਜਾਂ ਇਕ ਕੰਮ ਕਰਨ ਦੀ ਰੂਚੀ ਪ੍ਰਦਾਨ ਕਰਦਾ ਹੈ ਤਾਂ ਉਸਦੀ ਜਾਣਕਾਰੀ ਵਿੱਚ ਇਕ ਮੁਕਦੱਰ ਹੁੰਦਾ ਹੈ ਕਿ ਕਈ ਉਸ ਕੰਮ ਨੂੰ ਕਰਨਗੇ ਅਤੇ ਕਈ ਨਹੀਂ ਕਰਨਗੇ । ਸੋ, ਇਹ ਸੂਰਤ ਭਵਿੱਖਬਾਣੀ ਕਰ ਰਹੀ ਹੈ ਕਿ ਕੋਈ ਵਿਅਕਤੀ ਇਸ ਉਮੱਤ ਵਿੱਚੋਂ ਕਾਮਲ ਤੌਰ'ਤੇ ਨਬੀਆਂ ਦੇ ਰੰਗ ਰੂਪ ਵਿੱਚ ਪ੍ਰਕਟ ਹੋਵੇਗਾ, ਤਾਂ ਜੋ ਉਹ ਭਵਿੱਖਬਾਣੀ ਜੋ ਆਇਤ :

صِرَاطَ الَّذِينَ أَنْعَمْتَ عَلَيْهِمْ 'ਸਿਰਾਤਲੱਜ਼ੀਨਾ ਅਨਆਮਤਾ ਅਲੈਹਿਮ'

ਨਾਲ ਸੰਬੰਧਤ ਹੈ ਉਹ ਪੂਰਨਤਾ ਪੂਰੀ ਹੋ ਜਾਵੇ ਅਤੇ ਕੋਈ ਦਲ ਉਹਨਾ ਵਿੱਚੋਂ ਉਹਨਾ ਯਹੂਦੀਆਂ ਦੇ ਰੂਪ ਵਿੱਚ ਪ੍ਰਕਟ ਹੋਵੇਗਾ, ਜਿੰਨ੍ਹਾ ਉਪੱਰ ਹਜ਼ਰਤ ਈਸਾ ਨੇ ਲਾਨ੍ਹਤ ਪਾਈ ਸੀ ਅਤੇ ਉਹ ਇਲਾਹੀ ਪ੍ਰਕੋਪ ਵਿੱਚ ਗ੍ਰਿਸੇ ਗਏ ਸਨ ਤਾਂ ਉਹ ਪੇਸ਼ਗੋਈ ਜੋ ਆਇਤ غَيْرِ الْمَغْضُوبِ عَلَيْهِمْ 'ਗ਼ੈਰਿਲ ਮਗ਼ਜ਼ੂਬੇ ਅਲੈਹਿਮ' ਨਾਲ ਸੰਬੰਧਤ ਹੈ ਪ੍ਰਕਟ ਹੋਵੇ । ਅਤੇ ਕੋਈ ਦਲ ਉਹਨਾ ਵਿੱਚ ਇਸਾਈਆਂ ਦੇ ਰੂਪ ਵਿੱਚ ਹੋ ਜਾਏਗਾ, ਇਸਾਈ ਬਣ ਜਾਏਗਾ ਜੋ ਰੱਬ ਦੀ ਰਾਹਬਰੀ'ਚੋਂ ਆਪਣੀ ਸ਼ਰਾਬ ਖ਼ੋਰੀ, ਅਨਿਸ਼ਟਤਾ, ਪਾਪ ਤੇ ਦੁਰਾਚਾਰੀ ਦੇ ਸਬਬ ਬੇ ਨਸੀਬੇ ਹੋ ਗਏ । ਤਾਂ ਜੋ ਉਹ ਪੇਸ਼ਗੋਈ ਜੋ ਆਇਤ 'ਵਲਜ਼ੱਾਲੀਨ' (وَلَا الضَّالِّينَ) ਨਾਲ ਸੰਬੰਧਤ ਹੈ, ਪ੍ਰਕਟ ਹੋ ਜਾਏ । ਕਿਉਂਕਿ ਇਹ ਗੱਲ ਮੁਸਲਮਾਨਾ ਦੇ ਅਕੀਦਿਆਂ ਵਿੱਚ ਸ਼ਾਮਲ ਹੈ ਕਿ ਅੰਤਮ ਯੁੱਗ ਵਿੱਚ ਹਜ਼ਾਰਾਂ ਹੀ ਮੁਸਲਮਾਨ ਅਖਵਾਉਣ ਵਾਲੇ ਯਹੂਦੀ ਸਿਫ਼ਤ ਹੋ ਜਾਣਗੇ ਅਤੇ ਕੁਰਆਨ ਕਰੀਮ ਦੇ ਕਈ ਹੋਰ ਅਸਥਾਨਾ ਵਿੱਚ ਵੀ ਇਹ ਭਵਿੱਖਬਾਣੀ ਮੌਜੂਦ ਹੈ ਅਤੇ ਸੈਂਕੜਿਆਂ ਮੁਸਲਮਾਨਾ ਦਾ ਇਸਾਈ ਹੋ ਜਾਣਾ ਜਾਂ ਇਸਾਈਆਂ ਵਾਂਗ ਬੇਕੈਦ ਤੇ ਸੁਤੰਤਰ ਜੀਵਨ ਧਾਰਨ ਕਰਨਾ ਆਪ ਦਿਖਾਈ ਤੇ ਅਨੁਭਵ ਹੋ ਰਿਹਾ ਹੈ ਸਗੋਂ ਵਧੇਰੇ ਲੋਕ ਮੁਸਲਮਾਨ ਅਖਵਾਉਣ ਵਾਲੇ ਅਜਿਹੇ ਹਨ ਕਿ ਉਹ ਇਸਾਈਆਂ ਵਰਗਾ ਸਮਾਜ ਪਸੰਦ ਕਰਦੇ ਹਨ ਅਤੇ ਮੁਸਲਮਾਨ ਅਖਵਾਕੇ ਨਮਾਜ਼, ਰੋਜ਼ਾ, ਹਲਾਲ ਤੇ ਹਰਾਮ ਦੇ ਹੁਕਮਾ ਨੂੰ ਬੜੀ

ਘ੍ਰਿਣਾ ਦੀ ਦ੍ਰਿਸ਼ਟੀ ਨਾਲ ਦੇਖਦੇ ਹਨ ਅਤੇ ਇਹ ਦੋਵੇਂ ਫ਼ਿਰਕੇ ਯਹੂਦੀ ਗੁਣਾ ਵਾਲੇ ਅਤੇ ਇਸਾਈ ਗੁਣਾ ਵਾਲੇ ਇਸ ਦੇਸ਼ ਵਿੱਚ ਫੈਲੇ ਹੋਏ ਦਿਖਾਈ ਦਿੰਦੇ ਹਨ। ਸੋ, ਇਹ ਦੋ ਭਵਿੱਖਬਾਣੀਆਂ ਸੂਰਤ ਫ਼ਾਤਿਹਾ ਦੀ ਤਾਂ ਤੁਸੀਂ ਪੂਰੀ ਹੁੰਦੀ ਦੇਖ ਚੁਕੇ ਹੋ ਅਤੇ ਅਪਣੀਆਂ ਅਖੱਾਂ ਨਾਲ ਅਵਲੋਕਣ ਕਰ ਚੁਕੇ ਹੋ ਕਿ ਕਿੰਨ੍ਹੇ ਮੁਸਲਮਾਨ ਯਹੂਦੀ ਗੁਣਾ ਵਾਲੇ ਅਤੇ ਕਿੰਨ੍ਹੇ ਇਸਾਈਆਂ ਦੇ ਵਸਤਰਾਂ ਵਿੱਚ ਹਨ। ਤਾਂ ਹੁਣ ਤੀਜੀ ਭਵਿਖੱਬਾਣੀ ਆਪਣੇ ਆਪ ਹੀ ਮੰਨ੍ਹਣ ਯੋਗ ਹੈ । ਜਿਵੇਂ ਕਿ ਮੁਸਲਮਾਨਾਂ ਨੇ ਯਹੂਦੀ ਤੇ ਇਸਾਈ ਬਣਨ ਨਾਲ ਯਹੂਦੀਆਂ ਤੇ ਇਸਾਈਆਂ ਦੀਆਂ ਬਦੀਆਂ ਵਿੱਚੋਂ ਹਿਸੱਾ ਲਿਆ ਅਜਿਹਾ ਹੀ ਉਹਨਾ ਦਾ ਹੱਕ ਸੀ ਕਿ ਕੁਝ ਲੋਕ ਉਹਨਾ ਮੁਕਦੱਸ (ਪਵਿੱਤਰ) ਲੋਕਾਂ ਦੇ ਮਰਤਬਿਆਂ ਤੇ ਅਸਥਾਨਾ ਵਿੱਚੋਂ ਵੀ ਹਿਸੱਾ ਲੈਂਣ ਜੋ ਇਸਰਾਈਲੀ ਕੁਲ ਵਿੱਚ ਲੰਘ ਚੁਕੇ ਹਨ । ਇਹ ਰੱਬ ਉਪੱਰ ਬਦਗੁਮਾਨੀ ਹੋਵੇਗੀ ਕਿ ਉਸ ਨੇ ਮੁਸਲਮਾਨਾ ਨੂੰ ਯਹੂਦੀਆ ਤੇ ਇਸਾਈਆਂ ਦੀਆਂ ਬਦੀਆਂ ਤਾਂ ਭਾਗੀਦਾਰ ਤਾਂ ਬਣਾ ਦਿਤੱਾ, ਇੱਥੋਂ ਤੱਕ ਕਿ ਉਹਨਾ ਦਾ ਨਾਂ ਵੀ ਯਹੂਦੀ ਰੱਖ ਦਿਤੱਾ ਪਰ ਉਹਨਾ ਦੇ ਰਸੂਲਾਂ ਤੇ ਨਬੀਆਂ ਦੇ ਮਰਤਬਿਆਂ ਵਿੱਚ ਇਸ ਉਮੱਤ ਨੂੰ ਕੋਈ ਹਿਸੱਾ ਨ ਦਿਤੱਾ ਫਿਰ ਇਹ ਉਮੱਤ ਸਰਬ ਉਤੱਮ ਕਿਸ ਪ੍ਰਕਾਰ ਹੋਈ ? ਸਗੋਂ ਨੀਚਤਮ ਹੋਈ, ਕਿਉਂਕਿ ਹਰ ਬਦੀ ਦੀ ਭਾਗੀਦਾਰੀ ਇਹਨਾ ਨੂੰ ਮਿਲੀ ਪਰ ਨੇਕੀ ਦੀ ਨਹੀਂ ਮਿਲੀ । ਕੀ ਜ਼ਰੂਰੀ ਨਹੀਂ ਕਿ ਇਸ ਉਮੱਤ ਵਿੱਚ ਵੀ ਕੋਈ ਨਬੀਆਂ ਤੇ ਰਸੂਲਾਂ ਦੇ ਰੰਗ ਰੂਪ ਵਿੱਚ ਦਿਖਾਈ ਦੇਵੇ ਜੋ ਬਨੀ ਇਸਰਾਈਲ ਦੇ ਸਾਰਿਆਂ ਨਬੀਆਂ ਦਾ ਵਾਰਸ ਹੋਵੇ ਅਤੇ ਉਹਨਾ ਦਾ ਪ੍ਰਤੀਬਿੰਬ ਹੋਵੇ ? ਕਿਉਂਕਿ ਰੱਬ ਦੀ ਰਹਿਮਤ ਤੋਂ ਦੂਰ ਦੀ ਗੱਲ ਹੈ ਕਿ ਉਹ ਇਸ ਉਮੱਤ ਵਿੱਚ ਇਸ ਯੁੱਗ ਵਿੱਚ ਹਜ਼ਾਰਾਂ ਹੀ ਯਹੂਦੀ ਗੁਣਾ ਵਾਲੇ ਲੋਕ ਤਾਂ ਪੈਦਾ ਕਰੇ ਅਤੇ ਹਜ਼ਾਰਾਂ ਹੀ ਇਸਾਈ ਧਰਮ ਵਿੱਚ ਦਾਖ਼ਲ ਕਰੇ, ਪਰ ਇਕ ਵਿਅਕਤੀ ਵੀ ਅਜਿਹਾ ਨਾ ਪ੍ਰਕਟ ਕਰੇ ਜੋ ਬੀਤੇ ਨਬੀਆਂ ਦਾ ਵਾਰਸ ਤੇ ਉਹਨਾਂ ਦੀਆਂ ਨੇਮਤਾਂ ਨੂੰ ਪਾਉਣ ਵਾਲਾ ਹੋਵੇ । ਜੋ ਆਇਤ :

اهْدِنَا الصِّرَاطَ الْمُسْتَقِيمَ 0 صِرَاطَ الَّذِينَ أَنْعَمْتَ عَلَيْهِمْ ۔ (الفاتحة 6-7)

ਇਹਦਿ ਨਸ ਸਿਰਾਤਲ ਮੁਸਤਕੀਮਾ, ਸਿਰਾਤਲੱਜ਼ੀਨਾ ਅਨਅਮਤਾ ਅਲੈਹਿਮ (ਫ਼ਾਹਿਾ 6–7)

ਨਾਲ ਸੰਬੰਧਤ ਹੈ, ਉਹ ਵੀ ਇਸੇ ਪ੍ਰਕਾਰ ਪੂਰੀ ਹੋ ਜਾਏ ਜਿਵੇਂ ਯਹੂਦੀ ਤੇ ਇਸਾਈ ਹੋਣ ਦੀ ਪੇਸ਼ਗੋਈ ਪੂਰੀ ਹੋ ਗਈ ਅਤੇ ਜਿਸ ਅਵਸਥਾ ਵਿੱਚ ਇਸ ਉਮੱਤ ਨੂੰ ਹਜ਼ਾਰਾਂ ਹੀ ਬੁਰੇ ਨਾਂ ਦਿੱਤੇ ਗਏ ਹਨ ਅਤੇ ਕੁਰਆਨ ਸ਼ਰੀਫ਼ ਤੇ ਹਦੀਸਾਂ ਤੋਂ ਸਾਬਤ ਹੁੰਦਾ ਹੈ ਕਿ ਯਹੂਦੀ ਹੋਣ ਜਾਣਾ ਵੀ ਉਹਨਾ ਦੇ ਨਸੀਬ ਵਿੱਚ ਹੈ ਤਾਂ ਇਸ ਅਵਸਥਾ ਵਿੱਚ ਰੱਬ ਦੀਆਂ ਮਿਹਰਾਂ ਦਾ ਆਪ ਤਕਾਦਾ ਹੋਣਾ ਚਾਹੀਦਾ ਸੀ ਕਿ ਜਿਵੇਂ ਬੀਤੇ ਇਸਾਈਆਂ ਤੋਂ ਇਹਨਾ ਨੇ ਬੁਰੀਆਂ ਚੀਜ਼ਾ ਲਈਆਂ ਉਸ ਪ੍ਰਕਾਰ ਉਹ ਨੇਕ ਚੀਜ਼ਾਂ ਦੇ ਵੀ ਵਾਰਸ ਹੋਣ । ਇਸੇ ਲਈ ਰੱਬ ਨੇ ਸੂਰਤ ਫ਼ਾਤਿਹਾ ਵਿੱਚ ਅਇਤ اهْدِنَا الصِّرَاطَ الْمُسْتَقِيْمَ 'ਇਹਦਿ ਨਸ ਸਿਰਾਤਲ ਮੁਸਤਕੀਮ' ਵਿੱਚ ਖ਼ੁਸ਼ਖਬਰੀ ਦਿੱਤੀ ਹੈ ਕਿ ਇਸ ਉਮੱਤ ਵਿੱਚ ਕੁਝ ਵਿਅਕਤੀ ਬੀਤੇ ਨਬੀਆਂ ਦੀਆਂ ਨੇਮਤਾਂ ਵੀ ਪਾਉਣਗੇ, ਨ ਇਹ ਕਿ ਨਿਰੇ ਯਹੂਦੀ ਬਣਨ ਜਾਂ ਇਸਾਈ ਬਣਨ ਅਤੇ ਇਹਨਾ ਕੌਮਾ ਦੀਆਂ ਬਦੀਆਂ ਤਾਂ ਲੈ ਲੈਂਣ ਪਰ ਨੇਕੀਆਂ ਨ ਲੈ ਸਕਣ । ਇਸ ਵੱਲ ਸੂਰਤ ਤਹਰੀਮ ਵਿੱਚ ਵੀ ਸੰਕੇਤ ਕੀਤਾ ਗਿਆ ਹੈ ਕਿ ਉਮੱਤ ਦੇ ਕੁਝ ਵਿਅਕਤੀਆਂ ਬਾਰੇ ਫ਼ਰਮਾਇਆ ਕਿ ਉਹ ਮਰਯੱਮ ਸਿੱਦੀਕਾ ਨਾਲ ਤੁਲਨਾ ਰਖੱਣਗੇ ਜਿਸ ਨੇ ਸੰਜਮਤਾ ਧਾਰਣ ਕੀਤੀ, ਤੱਦ ਉਸ ਦੇ ਗਰਭ ਵਿੱਚ ਈਸਾ ਦੀ ਰੂਹ ਪਾਈ ਗਈ ਅਤੇ ਈਸਾ ਪੈਦਾ ਹੋਏ । ਇਸ ਆਇਤ ਵਿੱਚ ਇਸ ਗੱਲ ਵੱਲ ਸੰਕੇਤ ਸੀ ਕਿ ਇਸ ਉਮੱਤ ਵਿੱਚ ਇਕ ਵਿਅਕਤੀ ਹੋਵੇਗਾ ਕਿ ਪਹਿਲਾਂ ਮਰਯੱਮ ਦਾ ਰੁਤਬਾ ਉਸਨੂੰ ਮਿਲੇਗਾ ਫਿਰ ਉਸ ਵਿੱਚ ਈਸਾ ਦੀ ਰੂਹ ਪਾਈ ਜਾਏਗੀ, ਤੱਦ ਮਰਯੱਮ ਵਿੱਚੋਂ ਈਸਾ ਨਿਕਲ ਆਏਗਾ ਅਰਥਾਤ ਉਹ ਮਰਯੱਮ ਦੇ ਗੁਣਾ ਤੋਂ ਪ੍ਰਗਤੀ ਕਰਕੇ ਈਸਾ ਦੇ ਗੁਣਾ ਵਿੱਚ ਪਰਿਵਰਤਤ ਹੋ ਜਾਏਗਾ । ਸੰਭਵਤਾ ਮਰਯੱਮ ਹੋਣ ਦੇ ਗੁਣਾ ਨੇ ਈਸਾ ਰੂਪੀ ਬਾਲ ਨੂੰ ਜਨਮ ਦਿਤੱਾ ਅਤੇ ਇਸ ਪ੍ਰਕਾਰ ਉਹ ਮਰਯੱਮ ਦਾ ਪੁਤੱਰ ਅਖਵਾਏਗਾ ਜਿਵੇਂ ਕਿ ਬ੍ਰਾਹੀਨ ਅਹਮਦੀਆ ਵਿੱਚ ਪਹਿਲਾਂ ਮੇਰਾ ਨਾਂ ਮਰਯੱਮ ਰੱਖਿਆ ਗਿਆ ਅਤੇ ਇਸੇ ਵੱਲ ਸੰਕੇਤ ਹੈ । ਇਲਹਾਮ ਪੰਨ੍ਹਾ 241 ਵਿੱਚ ਅਤੇ ਉਹ ਇਹ ਹੈ ਕਿ اَنّٰى لَكِ هٰذَا 'ਅਨੱਾ ਲਕਿ ਹਾਜ਼ਾ' ਅਰਥਾਤ ਹੇ ਮਰਯੱਮ ! ਤੂੰ

ਇਹ ਨੇਮਤ ਕਿੱਥੋਂ ਪ੍ਰਾਪਤ ਕੀਤੀ ? ਅਤੇ ਇਸੇ ਵੱਲ ਸੰਕੇਤ ਹੈ ਪੰਨਾ 226 ਵਿੱਚ ਅਰਥਾ ਇਸ ਇਲਹਾਮ ਵਿੱਚ ਕਿ هُزِّاليك بجذع النّخلة 'ਹੁਜ਼ੱਾ ਇਲੈਕਾ ਬਿਜਿਜ਼ਇਨ ਨਖ਼ਲਾਤਿ' ਅਰਥਾਤ ਹੇ ਮਰਯੱਮ, ਖਜੂਰ ਦੇ ਤਣੇ ਨੂੰ ਹਿਲਾ, ਅਤੇ ਫਿਰ ਉਸਦੇ ਬਾਦ ਪੰਨਾ 496 ਬ੍ਰਾਹੀਨ ਅਹਮਦੀਆ ਵਿੱਚ ਇਹ ਇਲਹਾਮ ਹੈ

يامريم اسكن انت وزوجك الجنة نفخت فيك من لدنى روح الصدق

ਅਰਥਾਤ ਹੇ ਮਰਯੱਮ, ਤੂੰ ਆਪਣੇ ਮਿੱਤਰਾਂ ਸਣੇ ਬਹਿਸ਼ਤ ਵਿੱਚ ਦਾਖ਼ਲ ਹੋ, ਮੈਂ ਤੇਰੇ ਵਿੱਚ ਆਪਣੇ ਕੋਲੋਂ ਸਚੱਾਈ ਦੀ ਰੂਹ ਪਾ ਦਿੱਤੀ ਹੈ । ਰੱਬ ਨੇ ਇਸ ਆਇਤ ਵਿੱਚ ਮੇਰਾ ਨਾਂ ਰੂਹੁੱਸਿਦਕ ਰੱਖਿਆ । ਇਹ ਇਸ ਆਇਤ ਦੇ ਮੁਕਾਬਲੇ ਵਿੱਚ ਹੈ ਕਿ نفخنافيه من روحنا 'ਨਫ਼ਖ਼ਨਾ ਫ਼ੀਹਿ ਮਿਨ ਰੂਹਿਨਾ' । ਸੋ, ਇਸ ਥਾਂ ਸੰਭਵਤਾ ਲਛੱਣਾ ਦੇ ਰੂਪ ਵਿੱਚ ਮਰਯੱਮ ਦੇ ਗਰਭ ਵਿੱਚ ਈਸਾ ਦੀ ਰੂਹ ਜਾ ਪਈ, ਜਿਸ ਦਾ ਨਾ ਰੂਹੁੱਸਿਦਕ ਹੈ ਫਿਰ ਸਭ ਤੋਂ ਅਖੀਰੀ ਪੰਨੇ 556 ਬ੍ਰਾਹੀਨ ਅਹਮਦੀਆ ਵਿੱਚ ਉਹ ਈਸਾ ਜੋ ਮਰਯੱਮ ਦੇ ਗਰਭ ਵਿੱਚ ਸੀ, ਉਸ ਦੇ ਪੈਦਾ ਹੋਣ ਬਾਰੇ ਇਹ ਇਲਹਾਮ ਹੋਇਆ :

يا عيسىٰ انى متوفّيك ورافعك الىَّ و جاعل اللذين اتبعوك فوق الذين كفروا الىٰ يوم القيامة

ਇਸ ਥਾਂ ਮੇਰਾ ਨਾਂ ਈਸਾ ਰੱਖਿਆ ਗਿਆ ਅਤੇ ਇਸ ਇਲਹਾਮ ਨੇ ਪ੍ਰਕਟ ਕੀਤਾ ਕਿ ਉਹ ਈਸਾ ਪੈਦਾ ਹੋ ਗਿਆ ਹੈ ਜਿਸ ਦੀ ਰੂਹ ਦਾ ਪਾਇਆ ਜਾਣਾ ਪੰਨਾ 496 ਵਿੱਚ ਪ੍ਰਕਟ ਕੀਤਾ ਗਿਆ ਸੀ । ਸੋ, ਇਸ ਪੱਖੋਂ ਮੈਂ ਈਸਾ ਦਾ ਪੁਤੱਰ ਮਰਯੱਮ ਅਖਵਾਇਆ, ਕਿਉਂਕਿ ਮੇਰੀ ਈਸਵੀ ਸ਼ੈਲੀ (ਪਾਤਰਤਾ) ਮਰਯੱਮ ਦੀ ਸ਼ੈਲੀ ਤੋਂ ਰੱਬ ਦੇ ਰੂਹ ਫ਼ੂਕਣ (ਪਾਉਣ) ਨਾਲ ਪੈਦਾ ਹੋਈ ਦੇਖੋ ਪੰਨਾ 496 ਅਤੇ ਪੰਨਾ 556 ਬ੍ਰਾਹੀਨ ਅਹਮਦੀਆ । ਅਤੇ ਇਸੇ ਘਟਨਾ ਨੂੰ ਸੂਰਤ ਤਹਰੀਮ ਵਿੱਚ ਪੇਸ਼ਗੋਈ ਦੇ ਰੂਪ ਵਿੱਚ ਕਮਾਲ ਵਿਸਥਾਰ ਨਾਲ ਪੇਸ਼ ਕੀਤਾ ਗਿਆ ਹੈ ਕਿ ਈਸਾ ਇਬਨੇ ਮਰਯੱਮ ਇਸ ਉਮੱਤ ਵਿੱਚ ਇਸ ਪ੍ਰਕਾਰ ਪੈਦਾ ਹੋਵੇਗਾ ਕਿ ਪਹਿਲਾਂ ਕੋਈ ਵਿਅਕਤੀ ਇਸ ਉਮੱਤ ਦਾ ਮਰਯੱਮ ਬਣਾਇਆ ਜਾਏਗਾ ਅਤੇ ਫਿਰ ਬਾਦ ਵਿੱਚ ਉਸ ਮਰਯੱਮ ਵਿੱਚ ਈਸਾ ਦੀ ਰੂਹ ਫ਼ੂਕ (ਪਾ) ਦਿੱਤੀ

ਜਾਏਗੀ । ਸੋ, ਉਹ ਮਰਯੱਮੀ ਅਵਸਥਾ ਦੇ ਗਰਭ ਵਿੱਚ ਇਕ ਸਮੇਂ ਤੱਕ ਪ੍ਰਫੁਲੱਤ ਹੋਕੇ ਈਸਾ ਦੀ ਆਤਮਕਤਾ ਵਿੱਚ ਜਨਮ ਲਏਗਾ ਅਤੇ ਇਸ ਪ੍ਰਕਾਰ ਉਹ ਈਸਾ ਬਿਨ ਮਰਯੱਮ (ਮਰਯੱਮ ਦਾ ਪੁਤੱਰ ਈਸਾ) ਅਖਵਾਏਗਾ । ਇਹ ਉਹ ਖ਼ਬਰ ਹੈ ਜੋ ਮਰਯੱਮ ਦੇ ਮੁਹਮੱਦੀ ਪੁਤੱਰ ਬਾਰੇ ਕੁਰਆਨ ਸ਼ਰੀਫ਼ ਦੀ ਸੂਰਤ ਤਹਰੀਮ ਵਿੱਚ ਇਸ ਯੁੱਗ ਤੋਂ ਤੇਰ੍ਹਾਂ ਸੌ ਸਾਲ ਪਹਿਲਾਂ ਵਰਨਣ ਕੀਤੀ ਗਈ ਹੈ ਅਤੇ ਫਿਰ ਬ੍ਰਾਹੀਨ ਅਹਮਦੀਆ ਵਿੱਚ ਸੂਰਤ ਤਹਰੀਮ ਦੀਆਂ ਇਹਨਾਂ ਅਇਤਾਂ ਦੀ ਰੱਬ ਨੇ ਆਪ ਵਿਆਖਿਆ ਕਰ ਦਿੱਤੀ ਹੈ । ਕੁਰਆਨ ਸ਼ਰੀਫ਼ ਮੌਜੂਦ ਹੈ, ਇਕ ਪਾਸੇ ਕੁਰਆਨ ਸ਼ਰੀਫ਼ ਨੂੰ ਰੱਖੋ ਅਤੇ ਇਕ ਪਾਸੇ ਬ੍ਰਾਹੀਨ ਅਹਮਦੀਆ ਨੂੰ ਅਤੇ ਫਿਰ ਇੰਸਾਫ਼, ਅਕਲ ਅਤੇ ਸੰਜਮਤਾ ਨਾਲ ਸੋਚੋ ਕਿ ਉਹ ਪੇਸ਼ਗੋਈ ਜੋ ਸੂਰਤ ਤਹਰੀਮ ਵਿੱਚ ਹੈ ਅਰਥਾਤ ਇਹ ਕਿ ਇਸ ਉਮੱਤ ਵਿੱਚ ਵੀ ਕੋਈ ਵਿਅਕਤੀ ਮਰਯੱਮ ਅਖਵਾਏਗਾ ਅਤੇ ਫਿਰ ਮਰਯੱਮ ਤੋਂ ਈਸਾ ਬਣਾਇਆ ਜਾਏਗਾ, ਸੰਭਵਤਾ ਉਸ ਵਿੱਚੋਂ ਪੈਦਾ ਹੋਵੇਗਾ । ਉਹ ਕਿਸ ਪ੍ਰਕਾਰ ਬ੍ਰਾਹੀਨ ਅਹਮਦੀਆ ਦੇ ਇਲਹਾਮਾ ਅਨੁਸਾਰ ਪੂਰਾ ਹੋਇਆ, ਕੀ ਇਹ ਮਨੁੱਖ ਦੀ ਕੁਦਰਤ ਹੈ, ਕੀ ਇਹ ਮਨੁੱਖੀ ਵੱਸ ਵਿੱਚ ਹੈ ? ਕੀ ਇਹ ਮੇਰੇ ਅਖੱਤਿਆਰ ਵਿੱਚ ਸੀ ? ਕੀ ਮੈਂ ਉਸ ਸਮੇਂ ਮੌਜੂਦ ਸੀ, ਜੱਦ ਕੁਰਆਨ ਸ਼ਰੀਫ਼ ਨਾਜ਼ਲ ਹੋ ਰਿਹਾ ਸੀ ਕਿ ਮੈਂ ਬਿਨਤੀ ਕਰਦਾ ਕਿ ਮੈਂਨੂੰ ਮਰਯੱਮ ਦਾ ਪੁਤੱਰ ਬਨਾਉਣ ਲਈ ਕੋਈ ਅਇਤ ਉਤਾਰੀ ਜਾਏ ਅਤੇ ਇਸ ਇਤਰਾਜ਼ ਤੋਂ ਮੈਂਨੂੰ ਮੁਕਤ ਕੀਤਾ ਜਾਏ ਕਿ ਤੁਹਾਨੂੰ ਕਿਉਂ ਮਰਯੱਮ ਦਾ ਪੁਤੱਰ ਕਿਹਾ ਜਾਏ ਅਤੇ ਕੀ ਅੱਜ ਤੋਂ ਵੀਹ ਬਾਈ ਸਾਲ ਪਹਿਲਾਂ ਸਗੋਂ ਇਸ ਤੋਂ ਵੀ ਵੱਧ ਪਹਿਲਾਂ ਮੇਰੇ ਵੱਲ ਇਹ ਮਨਸੂਬਾ ਮੜ੍ਹਿਆ ਜਾ ਸਕਦਾ ਸੀ ਕਿ ਮੈਂ ਆਪਣੇ ਵੱਲੋਂ ਇਲਹਾਮ ਘੜਕੇ ਪਹਿਲਾਂ ਆਪਣਾ ਨਾਂ ਮਰਯੱਮ ਰਖੱਦਾ ਅਤੇ ਫਿਰ ਅੱਗੇ ਚਲਕੇ ਝੂਠੇ ਤੌਰ'ਤੇ ਇਹ ਇਲਹਾਮ ਬਣਾਉਂਦਾ ਕਿ ਪਹਿਲੇ ਯੁੱਗ ਦੀ ਮਰਯੱਮ ਵਾਂਗ ਮੇਰੇ ਵਿੱਚ ਈਸਾ ਦੀ ਰੂਹ ਪਾਈ ਗਈ ਹੈ ਅਤੇ ਫਿਰ ਅਖੀਰੀ ਪੰਨਾ 556 ਬ੍ਰਾਹੀਨ ਅਹਮਦੀਆ ਵਿੱਚ ਇਹ ਲਿੱਖ ਦਿੰਦਾ ਕਿ ਹੁਣ ਮੈਂ ਮਰਯੱਮ ਤੋਂ ਈਸਾ ਬਣ ਗਿਆ ਹਾਂ । ਹੇ ਪਿਆਰੇ

ਸਜੱਣੋ ! ਵਿਚਾਰ ਕਰੋ ਅਤੇ ਰੱਬ ਤੋਂ ਡਰੋ, ਇਹ ਕੰਮ ਉਕੱਾ ਹੀ ਮਨੁੱਖ ਦਾ ਨਹੀਂ ਹੈ, ਇਹ ਬਰੀਕ ਤੇ ਅਤਿ ਸੂਖਮ ਯੁਕਤੀਆਂ ਹਨ ਜੋ ਮਨੁੱਖ ਦੇ ਵਹਿਮ ਭਰਮ ਤੇ ਸੋਚ ਤੋਂ ਉਪੱਰ ਹਨ । ਜੇਕਰ ਬ੍ਰਾਹੀਨ ਅਹਮਦੀਆ ਦੀ ਰਚਨਾ ਸਮੇਂ ਜਿਸ'ਤੇ ਇਕ ਲੰਮਾ ਸਮਾਂ ਲੰਘ ਚੁਕਾ ਹੈ, ਮੈਂਨੂੰ ਇਸ ਮਨਸੂਬੇ ਦਾ ਵਿਚਾਰ ਹੁੰਦਾ ਤਾਂ ਮੈਂ ਉਸੇ ਬ੍ਰਾਹੀਨ ਅਹਮਦੀਆ ਵਿੱਚ ਕਿਉਂ ਲਿਖੱਦਾ ਕਿ ਈਸਾ ਬਿਨ ਮਰਯੱਮ ਆਕਾਸ਼ ਤੋਂ ਫਿਰ ਦੁਬਾਰਾ ਆਏਗਾ । ਸੋ, ਕਿਉਂਕਿ ਰੱਬ ਜਾਣਦਾ ਸੀ ਕਿ ਇਸ ਨੁਕਤੇ ਉਪੱਰ ਗਿਆਨ ਹੋਣ ਨਾਲ ਇਹ ਦਲੀਲ ਕਮਜ਼ੋਰ ਹੋ ਜਾਏਗੀ । ਇਸ ਲਈ ਭਾਵੇਂ ਉਸਨੇ ਬ੍ਰਾਹੀਨ ਅਹਮਦੀਆ ਦੇ ਤੀਜੇ ਭਾਗ ਵਿੱਚ ਮੇਰਾ ਨਾਂ ਮਰਯੱਮ ਰੱਖਿਆ । ਫਿਰ ਜਿਵੇਂ ਕਿ ਬ੍ਰਾਹੀਨ ਅਹਮਦੀਆ ਤੋਂ ਪ੍ਰਕਟ ਹੈ ਕਿ ਦੋ ਸਾਲ ਤੱਕ ਮਰਯੱਮੀ ਗੁਣਾ ਵਿੱਚ ਮੈਂ ਪ੍ਰਫੁਲੱਤ ਹੋਇਆ ਅਤੇ ਪਰਦਿਆਂ ਵਿੱਚ ਵਧੱਦਾ ਫੁਲਦਾ ਰਿਹਾ ਜੱਦ ਉਸ'ਤੇ ਦੋ ਸਾਲ ਲੰਘ ਗਏ ਤਾਂ ਜਿਵੇਂ ਕਿ ਬ੍ਰਾਹੀਨ ਅਹਮਦੀਆ ਦੇ ਚੌਥੇ ਭਾਗ ਪੰਨ੍ਹਾ 496 ਵਿੱਚ ਅੰਕਿਤ ਹੈ ਕਿ ਮਰਯੱਮ ਵਾਂਗ ਈਸਾ ਦੀ ਰੂਹ ਮੇਰੇ ਵਿੱਚ ਪਾਈ ਗਈ ਅਤੇ ਸੰਕੇਤਕ ਰੂਪ ਵਿੱਚ ਮੈਂਨੂੰ ਗਰਭਵਤੀ ਠਹਿਰਾਇਆ ਗਿਆ ਅਤੇ ਅਖੀਰ ਕਈ ਮਹੀਨਿਆਂ ਦੇ ਬਾਦ ਜੋ ਦੱਸ ਮਹੀਨਿਆਂ ਤੋਂ ਵੱਧ ਨਹੀਂ, ਇਸ ਇਲਹਾਮ ਰਾਹੀਂ ਜੋ ਸਭ ਤੋਂ ਅਖ਼ੀਰ ਵਿੱਚ ਬ੍ਰਾਹੀਨ ਅਹਮਦੀਆ ਦੇ ਚੌਥੇ ਭਾਗ ਪੰਨ੍ਹਾ 556 ਵਿੱਚ ਅੰਕਿਤ ਹੈ ਮੈਂਨੂੰ ਮਰਯੱਮ ਤੋਂ ਈਸਾ ਬਣਾਇਆ ਗਿਆ । ਸੋ, ਇਸ ਪ੍ਰਕਾਰ ਮੈਂ ਈਸਾ ਦਾ ਪੁਤੱਰ ਮਰਯੱਮ ਬਣਿਆ ਅਤੇ ਰੱਬ ਨੇ ਬ੍ਰਾਹੀਨ ਅਹਮਦੀਆ ਦੀ ਉਸ ਰਚਨਾ ਸਮੇਂ ਇਸ ਗੁਪਤ ਗਿਆਨ ਦੀ ਮੈਂਨੂੰ ਖ਼ਬਰ ਨ ਦਿੱਤੀ ਹਾਲਾਂਕਿ ਉਹ ਸਾਰੀ ਰੱਬ ਦੀ ਵਹੀ ਜੋ ਉਸ ਭੇਦ ਉਪੱਰ ਅਧਾਰਤ ਸੀ ਮੇਰੇ ਉਪੱਰ ਨਾਜ਼ਲ ਹੋਈ ਅਤੇ ਬ੍ਰਾਹੀਨ ਅਹਮਦੀਆ ਵਿੱਚ ਦਰਜ ਹੈ, ਪਰ ਮੈਂਨੂੰ ਉਸ ਦੇ ਅਰਥਾਂ ਤੇ ਬਣਤਰ ਉਪੱਰ ਭਰਪੂਰ ਗਿਆਨ ਨ ਦਿਤੱਾ ਗਿਆ । ਇਸੇ ਲਈ ਮੈਂ ਮੁਸਲਮਾਨਾ ਦੇ ਰਸਮੀ ਅਕੀਦੇ ਨੂੰ ਬ੍ਰਾਹੀਨ ਅਹਮਦੀਆ ਵਿੱਚ ਲਿੱਖ ਦਿਤੱਾ ਤਾਂ ਮੇਰੀ ਸਾਦਗੀ ਅਤੇ ਬਣਾਉਟੀ ਹੋਂਦ ਅਣਹੋਂਦ'ਤੇ ਗਵਾਹ ਹੋਵੇ, ਉਹ... ਲਿਖੱਣਾ ਜੋ ਇਲਹਾਮੀ ਨਹੀਂ ਸੀ ਕੇਵਲ

ਰਸਮੀ ਸੀ ਵਿਰੋਧੀਆਂ ਲਈ ਪ੍ਰਮਾਣਕ ਨਹੀਂ, ਕਿਉਂਕਿ ਮੈਂਨੂੰ ਆਪਨੂੰ ਵੀ ਗ਼ੈਬ ਦਾ ਦਾਵਾ ਨਹੀਂ, ਜੱਦ ਤੱਕ ਰੱਬ ਆਪ ਮੈਂਨੂੰ ਨ ਸਮਝਾਵੇ । ਸੋ, ਉਸ ਸਮੇਂ ਤੱਕ ਇਲਾਹੀ ਨੀਤੀ ਦਾ ਇਹੋ ਤਕਾਦਾ ਸੀ ਕਿ ਬ੍ਾਹੀਨ ਅਹਮਦੀਆ ਦੇ ਕੁਝ ਇਲਹਾਮੀ ਭੇਦ ਮੇਰੀ ਸਮਝ ਵਿੱਚ ਨ ਆਉਂਦੇ ਪਰ ਜੱਦ ਸਮਾਂ ਆ ਗਿਆ ਤਾਂ ਉਹ ਭੇਦ ਮੈਂਨੂੰ ਸਮਝਾਏ ਗਏ, ਫਿਰ ਮੈਂਨੂੰ ਪਤਾ ਲੱਗਾ ਕਿ ਮੇਰੇ ਇਸ ਮਸੀਹ ਮੌਊਦ ਹੋਣ ਦੇ ਦਾਵੇ ਵਿੱਚ ਕੋਈ ਨਵੀਂ ਗੱਲ ਨਹੀਂ, ਇਹ ਉਹੋ ਦਾਵਾ ਹੈ ਜੋ ਬ੍ਾਹੀਨ ਅਹਮਦੀਆ ਵਿੱਚ ਵਾਰ ਵਾਰ ਵਿਸਥਾਰ ਨਾਲ ਲਿੱਖਿਆ ਗਿਆ ਹੈ । ਇਸ ਥਾਂ ਇਕ ਹੋਰ ਇਲਹਾਮ ਦਾ ਵੀ ਵਰਨਣ ਕਰਦਾ ਹਾਂ, ਮੈਂਨੂੰ ਚੇਤੇ ਨਹੀਂ ਕਿ ਮੈਂ ਇਹ ਇਲਹਾਮ ਆਪਣੇ ਕਿਸੇ ਰਸਾਲੇ (ਮੈਗਜ਼ੀਨ) ਜਾਂ ਇਸ਼ਤਿਹਾਰ ਵਿੱਚ ਪ੍ਰਕਾਸ਼ਤ ਕੀਤਾ ਹੈ ਜਾਂ ਨਹੀਂ, ਪਰੰਤੂ ਮੈਂਨੂੰ ਇਹ ਚੇਤੇ ਹੈ ਕਿ ਸੈਂਕੜਿਆਂ ਲੋਕਾਂ ਨੂੰ ਮੈਂ ਸੁਣਾਇਆ ਸੀ ਅਤੇ ਉਹ ਮੇਰੀ ਯਾਦ ਦੇ ਇਲਾਹਾਮਾ ਵਿੱਚ ਮੌਜੂਦ ਹੈ । ਉਹ ਉਸ ਸਮੇਂ ਦਾ ਹੈ ਜੱਦ ਰੱਬ ਨੇ ਮੈਂਨੂੰ ਪਹਿਲਾਂ ਮਰਯੱਮ ਦਾ ਖ਼ਿਤਾਬ (ਉਪਾਧੀ) ਦਿਤੱਾ ਅਤੇ ਫਿਰ ਰੂਹ ਫੂਕਣ ਦਾ ਇਲਹਾਮ ਕੀਤਾ, ਫਿਰ ਇਸ ਦੇ ਬਾਦ ਇਹ ਇਲਹਾਮ ਹੋਇਆ ਸੀ :

فاجاءھا المخاض الی جذع النخلۃ قالت یالیتنی مت قبل ھذا و کنت نسیاً منسیا

ਅਰਥਾਤ ਫਿਰ ਉਸ ਮਰਯੱਮ ਨੂੰ ਜੋ ਇਸ ਨਿਮਾਣੇ ਤੋਂ ਮੁਰਾਦ ਹੈ, ਗਰਭ ਦੀਆਂ ਪੀੜ੍ਹਾਂ ਖਜੂਰ ਦੇ ਤਣੇ ਕੋਲ ਲੈ ਆਈ ਅਰਥਾਤ ਸਾਧਾਰਣ ਲੋਕਾਂ, ਜਾਹਲਾਂ ਤੇ ਬੇਸਮਝ ਮੌਲਵੀਆਂ ਨਾਲ ਵਾਹ ਪਿਆ, ਜਿੰਨ੍ਹਾ ਕੋਲ ਇਮਾਨ ਦਾ ਫਲ ਨਹੀਂ ਸੀ ਜਿੰਨ੍ਹਾ ਨੇ ਇਨਕਾਰ ਤੇ ਤੌਹੀਨ ਕੀਤੀ ਅਤੇ ਗਾਲ੍ਹਾ ਕੱਢੀਆਂ ਅਤੇ ਇਕ ਝਖੱੜ ਝੁਲਾ ਦਿਤੱਾ । ਤੱਦ ਮਰਯੱਮ ਨੇ ਕਿਹਾ ਕਿ ਕਾਸ਼ ਮੈਂ ਇਸ ਤੋਂ ਪਹਿਲਾਂ ਮਰ ਜਾਂਦੀ ਅਤੇ ਮੇਰਾ ਨਾਂ ਨਿਸ਼ਾਨ ਬਾਕੀ ਨ ਰਹਿੰਦਾ । ਇਹ ਉਸ ਰੌਲ੍ਹੇ ਵੱਲ ਸੰਕੇਤ ਹੈ ਜੋ ਅਰੰਭ ਵਿੱਚ ਮੌਲਵੀਆਂ ਵੱਲੋਂ ਸਾਮੂਹਿਕ ਰੂਪ ਵਿੱਚ ਕੀਤਾ ਗਿਆ । ਉਹ ਇਸ ਦਾਵੇ ਨੂੰ ਝੱਲ ਨ ਸਕੇ ਅਤੇ ਮੈਂਨੂੰ ਹਰ ਹੀਲਿਆਂ ਨਾਲ ਮਾਰ ਮੁਕਾਉਣਾ ਚਾਹਿਆ । ਉਸ ਸਮੇਂ ਜੋ ਦੁੱਖ, ਕਸ਼ਟ, ਪੀੜਾ ਤੇ ਔਕੁੜਾਂ ਇਹਨਾ ਨਾ ਸਮਝਾਂ

ਦਾ ਰੌਲ੍ਹਾ ਰਪੱਾ ਦੇਖਕੇ ਮੇਰੇ ਮਨ ਉਪੱਰੋਂ ਲੰਘਿਆ ਉਸਦਾ ਚਿਤੱਰ ਰੱਬ ਨੇ ਇਸ ਥਾਂ ਖਿੱਚ ਦਿਤੱਾ ਹੈ ਅਤੇ ਇਸ ਬਾਰੇ ਹੋਰ ਵੀ ਇਲਹਾਮ ਸਨ ਜਿਵੇਂ

لقد جئت شیئا فریا۔ ما کان ابوک امرء سوء وما کانت أمّك بغیا

ਅਤੇ ਫਿਰ ਇਸਦੇ ਨਾਲ ਦਾ ਇਲਹਾਮ ਬ੍ਰਾਹੀਨ ਅਹਮਦੀਆਂ ਦੇ ਪੰਨ੍ਹਾ 521 ਵਿੱਚ ਮੌਜੂਦ ਹੈ ਅਤੇ ਉਹ ਇਹ ਹੈ

الیس اللہ بکاف عبدہ ولنجعلہ ایۃ للناس ورحمۃ منا وکان امرا مقضیا۔ قول الحق الذی فیہ تمترون

(ਦੇਖੋ ਬ੍ਰਾਹੀਨ ਅਹਮਦੀਆ ਪੰਨ੍ਹਾ 516 ਪੰਕਤੀ 12–13)

ਅਰਥ : ਅਤੇ ਲੋਕਾਂ ਨੇ ਕਿਹਾ ਕਿ ਹੇ ਮਰਯੱਮ ਤੂੰ ਇਹ ਕੀ ਕੀਤਾ, ਮਕਰੂਹ ਤੇ ਘ੍ਰਿਣਾ ਯੋਗ ਕੰਮ ਕਰ ਦਿਖਾਇਆ ਜੋ ਰਾਸਤੀ (ਸੁਮਾਰਗ) ਤੋਂ ਦੂਰ ਹੈ, ਤੇਰਾ ਬਾਪ[12] ਤੇ ਤੇਰੀ ਮਾਂ ਤਾਂ ਅਜਿਹੇ ਨਹੀਂ ਸਨ । ਪਰ ਰੱਬ ਇਹਨਾ ਤੁਹਮਤਾਂ (ਊਝਾਂ) ਤੋਂ ਆਪਣੇ ਬੰਦੇ ਨੂੰ ਮੁਕਤ ਕਰੇਗਾ ਅਤੇ ਅਸੀਂ ਇਸ ਨੂੰ ਲੋਕਾਂ ਲਈ ਨਿਸ਼ਾਨ (ਚਮਤਕਾਰ) ਬਣਾ ਦਿਆਂਗੇ । ਇਹ ਗੱਲ ਆਦਿ ਤੋਂ ਮੁਕਦੱਰ ਸੀ ਅਤੇ ਅਜਿਹਾ ਹੀ ਹੋਣਾ ਸੀ ਇਹ ਈਸਾ ਇਬਨੇ ਮਰਯੱਮ ਹੈ ਜਿਸ ਬਾਰੇ ਲੋਕ ਸ਼ੰਕਾ ਕਰ ਰਹੇ ਹਨ, ਇਹੋ ਗੱਲ ਸੱਚੀ ਹੈ । ਇਹ ਸਾਰੀ ਬ੍ਰਾਹੀਨ ਅਹਮਦੀਆ ਦੀਆਂ ਪੰਕਤੀਆਂ ਹਨ ਅਤੇ ਇਹ ਇਲਹਾਮ ਅਸਲ ਵਿੱਚ ਕੁਰਆਨ ਕਰੀਮ ਦੀਆਂ ਆਇਤਾਂ ਹਨ ਜੋ ਹਜ਼ਰਤ ਈਸਾ ਅਤੇ ਉਹਨਾ ਦੀ ਮਾਂ

---

[12] ਨੋਟ : ਇਸ ਇਲਹਾਮ'ਤੇ ਮੈਂਨੂੰ ਚੇਤੇ ਆਇਆ ਕਿ ਬਟਾਲੇ ਵਿੱਚ ਫ਼ਜ਼ਲ ਸ਼ਾਹ ਜਾਂ ਮਿਹਰ ਸ਼ਾਹ ਨਾਂ ਦੇ ਇਕ ਸਯੱਦ ਸਨ ਜੋ ਮੇਰੇ ਪਿਤਾ ਜੀ ਨਾਲ ਬਹੁਤ ਪ੍ਰੇਮ ਰਖੱਦੇ ਸਨ ਅਤੇ ਬਹੁਤ ਚੰਗੇ ਸੰਬੰਧ ਸਨ, ਜੱਦ ਮੇਰੇ ਮਸੀਹ ਮੌਊਦ ਹੋਣ ਦੇ ਦਾਵੇ ਦੀ ਕਿਸੇ ਨੇ ਉਹਨਾਂ ਨੂੰ ਸੂਚਨਾ ਦਿੱਤੀ ਤਾਂ ਬਹੁਤ ਰੋਏ ਅਤੇ ਕਿਹਾ ਕਿ ਉਹਨਾਂ ਦੇ ਪਿਤਾ ਜੀ ਬਹੁਤ ਚੰਗੇ ਵਿਅਕਤੀ ਸਨ, ਅਰਥਾਤ ਇਹ ਵਿਅਕਤੀ ਕਿਸ'ਤੇ ਪੈਦਾ ਹੋਇਆ, ਇਹਨਾਂ ਦਾ ਪਿਤਾ ਤਾਂ ਇਕ ਨੇਕ ਸੁਭਾਉ ਤੇ ਝੂਠੇ ਕੰਮਾ ਤੋਂ ਦੂਰ, ਸਿਧੱਾ ਤੇ ਸਾਫ਼ ਦਿਲ ਮੁਸਲਮਾਨ ਸੀ । ਇਸੇ ਪ੍ਰਕਾਰ ਹੀ ਬਥੇਰਿਆਂ ਲੋਕਾਂ ਨੇ ਕਿਹਾ ਕਿ ਤੁਸੀਂ ਤਾਂ ਆਪਣੇ ਖ਼ਾਨਦਾਨ ਨੂੰ ਦਾਗ਼ ਲਾਇਆ ਹੈ, ਅਜਿਹਾ ਦਾਵਾ ਕੀਤਾ ਹੈ । (ਲੇਖਕ)

ਬਾਰੇ ਹਨ । ਇਹਨਾ ਆਇਤਾਂ ਵਿੱਚ ਜਿਸ ਈਸਾ ਨੂੰ ਲੋਕਾਂ ਨੇ ਨਾਜਾਇਜ਼ ਪੈਦਾਇਸ਼ ਦਾ ਮਨੁੱਖ ਕਰਾਰ ਦਿਤੱਾ ਹੈ ਉਸੇ ਬਾਰੇ ਰੱਬ ਫ਼ਰਮਾਉਂਦਾ ਹੈ ਕਿ ਅਸੀਂ ਉਸ ਨੂੰ ਆਪਣਾ ਨਿਸ਼ਾਨ (ਚਮਤਕਾਰ) ਬਣਾਵਾਂਗੇ ਅਤੇ ਇਹੋ ਈਸਾ ਹੈ ਜਿਸ ਦੀ ਉਡੀਕ ਸੀ ਅਤੇ ਇਲਹਾਮੀ ਇਬਾਰਤਾਂ ਵਿੱਚ ਮਰਯੱਮ ਅਤੇ ਈਸਾ ਤੋਂ ਭਾਵ ਮੈਂ ਹੀ ਹਾਂ । ਮੇਰੇ ਬਾਰੇ ਹੀ ਕਿਹਾ ਗਿਆ ਹੈ ਕਿ ਅਸੀਂ ਇਸਨੂੰ ਨਿਸ਼ਾਨ ਬਣਾ ਦਿਆਂਗੇ, ਭਾਵ ਇਹ ਕਿਹਾ ਗਿਆ ਹੈ ਕਿ ਇਹ ਉਹੋ ਮਰਯੱਮ ਦਾ ਪੁਤੱਰ ਈਸਾ ਹੈ ਜੋ ਆਉਣ ਵਾਲਾ ਸੀ, ਜਿਸ ਬਾਰੇ ਲੋਕ ਸੰਦੇਹ ਕਰਦੇ ਹਨ, ਇਹੋ ਸਚੱਾਈ ਹੈ ਅਤੇ ਆਉਣ ਵਾਲਾ ਇਹੋ ਹੈ, ਸੰਦੇਹ ਕੇਵਲ ਨਾਸਮਝੀ ਕਰਕੇ ਹੈ ਜੋ ਰੱਬ ਦੇ ਗੁੱਝੇ ਭੇਦਾਂ ਨੂੰ ਨਹੀਂ ਸਮਝਦੇ ਅਤੇ ਜ਼ਾਹਰ ਪ੍ਰਸਤ ਹਨ ਵਾਸਤਵਿਕਤਾ ਉਪੱਰ ਉਹਨਾ ਦੀ ਨਜ਼ਰ ਨਹੀਂ ।

ਇਹ ਵੀ ਚੇਤੇ ਰਹੇ ਕਿ ਸੂਰਤ ਫ਼ਾਤਿਹਾ ਦੇ ਮਹਾਨਤਮ ਉਦੇਸ਼ਿਆਂ ਵਿੱਚ ਇਹ ਦੁਆ ਹੈ ਕਿ اِھۡدِنَاالصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡھِمۡ ۔ ਅਤੇ ਜਿਵੇਂ ਇੰਜੀਲ ਦੀ ਦੁਆ ਵਿੱਚ ਰੋਟੀ ਮੰਗੀ ਗਈ ਹੈ ਇਸ ਦੁਆ ਵਿੱਚ ਰੱਬ ਤੋਂ ਉਹ ਸਾਰੀਆਂ ਨੇਮਤਾਂ ਮੰਗੀਆਂ ਗਈਆਂ ਹਨ ਜੋ ਪਹਿਲੇ ਰਸੂਲਾਂ ਤੇ ਨਬੀਆਂ ਨੂੰ ਦਿੱਤੀਆਂ ਗਈਆਂ ਸਨ । ਇਹ ਮੁਕਾਬਲਾ ਵੀ ਦ੍ਰਿਸ਼ ਯੋਗ ਹੈ, ਜਿਵੇਂ ਹਜ਼ਰਤ ਈਸਾ ਮਸੀਹ ਦੀ ਦੁਆ ਕੁਬੂਲ ਹੋਕੇ ਈਸਾਈਆਂ ਨੂੰ ਰੋਟੀ ਦਾ ਸਾਧਨ ਬਹੁਤ ਕੁਝ ਮਿਲ ਗਿਆ ਹੈ । ਇਸੇ ਪ੍ਰਕਾਰ ਇਹ ਕੁਰਆਨੀ ਦੁਆ ਆਂਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਰਾਹੀਂ ਪਰਵਾਨ ਹੋਕੇ ਪਾਰਸਾ ਤੇ ਨੇਕ ਮੁਸਲਮਾਨ ਵਿਸ਼ੇਸ਼ ਕਰਕੇ ਉਹਨਾ ਦੇ ਕਾਮਲ ਲੋਕ ਬਨੀ ਇਸਰਾਈਲੀਆਂ ਦੇ ਨਬੀਆਂ ਦੇ ਵਾਰਸ ਠਹਿਰਾਏ ਗਏ ਅਤੇ ਵਾਸਤਵ ਵਿੱਚ ਮਸੀਹ ਮੌਊਦ ਦਾ ਇਸ ਉਮੱਤ ਵਿੱਚ ਪੈਦਾ ਹੋਣਾ, ਇਹ ਵੀ ਇਸੇ ਦੁਆ ਦੀ ਪਰਵਾਨਗੀ ਦਾ ਸਿਟੱਾ ਹੈ ਕਿਉਂਕਿ ਬੇਸ਼ਕ ਗੁਪਤ ਰੂਪ ਵਿੱਚ ਬਹੁਤ ਸਾਰੇ ਪਾਰਸਾ ਤੇ ਨੇਕ ਲੋਕਾਂ ਨੇ ਬਨੀ ਇਸਰਾਈਲ ਦੇ ਨਬੀਆਂ ਦੇ ਤੁੱਲ (ਸਮਾਨਤਾ) ਭਾਗ ਲਿਆ ਹੈ ਪਰ ਇਸ ਉਮੱਤ ਦਾ ਮਸੀਹ ਖੁੱਲੇ ਤੌਰ'ਤੇ ਰੱਬ ਦੇ ਹੁਕਮ ਤੇ ਆਦੇਸ਼ ਨਾਲ ਇਸਰਾਈਲੀ ਮਸੀਹ ਦੇ ਮੁਕਾਬਲੇ

ਵਿੱਚ ਖੜਾ ਕੀਤਾ ਗਿਆ ਹੈ ਤਾਂ ਜੋ ਮੂਸਵੀ ਅਤੇ ਮੁਹਮੱਦੀ ਸਿਲਸਿਲੇ ਦੀ ਤੁਲਨਾਤਮਕ ਸਮਾਨਤਾ ਸਮਝ ਵਿੱਚ ਆ ਜਾਏ । ਇਸੇ ਉਦੇਸ਼ ਨਾਲ ਇਸ ਮਸੀਹ ਨੂੰ ਹਰ ਪੱਖੋਂ ਮਰਯੱਮ ਦੇ ਪੁੱਤਰ ਈਸਾ ਨਾਲ ਤੁਲਨਾ ਦਿੱਤੀ ਗਈ ਹੈ, ਇੱਥੋਂ ਤੱਕ ਕਿ ਇਸ ਇਬਨੇ ਮਰਯੱਮ ਉਪੱਰ ਔਕੁੜਾਂ ਵੀ ਇਸਰਾਈਲੀ ਇਬਨੇ ਮਰਯੱਮ ਵਾਂਗ ਆਈਆਂ । ਪਹਿਲਾ ਜਿਵੇਂ ਕਿ ਮਰਯੱਮ ਦਾ ਪੁੱਤਰ ਈਸਾ ਕੇਵਲ ਰੱਬ ਦੇ ਫੂਕਣ (ਆਤਮਾ ਪਾਉਣ) ਨਾਲ ਪੈਦਾ ਕੀਤਾ ਗਿਆ ਇਸੇ ਪ੍ਰਕਾਰ ਇਹ ਮਸੀਹ ਵੀ ਸੂਰਤ ਤਹਰੀਮ ਦੇ ਵਾਦੇ ਅਨੁਸਾਰ ਕੇਵਲ ਰੱਬ ਦੇ ਫੂਕਣ (ਆਤਮਾ ਪਾਉਣ) ਨਾਲ ਮਰਯੱਮ ਦੇ ਅੰਦਰੋਂ ਪੈਦਾ ਕੀਤਾ ਗਿਆ ਅਤੇ ਜਿਵੇਂ ਕਿ ਮਰਯੱਮ ਦੇ ਪੁੱਤਰ ਈਸਾ ਦੀ ਪੈਦਾਇਸ਼ ਸਮੇਂ ਬਹੁਤ ਰੌਲ੍ਹਾ ਪਿਆ ਅਤੇ ਅੰਨ੍ਹੇ ਵਿਰੋਧੀਆਂ ਨੇ ਮਰਯੱਮ ਨੂੰ ਕਿਹਾ لَقَدْ جِئْتِ شَيْئًا فَرِيًّا۔ (مریم 28) (ਲਕਦ ਜਿਅਤਿ ਸ਼ੈਅਨ ਫ਼ਰੀਯੱਾ, ਸੂਰਤ ਮਰਯੱਮ 28) ਇਸੇ ਪ੍ਰਕਾਰ ਇਸ ਥਾਂ ਵੀ ਕਿਹਾ ਗਿਆ ਅਤੇ ਰੌਲ੍ਹਾ ਪਾਇਆ ਗਿਆ ਅਤੇ ਜਿਵੇਂ ਕਿ ਰੱਬ ਨੇ ਇਸਰਾਈਲੀ ਮਰਯੱਮ ਦੇ ਗਰਭ ਪ੍ਰਸਾਰਣ ਸਮੇਂ ਵਿਰੋਧੀਆਂ ਨੂੰ ਈਸਾ ਬਾਰੇ ਇਹ ਉਤੱਰ ਦਿਤੱਾ :

وَلِنَجْعَلَهٗ آيَةً لِّلنَّاسِ وَرَحْمَةً مِّنَّا وَكَانَ أَمْرًا مَّقْضِيًّا۔ (مریم 22)

ਵਲਿਨਜਆਲਾਹੁ ਆਯਾਤਨ ਲਿਨੱਾਸਿ ਵ ਰਹਮਾਤਨ ਮਿਨੱਾ ਵਕਾਨਾ ਅੰਮਰੰ ਮਕਜ਼ੀਯੱਾ (ਸੂਰਤ ਮਰਯੱਮ 22)

ਇਹੋ ਉਤੱਰ ਰੱਬ ਨੇ ਮੇਰੇ ਬਾਰੇ ਬ੍ਰਾਹੀਨ ਅਹਮਦੀਆ ਵਿੱਚ ਰੂਹਾਨੀ ਗਰਭ ਪ੍ਰਸਾਰਣ ਸਮੇਂ ਜੋ ਸੰਕੇਤਕ ਰੂਪ ਵਿੱਚ ਸੀ ਵਿਰੋਧੀਆਂ ਨੂੰ ਦਿਤੱਾ ਅਤੇ ਕਿਹਾ ਤੁਸੀਂ ਆਪਣੇ ਧੋਖਿਆਂ ਨਾਲ ਇਸ ਨੂੰ ਨਸ਼ਟ ਨਹੀਂ ਕਰ ਸਕਦੇ । ਮੈਂ ਇਸ ਨੂੰ ਲੋਕਾਂ ਲਈ ਰਹਿਮਤ ਦਾ ਨਿਸ਼ਾਨ ਬਣਾਵਾਂਗਾ ਅਤੇ ਅਜਿਹਾ ਹੋਣਾ ਆਦਿ ਤੋਂ ਮੁਕਦੱਰ ਸੀ । ਫਿਰ ਜਿਵੇਂ ਕਿ ਯਹੂਦੀਆਂ ਦੇ ਵਿਦਵਾਨਾ ਨੇ ਹਜ਼ਰਤ ਈਸਾ ਉਪੱਰ ਕੁਫ਼ਰ ਦੇ ਫ਼ਤਵੇ ਲਾਏ ਅਤੇ ਇਕ ਉਪੱਦ੍ਰਵੀ ਵਿਦਵਾਨ ਨੇ ਉਹ ਇਸਤਫ਼ਤਾਅ (ਮਤਾ) ਬਣਾਇਆ ਅਤੇ ਹੋਰਨਾ ਵਿਦਵਾਨਾ ਨੇ ਉਸ'ਤੇ ਆਪਣੇ ਫ਼ਤਵੇਂ ਦਿੱਤੇ ਇੱਥੋਂ ਤੱਕ ਕਿ ਬੈਤੁਲ ਮੁਕਦੱਸ ਦੇ ਸੈਂਕੜਿਆਂ ਵਿਦਵਾਨਾ ਜੋ ਕਿ

ਬਹੁਤੇ ਅਹਿਲੇ ਹਦੀਸ (ਸਾਖੀਆਂ ਦੇ ਜਾਣਕਾਰ ਤੇ ਗਿਆਨੀ) ਸਨ । ਉਹਨਾ ਨੇ ਹਜ਼ਰਤ ਈਸਾ ਉਪੱਰ ਕੁਫ਼ਰ ਦੀਆਂ ਮੁਹਰਾਂ ਲਾਈਆਂ[13] । ਇਹੋ ਵਤੀਰਾ ਮੇਰੇ

---

[13] ਹਜ਼ਰਤ ਈਸਾ ਅਲੈਹਿ ਸਲਾਮ ਦੇ ਸਮੇਂ ਯਹੂਦੀਆਂ ਦੇ ਭਾਵੇਂ ਬਹੁਤ ਫ਼ਿਰਕੇ ਸਨ, ਪਰ ਜੋ ਸਚੱਾਈ ਉਪੱਰ ਸਮਝੇ ਜਾਂਦੇ ਸਨ, ਉਹ ਦੋ ਫ਼ਿਰਕੇ ਹੋ ਗਏ ਸਨ । (1) ਇਕ ਉਹ ਜੋ ਤੌਰਾਤ ਦੇ ਪਾਬੰਦ ਸਨ । ਸਾਮੂਹਿਕ ਸਮੱਸਿਆ ਸਮੇਂ ਉਸੇ ਤੋਂ ਮਸਲਿਆਂ ਦਾ ਹੱਲ ਕਢੱਦੇ ਸਨ । (2) ਦੂਜਾ ਫ਼ਿਰਕਾ ਅਹਿਲੇ ਹਦੀਸ ਸੀ, ਜੋ ਤੌਰਾਤ'ਤੇ ਹਦੀਸਾਂ ਨੂੰ ਕਾਜ਼ੀ ਸਮਝਦੇ ਸਨ ਇਹ ਅਹਿਲੇ ਹਦੀਸ ਇਸਰਾਈਲੀ ਖੇਤਰ ਵਿੱਚ ਬਹੁਤ ਫੈਲ ਗਏ ਸਨ ਅਤੇ ਅਜਿਹੀਆਂ ਹਦੀਸਾਂ'ਤੇ ਅਮਲ ਕਰਦੇ ਸਨ ਜੋ ਅਧਿਕਤਰ ਤੌਰਾਤ ਦੀਆਂ ਵਿਰੋਧੀ ਤੇ ਖੰਡਨ ਕਰਨ ਵਾਲੀਆਂ ਸਨ ਅਤੇ ਇਹਨਾ ਦੀ ਇਹ ਹੁਜੱਤ ਸੀ ਕਿ ਕੁਝ ਮਸਲੇ ਜਿਵੇਂ ਇਬਾਦਤਾਂ, ਮਾਮਲੇ ਤੇ ਇਖ਼ਤਿਆਰੀ ਸਮੱਸਿਆਵਾਂ ਤੌਰਾਤ ਨਾਲ ਮਿਲਦੇ ਨਹੀਂ ਸਨ, ਉਹਨਾਂ'ਤੇ ਹਦੀਸਾਂ ਅਨੁਸਾਰ ਮਾਮਲੇ ਹੁੰਦੇ ਸਨ । ਹਦੀਸ ਦੀ ਕਿਤਾਬ ਦਾ ਨਾਂ ਤਾਲਮੂਦ ਸੀ ਅਤੇ ਇਸ ਵਿੱਚ ਹਰ ਇਕ ਨਬੀ ਦੇ ਯੁੱਗ ਦੀਆਂ ਹਦੀਸਾਂ ਸਨ । ਇਹ ਹਦੀਸਾਂ ਚਿਰ ਤੱਕ ਜ਼ਬਾਨੀ ਰਹੀਆਂ, ਲੰਮੇ ਸਮੇਂ ਬਾਦ ਲੇਖਣੀ ਵਿੱਚ ਆਈਆਂ । ਇਸ ਲਈ ਇਹਨਾ ਵਿੱਚ ਬਣਾਵਟ ਦਾ ਭਾਗ ਵੀ ਮਿਲ ਗਿਆ ਸੀ । ਇਸ ਕਰਕੇ ਯਹੂਦੀਆਂ ਦੇ ਤਿਹਤੱਰ (73) ਫ਼ਿਰਕੇ ਹੋ ਗਏ ਸਨ ਅਤੇ ਹਰ ਇਕ ਫ਼ਿਰਕਾ ਆਪਣੀਆਂ ਆਪਣੀਆਂ ਵਖੱਰੀਆਂ ਹਦੀਸਾਂ ਰਖੱਦਾ ਸੀ । ਅਤੇ ਹਦੀਸਾਂ ਵਰਨਣ ਕਰਨ ਵਾਲਿਆਂ ਨੇ ਤੌਰਾਤ ਦਾ ਧਿਆਨ ਹੀ ਛੱਡ ਦਿਤੱਾ ਸੀ । ਅਧਿਕਤਰ ਹਦੀਸਾਂ ਉਪੱਰ ਅਮਲ ਸੀ ਅਤੇ ਸੰਭਵਤਾ ਤੌਰਾਤ ਜਾਂ ਤਾਂ ਤਰਕ ਕੀਤੀ ਜਾਂ ਛੱਡੀ ਹੋਈ ਸੀ । ਜੇਕਰ ਹਦੀਸ ਅਨੁਸਾਰ ਹੋਈ ਤਾਂ ਮੰਨਿਆ ਵਰਨਾ ਉਸ ਨੂੰ ਰੱਦ ਕਰ ਦਿਤੱਾ । ਸੋ, ਇਸ ਯੁੱਗ ਵਿੱਚ ਹਜ਼ਰਤ ਈਸਾ ਅਲੈਹਿ ਸਲਾਮ ਪੈਦਾ ਹੋਏ ਅਤੇ ਉਹਨਾ ਦੇ ਮੁਖ਼ਾਤਬ (ਸੰਬੋਧਨ) ਵਿਸ਼ੇਸ਼ ਕਰਕੇ ਅਹਿਲੇ ਹਦੀਸ ਹੀ ਸਨ ਜੋ ਤੌਰਾਤ ਤੋਂ ਵੱਧ ਹਦੀਸਾਂ ਦਾ ਸਨਮਾਨ ਕਰਦੇ ਸਨ ਅਤੇ ਨਬੀਆਂ ਦੀਆਂ ਲੇਖਣੀਆਂ ਵਿੱਚ ਜੋ ਪਹਿਲਾਂ ਖ਼ਬਰ ਦਿੱਤੀ ਗਈ ਸੀ ਕਿ ਜੱਦ ਯਹੂਦ ਅਨੇਕਾਂ ਫ਼ਿਰਕਿਆਂ ਵਿੱਚ ਵੰਡੇ ਜਾਣਗੇ ਅਤੇ ਰੱਬ ਦੀ ਕਿਤਾਬ ਨੂੰ ਛਡੱਕੇ ਉਸਦੇ ਵਿਰੁਧ ਹਦੀਸਾਂ ਉਪੱਰ ਅਮਲ ਕਰਨਗੇ ਤਾਂ ਉਹਨਾਂ ਨੂੰ ਇਕ ਨਿਆਂਕਾਰ ਨਿਰਦੇਸ਼ਕ ਦਿੱਤਾ ਜਾਏਗਾ ਜੋ **ਮਸੀਹ** ਅਖਵਾਏਗਾ ਅਤੇ ਉਸਨੂੰ ਉਹ ਕੁਬੂਲ ਨਹੀਂ ਕਰਨਗੇ ਅੰਤ ਉਹਨਾਂ'ਤੇ ਕਰੜਾ ਅਜ਼ਾਬ ਨਾਜ਼ਲ ਹੋਵੇਗਾ ਅਤੇ ਤਾਊਨ (ਪਲੇਗ) ਅਜ਼ਾਬ ਸੀ, ਨਊਜ਼ਬਿਲੱਾਹਿ । (ਲੇਖਕ)

ਨਾਲ ਵਰਤਿਆ ਗਿਆ ਅਤੇ ਫਿਰ ਜਿਵੇਂ ਕਿ ਉਸ ਕੁਫ਼ਰ ਦੇ ਬਾਦ ਜੋ ਹਜ਼ਰਤ ਈਸਾ ਬਾਰੇ ਕੀਤਾ ਗਿਆ ਸੀ ਉਹਨਾ ਨੂੰ ਬਹੁਤ ਸਤਾਇਆ ਗਿਆ, ਗਾਲ੍ਹਾਂ ਕੱਢੀਆਂ ਗਈਆਂ ਸਨ, ਨਿੰਦਾ, ਖੰਡਨ ਤੇ ਬਦਗੋਈਆਂ ਵਿੱਚ ਕਿਤਾਬਾਂ ਲਿੱਖੀਆਂ ਗਈਆਂ ਸਨ । ਇਹੋ ਅਵਸਥਾ ਇਸ ਥਾਂ ਵੀ ਵਰਤੀ ਗਈ । ਸੰਭਵਤਾ ਅਠਾਰ੍ਹਾ ਸੋ ਵਰ੍ਹਿਆਂ ਬਾਦ ਉਹੋ ਈਸਾ ਫਿਰ ਜੀ ਉਠਿਆ ਅਤੇ ਫਿਰ ਉਹੋ ਯਹੂਦੀ ਫਿਰ ਪੈਦਾ ਹੋ ਗਏ । ਆਹ ! ਇਹੋ ਅਰਥ ਤਾਂ ਇਸ ਭਵਿੱਖਬਾਣੀ ਦੇ ਸਨ ਕਿ : غَيۡرِ الۡمَغۡضُوۡبِ عَلَيۡهِمۡ 'ਗ਼ੈਰਿਲ ਮਗ਼ਜ਼ੂਬਿ ਅਲੈਹਿਮ' ਜੋ ਰੱਬ ਨੇ ਪਹਿਲਾਂ ਤੋਂ ਸਮਝਾ ਦਿਤੱਾ ਸੀ, ਪਰ ਇਹਨਾਂ ਲੋਕਾਂ ਨੇ ਸਬਰ ਨ ਕੀਤਾ ਜੱਦ ਤੱਕ ਯਹੂਦੀਆਂ ਵਾਂਗ ਮਗ਼ਜ਼ੂਬਿ ਅਲੈਹਿਮ ਨਹੀਂ ਬਣ ਗਏ, ਇਸ ਸਮਰੂਪਤਾ ਦੀ ਇਕ ਇੱਟ ਤਾਂ ਰੱਬ ਨੇ ਆਪਣੇ ਹੱਥ ਨਾਲ ਲਾ ਦਿੱਤੀ ਕਿ ਮੈਨੂੰ ਐਨ ਚੌਦਵੀਂ ਸਦੀ ਦੇ ਸਿਰ ਉਪੱਰ ਜਿਵੇਂ ਕਿ ਮਸੀਹ ਇਬਨੇ ਮਰਯੱਮ ਚੌਦਵੀਂ ਸਦੀ ਦੇ ਸਿਰ ਉਪੱਰ ਆਇਆ ਸੀ, ਮਸੀਹੁਲ ਇਸਲਾਮ ਕਰਕੇ ਭੇਜਿਆ ਅਤੇ ਮੇਰੇ ਲਈ ਆਪਣੇ ਜ਼ਬਰਦਸਤ ਨਿਸ਼ਾਨ (ਚਮਤਕਾਰ) ਦਿਖਾ ਰਿਹਾ ਹੈ ਅਤੇ ਅਕਾਸ਼ ਹੇਠ ਕਿਸੇ ਵਿਰੋਧੀ ਮੁਸਲਮਾਨ ਜਾਂ ਯਹੂਦੀ ਜਾਂ ਇਸਾਈ ਆਦਿ ਨੂੰ ਬਲ ਨਹੀਂ ਕਿ ਉਹਨਾ ਚਮਤਕਾਰਾਂ ਦਾ ਟਾਕਰਾ ਕਰੇ ਅਤੇ ਰੱਬ ਦਾ ਮੁਕਾਬਲਾ, ਇਕ ਨਿਗੂਣਾ ਤੇ ਜ਼ਲੀਲ ਮਨੁੱਖ ਕੀ ਕਰ ਸਕੇ ਇਹ ਤਾਂ ਬੁਨਿਆਦੀ ਇੱਟ ਹੈ ਜੋ ਰੱਬ ਵੱਲੋਂ ਹੈ, ਜੋ ਇਸ ਨੂੰ ਤੋੜਨਾ ਚਾਹੇਗਾ ਉਹ ਤੋੜ ਨਹੀਂ ਸਕੇਗਾ, ਪਰ ਇਹ ਇੱਟ ਜਿਸ'ਤੇ ਡਿੱਗੇਗੀ ਤਾਂ ਉਸ ਨੂੰ ਟੋਟੇ ਟੋਟੇ ਕਰ ਦੇਵੇਗੀ ਕਿਉਂਕਿ ਇੱਟ ਰੱਬ ਦੀ ਅਤੇ ਹੱਥ ਰੱਬ ਦਾ ਹੈ ਅਤੇ ਦੂਜੀ ਇੱਟ ਮੇਰੇ ਵਿਰੋਧੀਆਂ ਨੇ ਤਿਆਰ ਕਰਕੇ ਉਸਦੇ ਮੁਕਾਬਲੇ ਵਿੱਚ ਰੱਖ ਦਿੱਤੀ ਹੈ ਕਿ ਮੇਰੇ ਮੁਕਾਬਲੇ ਵਿੱਚ ਕੰਮ ਆਏ ਜੋ ਉਸ ਸਮੇਂ ਦੇ ਯਹੂਦੀਆਂ ਨੇ ਕੀਤੇ ਸਨ, ਇੱਥੋਂ ਤੱਕ ਕਿ ਮੈਨੂੰ ਮਾਰ ਮੁਕਾਉਣ ਲਈ ਇਕ ਕਤਲ ਦਾ ਮੁਕਦੱਮਾ ਵੀ ਬਣਾਇਆ ਗਿਆ ਜਿਸ ਦੀ ਮੇਰੇ ਰੱਬ ਨੇ ਮੈਨੂੰ ਪਹਿਲਾਂ ਹੀ ਖ਼ਬਰ ਦੇ ਦਿੱਤੀ ਸੀ । ਉਹ ਮੁਕਦੱਮਾ ਜੋ ਮੇਰੇ ਉਪੱਰ ਬਣਾਇਆ ਗਿਆ ਉਹ ਹਜ਼ਰਤ ਈਸਾ ਇਬਨੇ ਮਰਯੱਮ ਦੇ ਮੁਕਦੱਮੇ ਨਾਲੋਂ ਵੀ ਸਖ਼ਤ ਸੀ

ਕਿਉਂਕਿ ਹਜ਼ਰਤ ਈਸਾ ਉਪੱਰ ਜੋ ਮੁਕਦੱਮਾ ਕੀਤਾ ਗਿਆ ਉਸਦਾ ਸਬਬ ਕੇਵਲ ਇਕ ਧਾਰਮਕ ਮਤਿਭੇਦ ਉਪੱਰ ਸੀ ਜੋ ਹਾਕਮ ਦੇ ਨੇੜੇ ਇਕ ਹੌਲ਼ੀ ਜਿਹੀ ਗੱਲ ਸੀ ਸਗੋਂ ਕੁਝ ਵੀ ਨਹੀਂ ਸੀ, ਪਰ ਜੋ ਮੁਕਦੱਮਾ ਮੇਰ'ਤੇ ਖੜਾ ਕੀਤਾ ਗਿਆ ਉਹ ਕਤਲ ਦਾ ਮੁਕਦੱਮਾ ਸੀ ਅਤੇ ਜਿਵੇਂ ਕਿ ਮਸੀਹ ਦੇ ਮੁਕਦੱਮੇ ਵਿੱਚ ਯਹੂਦੀ ਮੌਲਵੀਆਂ ਨੇ ਜਾਕੇ ਗਵਾਹੀ ਦਿੱਤੀ ਸੀ, ਜ਼ਰੂਰੀ ਸੀ ਕਿ ਇਸ ਮੁਕਦੱਮੇ ਵਿੱਚ ਵੀ ਕੋਈ ਮੌਲਵੀਆਂ ਵਿੱਚੋਂ ਗਵਾਹੀ ਦਿੰਦਾ । ਇਸ ਲਈ ਇਸ ਕੰਮ ਲਈ ਰੱਬ ਨੇ ਮੌਲਵੀ ਮੁਹਮੱਦ ਹੁਸੈਨ ਬਟਾਲਵੀ ਨੂੰ ਨਿਯੁਕਤ ਕੀਤਾ ਅਤੇ ਉਹ ਇਕ ਵਡੱਾ ਲੰਮਾ ਜੁਬੱਾ ਪਾਕੇ ਗਵਾਹੀ ਦੇਣ ਲਈ ਆਇਆ ਅਤੇ ਜਿਵੇਂ ਸਰਦਾਰ ਕਾਹਨ ਮਸੀਹ ਨੂੰ ਸਲੀਬ ਦੁਆਉਣ ਲਈ ਅਦਾਲਤ ਵਿੱਚ ਗਵਾਹੀ ਦੇਣ ਲਈ ਆਇਆ ਸੀ, ਇਹ ਵੀ ਹਾਜ਼ਰ ਹੋਏ, ਅੰਤਰ ਕੇਵਲ ਇੰਨ੍ਹਾ ਸੀ ਕਿ ਸਰਦਾਰ ਕਾਹਨ ਨੂੰ ਪਿਲਾਤੂਸ ਦੀ ਅਦਾਲਤ ਵਿੱਚ ਕੁਰਸੀ ਮਿਲੀ ਸੀ ਕਿਉਂਕਿ ਯੂਦੀਆਂ ਦੇ ਸਨਮਾਨ ਯੋਗ ਬਜ਼ੁਰਗਾਂ ਨੂੰ ਰੂਮੀ ਸਰਕਾਰ ਵਿੱਚ ਕੁਰਸੀ ਮਿਲਦੀ ਸੀ ਅਤੇ ਕੁਝ ਉਹਨਾ ਵਿੱਚ ਆਨਰੇਰੀ ਮਜਿਸਟ੍ਰੇਟ ਵੀ ਸਨ । ਇਸ ਲਈ ਸਰਦਾਰ ਕਾਹਨ ਨੇ ਅਦਾਲਤ ਦੇ ਨੀਯਮਾ ਅਨੁਸਾਰ ਕੁਰਸੀ ਪ੍ਰਾਪਤ ਕੀਤੀ ਅਤੇ ਮਸੀਹ ਇਬਨੇ ਮਰਯੱਮ ਇਕ ਮੁਜਰਮ ਵਾਂਗ ਅਦਾਲਤ ਦੇ ਸਾਹਮਣੇ ਖੜਾ ਸੀ । ਪਰ ਮੇਰੇ ਮੁਕਦੱਮੇ ਵਿੱਚ ਇਸ ਦੇ ਵਿਪਰੀਤ ਸੀ ਅਰਥਾਤ ਇਹ ਕਿ ਵਿਰੋਧੀਆਂ ਦੀਆਂ ਆਸਾਂ ਦੇ ਵਿਰੁਧ ਕਪਕਤਾਨ ਡਗਲਸ ਨੇ ਜੋ ਪਿਲਾਤੂਸ ਦੀ ਥਾਂ ਅਦਾਲਤ ਦੀ ਕੁਰਸੀ'ਤੇ ਬਿਰਾਜਮਾਨ ਸੀ ਮੈਨੂੰ ਕੁਰਸੀ ਦਿੱਤੀ ਅਤੇ ਇਸ ਪਿਲਾਤੂਸ ਮਸੀਹ ਇਬਨੇ ਮਰਯੱਮ ਦੇ ਪਿਲਾਤੂਸ ਦੀ ਤੁਲਾਨਾ ਵਿੱਚ ਬਹੁਤਾ ਆਚਰਣਕ ਤੇ ਨੇਕ ਸਾਬਤ ਹੋਇਆ, ਕਿਉਂਕਿ ਅਦਾਲਤੀ ਕਾਰਜਾਂ ਵਿੱਚ ਉਹ ਦਲੇਰੀ ਤੇ ਨਿਸ਼ਠਾ ਨਾਲ ਅਦਾਲਤ ਦਾ ਪਾਬੰਦ ਰਿਹਾ ਅਤੇ ਉਪੱਰਲੀਆਂ ਸ਼ਫ਼ਾਰਸ਼ਾਂ ਦੀ ਉਸਨੇ ਕੁਝ ਵੀ ਪਰਵਾਹ ਨ ਕੀਤੀ ਅਤੇ ਕੌਮੀ ਤੇ ਧਾਰਮਕ ਵਿਚਾਰ ਨੇ ਵੀ ਉਸ ਵਿੱਚ ਕੋਈ ਫ਼ਰਕ ਨ ਲਿਆਂਦਾ ਅਤੇ ਉਸ ਨੇ ਅਦਾਲਤ ਵਿੱਚ ਪੂਰਾ ਪੈਰ੍ਹ ਜਮਾਉਂਦਿਆਂ ਹੋਇਆ ਅਜਿਹਾ ਨਮੂਨਾ ਦਿਖਾਇਆ ਕਿ ਜੇਕਰ

ਉਸ ਦੇ ਵਿਅਕਤੀਤਵ ਨੂੰ ਕੌਮ ਦਾ ਫ਼ਖ਼ਰ (ਮਾਣ) ਅਤੇ ਹਾਕਮਾ ਲਈ ਆਦਰਸ਼ ਸਮਝਿਆ ਜਾਏ ਤਾਂ ਅਜਾਈਂ ਨਹੀਂ ਹੋਵੇਗਾ, ਅਦਾਲਤ ਇਕ ਕਠਿਨ ਕਰਮ ਹੈ । ਜੱਦ ਤੱਕ ਮਨੁੱਖ ਸਾਰਿਆਂ ਸੰਬੰਧਾਂ ਤੋਂ ਮੁਕਤ ਹੋਕੇ ਅਦਾਲਤ ਦੀ ਕੁਰਸੀ ਉਪੱਰ ਨ ਬੈਠੇ ਤੱਦ ਤੱਕ ਇਸ ਫ਼ਰਜ਼ ਨੂੰ ਉਮਦਹ ਰੂਪ ਵਿੱਚ ਪੂਰਾ ਨਹੀਂ ਕਰ ਸਕਦਾ । ਪਰ ਅਸੀਂ ਇਸ ਸੱਚੀ ਗਵਾਹੀ ਨੂੰ ਪੂਰਾ ਕਰਦੇ ਹਾਂ ਕਿ ਇਸ ਪਿਲਾਤੂਸ ਨੇ ਇਸ ਫ਼ਰਜ਼ ਨੂੰ ਪੂਰਨ ਰੂਪ ਵਿੱਚ ਪੂਰਾ ਕੀਤਾ । ਬੇਸ਼ਕ ਪਹਿਲਾ ਪਿਲਾਤੂਸ ਜੋ ਰੂਮੀ ਸੀ, ਇਸ ਫ਼ਰਜ਼ ਨੂੰ ਸੁਚੱਜੇ ਰੂਪ ਵਿੱਚ ਸਿਰੇ ਨਹੀਂ ਚੜ੍ਹਾ ਸਕਿਆ ਅਤੇ ਉਸ ਦੀ ਬੁਜ਼ਦਿਲੀ ਨੇ ਮਸੀਹ ਨੂੰ ਵੱਡੇ ਵੱਡੇ ਕਸ਼ਟਾਂ ਦਾ ਨਿਸ਼ਾਨਾ ਬਣਾਇਆ । ਇਹ ਅੰਤਰ ਸਾਡੀ ਜਮਾਤ ਵਿੱਚ ਹਮੇਸ਼ਾ ਵਰਨਣ ਯੋਗ ਹੈ ਜੱਦ ਤੱਕ ਦੁਨੀਆ ਕਾਇਮ ਹੈ ਅਤੇ ਜਿਵੇਂ ਜਿਵੇਂ ਇਹ ਜਮਾਤ ਲਖੱਾਂ ਕਰੋੜਾਂ ਲੋਕਾਂ ਤੱਕ ਪਹੁੰਚੇਗੀ ਉਸੇ ਪ੍ਰਕਾਰ ਪ੍ਰਸ਼ੰਸਾ ਦੇ ਨਾਲ ਇਸ ਨੇਕ ਨੀਤ ਹਾਕਮ ਦਾ ਵਰਨਣ ਹੁੰਦਾ ਰਹੇਗਾ ਅਤੇ ਇਹ ਉਸਦੀ ਖ਼ੁਸ਼ਕਿਸਮਤੀ ਹੈ ਕਿ ਰੱਬ ਨੇ ਇਸ ਕੰਮ ਲਈ ਉਸੇ ਨੂੰ ਚੁਣਿਆ । ਇਕ ਹਾਕਮ ਲਈ ਕਿੰਨ੍ਹੀ ਪ੍ਰੀਖਿਆ ਦਾ ਸਮਾਂ ਹੈ ਕਿ ਦੋ ਧੜੇ ਉਸ ਕੋਲ ਆਉਣ ਕਿ ਇਕ ਉਹਨਾਂ ਵਿੱਚੋਂ ਉਸ ਦੇ ਧਰਮ ਦਾ ਮਿਸ਼ਨਰੀ ਹੈ ਅਤੇ ਦੂਜਾ ਧੜਾ ਉਹ ਹੈ ਜੋ ਉਸਦੇ ਧਰਮ ਦਾ ਵਿਰੋਧੀ ਹੈ ਅਤੇ ਉਸ ਕੋਲ ਵਰਨਣ ਕੀਤਾ ਗਿਆ ਹੈ ਕਿ ਉਹ ਉਸ ਦੇ ਧਰਮ ਦਾ ਕਟੱੜ ਵਿਰੋਧੀ ਹੈ, ਪਰ ਉਸ ਦਲੇਰ ਪਿਲਾਤੂਸ ਨੇ ਇਸ ਪ੍ਰੀਖਿਆ ਨੂੰ ਬਹੁਤ ਨਿਸ਼ਠਾ ਨਾਲ ਸਹਿਨ ਕੀਤਾ ਅਤੇ ਉਸ ਨੂੰ ਉਹਨਾ ਕਿਤਾਬਾਂ ਨੇ ਸਥਾਨ ਦਿਖਾਏ ਗਏ ਜਿੰਨ੍ਹਾ ਵਿੱਚ ਘੱਟ ਬੋਧ ਕਰਕੇ ਇਸਾਈ ਧਰਮ ਬਾਰੇ ਸਖ਼ਤ ਸ਼ਬਦ ਸਮਝੇ ਗਏ ਸਨ ਅਤੇ ਇਕ ਵਿਰੋਧੀ ਯੋਜਨਾ ਬਣਾਈ ਗਈ ਸੀ, ਪਰ ਉਸਦੇ ਚਿਹਰੇ ਉਪੱਰ ਕੁਝ ਵੀ ਫ਼ਰਕ ਨਹੀਂ ਪਿਆ ਕਿਉਂਕਿ ਉਹ ਆਪਣੀ ਪ੍ਰਕਾਸ਼ਮਈ ਕਾਂਸ਼ੰਸ ਕਰਕੇ ਵਾਸਤਵਿਕਤਾ ਤੱਕ ਪਹੁੰਚ ਚੁੱਕਿਆ ਸੀ । ਕਿਉਂਕਿ ਉਸ ਨੇ ਮੁਕਦੱਮੇ ਦੀ ਅਸਲੀਯਤ ਨੂੰ ਸੱਚੇ ਮਨ ਨਾਲ ਪਰਖਿਆ, ਇਸ ਲਈ ਰੱਬ ਨੇ ਉਸ ਦੀ ਮਦਦ ਕੀਤੀ ਅਤੇ ਉਸਦੇ ਮਨ ਉਪੱਰ ਸਚੱਾਈ ਖੋਲ ਦਿੱਤੀ ਅਤੇ ਉਸ'ਤੇ ਵਾਸਤਵ ਵਿੱਚ ਹਕੀਕਤ ਖੋਲੀ

ਗਈ ਅਤੇ ਉਹ ਇਸ ਤੋਂ ਬਹੁਤ ਖ਼ੁੱਸ਼ ਹੋਇਆ ਕਿ ਨਿਆ ਦਾ ਮਾਰਗ ਉਸ ਨੂੰ ਦਿਖਾਈ ਦੇ ਗਿਆ । ਉਸ ਨੇ ਮੈਂਨੂੰ ਕੇਵਲ ਨਿਆ ਦੇ ਪੱਖੋਂ ਮੁਦਈ ਦੇ ਟਾਕਰੇ ਵਿੱਚ ਕੁਰਸੀ ਦਿੱਤੀ ਅਤੇ ਜੋ ਮੌਲਵੀ ਮੁਹਮੱਦ ਹੁਸੈਨ ਜੋ ਸਰਦਾਰ ਕਾਹਨ ਵਾਂਗ ਵਿਰੋਧੀ ਦੇ ਰੂਪ ਵਿੱਚ ਗਵਾਹੀ ਦੇਣ ਲਈ ਆਇਆ ਸੀ ਮੈਂਨੂੰ ਕੁਰਸੀ ਉਪੱਰ ਬੈਠਾ ਦੇਖਿਆ ਅਤੇ ਜਿਸ ਜ਼ਿਲੱਤ ਨੂੰ ਉਹ ਦੇਖਣ ਲਈ ਮੇਰੇ ਬਾਰੇ ਉਸ ਦੀਆਂ ਅਖੱਾਂ ਲੋਚ ਰਹੀਆਂ ਸਨ ਉਸ ਜ਼ਿੱਲਤ ਨੂੰ ਉਸਨੇ ਨ ਦੇਖਿਆ ਤਾਂ ਬਰਾਬਰੀ ਨੂੰ ਗ਼ਨੀਮਤ ਸਮਝਕੇ ਉਹ ਵੀ ਇਸ ਪਿਲਾਤੂਸ ਤੋਂ ਕੁਰਸੀ ਦਾ ਜਾਚਕ ਹੋਇਆ ਪਰ ਇਸ ਪਿਲਾਤੂਸ ਨੇ ਉਸਨੂੰ ਝਿੜਕਿਆ ਅਤੇ ਰੁਹਬ ਨਾਲ ਕਿਹਾ ਕਿ ਤੈਨੂੰ ਤੇ ਤੇਰੇ ਬਾਪ ਨੂੰ ਕਦੇ ਕੁਰਸੀ ਨਹੀਂ ਮਿਲੀ, ਸਾਡੇ ਦਫ਼ਤਰ ਵਿੱਚ ਤੁਹਾਡੇ ਲਈ ਕੁਰਸੀ ਲਈ ਕੋਈ ਨਿਰਦੇਸ਼ ਨਹੀਂ । ਹੁਣ ਇਹ ਅੰਤਰ ਵੀ ਗ਼ੌਰ ਕਰਨ ਯੋਗ ਹੈ ਕਿ ਪਹਿਲੇ ਪਿਲਾਤੂਸ ਨੇ ਯਹੂਦੀਆਂ ਤੋਂ ਡਰਕੇ ਉਹਨਾ ਦੇ ਕੁਝ ਸਨਮਾਨ ਯੋਗ ਗਵਾਹਾਂ ਨੂੰ ਕੁਰਸੀ ਦੇ ਦਿੱਤੀ ਅਤੇ ਹਜ਼ਰਤ ਮਸੀਹ ਮੁਜਰਮ ਦੇ ਰੂਪ ਵਿੱਚ ਪੇਸ਼ ਕੀਤੇ ਗਏ ਤੇ ਖੜਾ ਰੱਖਿਆ, ਹਾਲਾਂਕਿ ਉਹ ਸੱਚੇ ਦਿਲੋਂ ਮਸੀਹ ਦਾ ਖ਼ੈਰਖਵਾਹ ਸੀ, ਸਗੋਂ ਮੁਰੀਦਾਂ ਵਾਂਗ ਸੀ ਅਤੇ ਉਸ ਦੀ ਪਤਨੀ ਮਸੀਹ ਦੀ ਵਿਸ਼ੇਸ਼ ਮੁਰੀਦ ਸੀ ਜੋ ਵਲੀਉਲੱਾਹ ਅਖਵਾਉਂਦੀ ਸੀ, ਪਰ ਖ਼ੌਫ਼ ਨੇ ਉਸ ਨੂੰ ਇੱਥੋਂ ਤੱਕ ਹਰਕਤ ਕਰਵਾ ਦਿੱਤੀ ਕਿ ਨਾਹੱਕ ਬੇਗੁਨਾਹ ਮਸੀਹ ਨੂੰ ਯਹੂਦੀਆਂ ਦੇ ਹਵਾਲੇ ਕਰ ਦਿਤੱਾ। ਮੇਰੇ ਵਾਂਗ ਕੋਈ ਕਤਲ ਦਾ ਆਰੋਪ ਨਹੀਂ ਸੀ ਸਗੋਂ ਕੇਵੇਲ ਸਾਧਾਰਣ ਤੌਰ'ਤੇ ਧਾਰਮਕ ਮਤਿਭੇਦ ਸੀ, ਪਰ ਉਹ ਰੂਮੀ ਪਿਲਾਤੂਸ ਦਿਲ ਦਾ ਮਜ਼ਬੂਤ ਨਹੀਂ ਸੀ, ਇਸ ਗੱਲ ਨੂੰ ਸੁਣਕੇ ਡਰ ਗਿਆ ਕਿ ਕੈਸਰ (ਬਾਦਸ਼ਾਹ) ਕੋਲ ਉਸਦੀ ਸ਼ਿਕਾਇਤ ਕੀਤੀ ਜਾਏਗੀ । ਫਿਰ ਇਕ ਹੋਰ ਸਮਾਨਤਾ (ਤੁਲਨਾ) ਪਹਿਲੇ ਪਿਲਾਤੂਸ ਤੇ ਇਸ ਪਿਲਾਤੂਸ ਵਿੱਚ ਚੇਤੇ ਰਖੱਣ ਯੋਗ ਹੈ ਕਿ ਪਹਿਲੇ ਪਿਲਾਤੂਸ ਨੇ ਉਸ ਸਮੇਂ ਜੋ ਮਰਯੱਮ ਦਾ ਪੁਤੱਰ ਮਸੀਹ ਅਦਾਲਤ ਵਿੱਚ ਪੇਸ਼ ਕੀਤਾ ਗਿਆ ਯਹੂਦੀਆਂ ਨੂੰ ਕਿਹਾ ਸੀ ਕਿ ਮੈਂ ਇਸ ਵਿਅਕਤੀ ਵਿੱਚ ਕੋਈ ਪਾਪ ਨਹੀਂ ਦੇਖਦਾ । ਅਜਿਹਾ ਹੀ ਜੱਦ ਅਖ਼ੀਰੀ ਮਸੀਹ ਇਸ ਅਖ਼ੀਰੀ ਪਿਲਾਤੂਸ ਦੇ

ਰੂਬਰੂ ਪੇਸ਼ ਹੋਇਆ ਅਤੇ ਉਸ ਮਸੀਹ ਨੇ ਕਿਹਾ ਕਿ ਮੈਨੂੰ ਕੁਝ ਦਿਨਾਂ ਤੱਕ ਉੱਤਰ ਲਈ ਮੁਹਲਤ ਦੇਣੀ ਚਾਹੀਦੀ ਹੈ ਕਿ ਮੇਰੇ ਉਪੱਰ ਖ਼ੂਨ ਦਾ ਆਰੋਪ ਲਾਇਆ ਜਾਂਦਾ ਹੈ, ਤੱਦ ਉਸ ਅਖ਼ੀਰੀ ਪਿਲਾਤੂਸ ਨੇ ਕਿਹਾ ਕਿ ਮੈਂ ਆਪ ਉਪੱਰ ਕੋਈ ਆਰੋਪ ਨਹੀਂ ਲਗਾਉਂਦਾ, ਇਹ ਦੋਵੇਂ ਕਥਨ ਦੋਹਾਂ ਪਿਲਾਤੂਸਾਂ ਦੇ ਆਪੋ ਵਿੱਚ ਪੂਰਕ ਤੇ ਸਮਾਨ ਹਨ, ਜੇਕਰ ਅੰਤਰ ਹੈ ਤਾਂ ਕੇਵਲ ਐਨ੍ਹਾ ਕਿ ਪਹਿਲਾ ਪਿਲਾਤੂਸ ਆਪਣੇ ਕਥਨ ਉਪੱਰ ਕਾਇਮ ਨ ਰਹਿ ਸਕਿਆ ਅਤੇ ਜੱਦ ਉਸਨੂੰ ਕਿਹਾ ਗਿਆ ਕਿ ਕੈਸਰ ਕੋਲ ਤੇਰੀ ਸ਼ਿਕਾਇਤ ਕਰਾਂਗੇ ਤਾਂ ਉਹ ਡਰ ਕਿਆ ਅਤੇ ਹਜ਼ਰਤ ਮਸੀਹ ਨੂੰ ਉਸ ਨੇ ਜਾਣ ਬੁਝੱਕੇ ਖ਼ੂੰਖ਼ਾਰ ਯਹੂਦੀਆਂ ਦੇ ਹਵਾਲੇ ਕਰ ਦਿਤੱਾ, ਬੇਸ਼ਕ ਉਹ ਇਸ ਸੁਪੁਰਦਗੀ ਨਾਲ ਦੁਖੀ ਸੀ ਅਤੇ ਉਸਦੀ ਇਸਤਰੀ ਵੀ ਦੁਖੀ ਸੀ । ਕਿਉਂਕਿ ਉਹ ਦੋਵੇਂ ਹੀ ਮਸੀਹ ਦੇ ਪੱਕੇ ਸ਼ਰਧਾਲੂ ਸਨ, ਪਰ ਯਹੂਦੀਆਂ ਦੇ ਰੌਲ੍ਹੇ ਗੌਲ੍ਹੇ ਨੂੰ ਦੇਖਕੇ ਕਾਇਰਤਾ ਛਾ ਗਈ । ਹਾਂ ! ਗੁਪਤ ਰੂਪ ਵਿੱਚ ਉਸਨੇ ਬਹੁਤ ਜਤਨ ਕੀਤੇ ਕਿ ਮਸੀਹ ਦੀ ਜਾਨ ਨੂੰ ਸਲੀਬ ਤੋਂ ਬਚਾ ਲਿਆ ਜਾਵੇ ਅਤੇ ਇਹਨਾ ਜਤਨਾਂ ਵਿੱਚ ਉਹ ਸਫ਼ਲ ਵੀ ਹੋ ਗਿਆ । ਪਰ ਇਸਦੇ ਬਾਦ ਕਿ ਮਸੀਹ ਨੂੰ ਸਲੀਬ ਉਪੱਰ ਚੜ੍ਹਾਇਆ ਗਿਆ ਅਤੇ ਕਸ਼ਟ ਦੀ ਪੀੜ੍ਹਾ ਨਾਲ ਇਕ ਅਜਿਹੀ ਗਸ਼ੀ (ਮੂਰਛਾ) ਵਿੱਚ ਆ ਗਿਆ ਕਿ ਸੰਭਵਤਾ ਮੌਤ ਹੀ ਸੀ । ਫਿਰ ਵੀ ਪਿਲਾਤੂਸ ਰੂਮੀ ਦੇ ਜਤਨਾ ਨਾਲ ਮਰਯੱਮ ਦੇ ਪੁਤੱਰ ਮਸੀਹ ਦੀ ਜਾਨ ਬੱਚ ਗਈ ਅਤੇ ਜਾਨ ਬਚਨ ਲਈ ਪਹਿਲੇ ਮਸੀਹ ਦੀ ਦੁਆ ਪਰਵਾਨ ਹੋ ਚੁਕੀ ਸੀ । ਦੇਖੋ ਇਬਰਾਨੀਆ ਬਾਬ 5 ਆਇਤ 7[14] । ਇਸ ਦੇ

[14] ਮਸੀਹ ਨੇ ਭਵਿਖੱਬਾਣੀ ਦੇ ਰੂਪ ਵਿੱਚ ਆਪ ਵੀ ਕਿਹਾ ਸੀ ਕਿ ਸਿਵਾਏ ਯੂਨੁਸ ਨਬੀ ਦੇ ਨਿਸ਼ਾਨ ਦੇ ਹੋਰ ਕੋਈ ਨਿਸ਼ਾਨ ਨਹੀਂ ਦਿਖਾਇਆ ਜਾਏਗਾ । ਸੋ, ਮਸੀਹ ਨੇ ਆਪਣੇ ਇਸ ਕਥਨ ਵਿੱਚ ਇਹ ਸੰਕੇਤ ਕੀਤਾ ਕਿ ਜਿਵੇਂ ਯੂਨੁਸ ਜੀਊਂਦੇ ਹੀ ਮੱਛੀ ਦੇ ਢਿੱਡ ਵਿੱਚ ਦਾਖ਼ਲ ਹੋਏ ਅਤੇ ਜੀਊਂਦੇ ਹੀ ਨਿਕਲੇ, ਅਜਿਹਾ ਹੀ ਮੈਂ ਵੀ ਜੀਉਂਦਾ ਕਬਰ ਵਿੱਚ ਦਾਖ਼ਲ ਹੋਵਾਂਗਾ ਅਤੇ ਜੀਉਂਦਾ ਹੀ ਨਿਕਲਾਂਗਾ । ਸੋ, ਇਹ ਨਿਸ਼ਾਨ ਸਿਵਾਏ ਇਸਦੇ ਕਿਵੇਂ ਪੂਰਾ ਹੋ ਸਕਦਾ ਸੀ ਕਿ ਮਸੀਹ ਜੀਉਦੇ ਸਲੀਬ ਤੋਂ ਉਤਾਰੇ ਜਾਂਦੇ ਅਤੇ ਜੀਉਂਦੇ ਹੀ ਕਬਰ ਵਿੱਚ ਦਾਖ਼ਲ ਹੁੰਦੇ

ਬਾਦ ਮਸੀਹ ਉਸ ਧਰਤੀ ਵਿੱਚੋਂ ਗੁਪਤ ਰੂਪ ਵਿੱਚ ਭੱਜ ਕੇ ਕਸ਼ਮੀਰ ਵੱਲ ਆ ਗਏ ਅਤੇ ਉਧੱਰ ਹੀ ਵਫ਼ਾਤ ਹੋਈ ਅਤੇ ਤੁਸੀਂ ਸੁਣ ਚੁਕੇ ਹੋ ਕਿ ਸ੍ਰੀਨਗਰ ਮੁਹਲੱਾਹ ਖ਼ਾਨਯਾਰ ਵਿੱਚ ਉਸ ਦੀ ਕਬਰ ਹੈ । ਇਹ ਸਾਰਾ ਪਿਲਾਤੂਸ ਦੇ ਜਤਨਾ ਦਾ ਸਿਟਾਂ ਸੀ, ਪਰ ਫਿਰ ਵੀ ਉਸ ਪਹਿਲੇ ਪਿਲਾਤੂਸ ਦੀ ਕਾਰਵਾਈ ਕਾਇਰਤਾ ਦੀ ਰੰਗਤ ਦੀ ਚੜ੍ਹਤ ਤੋਂ ਸਖਣੀ ਨਹੀਂ ਸੀ । ਜੇਕਰ ਉਹ ਆਪਣੇ ਉਸ ਕਥਨ ਦਾ ਮਾਣ ਰਖੱਕੇ ਕਿ ਮੈਂ ਇਸ ਵਿਅਕਤੀ ਦਾ ਕੋਈ ਪਾਪ ਨਹੀਂ ਦੇਖਦਾ, ਮਸੀਹ ਨੂੰ ਛੱਡ ਦਿੰਦਾ ਤਾਂ ਉਸ'ਤੇ ਕੋਈ ਔਖ ਨਹੀਂ ਸੀ ਅਤੇ ਉਹ ਉਸਨੂੰ ਛਡੱਣ'ਤੇ ਕਾਦਰ ਸੀ, ਪਰ ਉਹ ਬਾਦਸ਼ਾਹ ਦੀ ਦੁਹਾਈ ਸੁਣਕੇ ਡਰ ਗਿਆ । ਪਰ ਇਹ ਅਖ਼ੀਰੀ ਪਿਲਾਤੂਸ ਪਾਦਰੀਆਂ ਦੀ ਭੀੜ ਤੋਂ ਨ ਡਰਿਆ, ਜੱਦ ਕਿ ਇਸ ਥਾਂ ਵੀ ਕੈਸਰ ਦੀ ਬਾਦਸ਼ਾਹੀ ਸੀ ਪਰ ਇਹ ਕੈਸਰ ਉਸ ਕੈਸਰ ਤੋਂ ਕਿਤੇ ਚੰਗਾ ਸੀ । ਇਸ ਲਈ ਕਿਸੇ ਲਈ ਸੰਭਵ ਨਹੀਂ ਸੀ ਕਿ ਹਾਕਮ ਉਪੱਰ ਦਬਾਉ ਪਾਉਣ ਲਈ ਅਤੇ ਇਨਸਾਫ਼ ਤੋਂ ਪਰ੍ਹੇ ਕਰਨ ਲਈ ਕੈਸਰ (ਬਾਦਸ਼ਾਹੀ) ਤੋਂ ਡਰਾਵੇ । ਬਹਿਰਹਾਲ ਪਹਿਲੇ ਮਸੀਹ ਦੀ ਤੁਲਨਾ ਵਿੱਚ ਅਖੀਰੀ ਮਸੀਹ'ਤੇ ਬਹੁਤ ਰੌਲ੍ਹਾ ਤੇ ਸਾਜ਼ਸ਼ਾਂ ਰਚੀਆਂ ਗਈਆਂ ਸਨ । ਮੇਰੇ ਵਿਰੋਧੀ ਅਤੇ ਸਾਰੀਆਂ ਕੌਮਾਂ ਦੇ ਸਿਰਕੱਢ ਇਕਤੱਰ ਹੋ ਗਏ ਸਨ, ਪਰ ਅਖ਼ੀਰੀ ਪਿਲਾਤੂਸ ਨੇ ਸਚੱਾਈ ਨਾਲ ਪਿਆਰ ਕੀਤਾ ਅਤੇ ਆਪਣੇ ਉਸ ਕਥਨ ਨੂੰ ਪੂਰਾ ਕਰਕੇ ਦਿਖਾਇਆ ਕਿ ਉਸਨੇ ਮੈਂਨੂੰ ਸੰਬੋਧਨ ਕਰਕੇ ਕਿਹਾ ਸੀ ਕਿ ਮੈਂ ਤੁਹਾਡੇ ਉਪੱਰ ਖ਼ੂਨ ਦਾ ਆਰੋਪ ਨਹੀਂ ਲਾਉਂਦਾ, ਸੋ, ਉਸਨੇ ਮੈਂਨੂੰ ਬਹੁਤ ਸਫ਼ਾਈ ਤੇ ਮਰਦਾਨਗੀ ਨਾਲ ਬਰੀ ਕੀਤਾ ਅਤੇ ਪਹਿਲੇ ਪਿਲਾਤੂਸ ਨੇ ਮਸੀਹ ਨੂੰ ਬਚਾਉਣ ਲਈ ਹੀਲੀਆਂ ਤੋਂ ਕੰਮ ਲਿਆ ਪਰ ਇਸ ਪਿਲਾਤੂਸਨ ਦੇ ਜੋ ਕੁਝ ਅਦਾਲਤ ਦਾ ਤਕਾਦਾ ਸੀ ਉਸ ਤੌਰ ਤਰੀਕੇ ਨਾਲ ਤਕਾਦੇ ਨੂੰ ਪੂਰਾ ਕੀਤਾ, ਜਿਸ ਵਿੱਚ ਕਾਇਰਤਾ ਦਾ ਰੂਪ ਨਹੀਂ ਸੀ।

---

ਅਤੇ ਇਹ ਜੋ ਹਜ਼ਰਤ ਮਸੀਹ ਨੇ ਕਿਹਾ ਕਿ ਕੋਈ ਹੋਰ ਨਿਸ਼ਾਨ ਨਹੀਂ ਦਿਖਾਇਆ ਜਾਏਗਾ ਇਸ ਵਾਕ ਵਿੱਚ ਸੰਭਵਤਾ ਮਸੀਹ ਉਹਨਾਂ ਲੋਕਾਂ ਦਾ ਰੱਦ ਕਰਦਾ ਹੈ ਜੋ ਇਹ ਕਹਿੰਦੇ ਹਨ ਕਿ ਮਸੀਹ ਨੇ ਇਹ ਵੀ ਨਿਸ਼ਾਨ ਦਿਖਾਇਆ ਕਿ ਅਕਾਸ਼ ਉਪੱਰ ਚੜ੍ਹ ਗਿਆ । (ਲੇਖਕ)

ਜਿਸ ਦਿਨ ਮੈਂ ਬਰੀ ਹੋਇਆ ਉਸ ਦਿਨ ਇਸ ਅਦਾਲਤ ਵਿੱਚ ਮੁਕਤੀ ਫ਼ੌਜ ਦਾ ਇਕ ਚੋਰ ਵੀ ਪੇਸ਼ ਹੋਇਆ ਇਹ ਇਸ ਲਈ ਵਾਪਰਿਆ ਕਿ ਪਹਿਲੇ ਮਸੀਹ ਨਾਲ ਵੀ ਇਕ ਚੋਰ ਸੀ ਪਰ ਇਸ ਅਖ਼ੀਰੀ ਮਸੀਹ ਦੇ ਨਾਲ ਦੇ ਚੋਰ ਨੂੰ ਜੋ ਫੜਿਆ ਗਿਆ ਸੀ, ਉਸ ਪਹਿਲੇ ਚੋਰ ਵਾਂਗ ਜੋ ਪਹਿਲੇ ਮਸੀਹ ਨਾਲ ਫੜਿਆ ਗਿਆ ਸਲੀਬ ਉਪੱਰ ਨਹੀਂ ਚੜ੍ਹਾਇਆ ਗਿਆ ਅਤੇ ਨ ਹੀ ਉਸ ਦੀਆਂ ਹੱਡੀਆਂ ਭੰਨ੍ਹੀਆਂ ਗਈਆਂ ਸਗੋਂ ਕੇਵਲ ਤਿੰਨ ਮਹੀਨਿ ਦੀ ਕੈਦ ਹੋਈ ।

ਹੁਣ ਫਿਰ ਅਸੀਂ ਆਪਣੇ ਬਿਆਨ ਵੱਲ ਮੁੜਦੇ ਹਾਂ ਕਿ ਸੂਰਤ ਫ਼ਾਤਿਹਾ ਵਿੱਚ ਐਨ੍ਹੀਆਂ ਸਚੱਾਈਆਂ, ਦਲੀਲਾਂ ਤੇ ਮਆਰਫ਼ਤ ਦੀਆਂ ਗਲੱਾਂ ਇਕਤੱਰ ਹਨ ਕਿ ਜੇਕਰ ਉਹਨਾ ਸਾਰੀਆਂ ਨੂੰ ਲਿੱਖਿਆ ਜਾਏ ਤਾਂ ਉਹ ਗਲੱਾਂ ਇਕ ਦਫ਼ਤਰ ਵਿੱਚ ਵੀ ਨਹੀ ਖ਼ਤਮ ਹੋ ਸਕਦੀਆਂ । ਇਸੇ ਇਕ ਦਾਨਾਈ ਨਾਲ ਭਰਪੂਰ ਦੁਆ ਨੂੰ ਦੇਖੋ ਜੋ ਕਿ ਇਸ ਸੂਰਤ ਵਿੱਚ ਸਿਖਾਈ ਗਈ ਹੈ ਅਰਥਾਤ :

اِهۡدِنَا الصِّرَاطَ الۡمُسۡتَقِيۡمَ ‘ਇਹਦਿਨਸ ਸਿਰਾਤਲ ਮੁਸਤਕੀਮ’

ਇਹ ਦੁਆ ਇਕ ਅਜਿਹਾ ਸੰਪੂਰਨ ਭਾਵ ਆਪਣੇ ਅੰਦਰ ਰਖੱਦੀ ਹੈ, ਜੋ ਸੰਪੂਰਨ ਧਰਮ ਤੇ ਸੰਸਾਰ ਦੇ ਉਦੇਸ਼ਿਆਂ ਦੀ ਇਹੋ ਇਕ ਕੁੰਜੀ ਹੈ । ਅਸੀਂ ਕਿਸੇ ਚੀਜ਼ ਦੀ ਵਾਸਤਵਿਕਤਾ ਉਪੱਰ ਪੂਰਨ ਗਿਆਨ ਪ੍ਰਾਪਤ ਨਹੀਂ ਕਰ ਸਕਦੇ ਅਤੇ ਨ ਹੀ ਉਸਦੇ ਗੁਣਾ ਤੋਂ ਲਾਭਵੰਤ ਹੋ ਸਕਦੇ ਹਾਂ ਜੱਦ ਤੱਕ ਸਾਨੂੰ ਉਸਨੂੰ ਪ੍ਰਾਪਤ ਕਰਨ ਲਈ ਇਕ ਸੁਮਾਰਗ ਸਾਨੂੰ ਗਿਆਤ ਨ ਹੋਵੇ । ਦੁਨੀਆ ਦੇ ਜਿੰਨ੍ਹੇ ਔਖੇ ਤੇ ਵਲ੍ਹੇਵੇਂਦਾਰ ਕੰਮ ਹਨ ਭਾਵੇਂ ਉਹ ਰਾਜ ਹੋਵੇ ਜਾਂ ਰਾਜਨੀਤਿਕ ਪ੍ਰਬੰਧਕੀ ਜ਼ਿੰਮੇਦਾਰੀਆਂ ਸੰਬੰਧੀ ਹੋਵੇ ਅਤੇ ਭਾਵੇਂ ਉਹ ਸੁਰੱਖਿਆ ਸੰਬੰਧੀ ਜਾਂ ਜੰਗਾ ਨਾਲ ਸੰਬੰਧਤ ਹੋਵੇ, ਇਸੇ ਪ੍ਰਕਾਰ ਭਾਵੇਂ ਸੁਭਾਵਕ ਤੇ ਖਗੋਲ (ਖੋਜ ਸੰਬੰਧੀ) ਸੂਖਮ ਸਮੱਸਿਆਵਾਂ ਸੰਬੰਧੀ ਹੋਵੇ ਅਤੇ ਭਾਵੇਂ ਔਸ਼ਧ ਵਿਗਿਆਨ ਦੇ ਢੰਗ ਜਾਂ ਰੋਗ ਨਿਧਾਨ ਦੀ ਪ੍ਰਕ੍ਰਿਆ ਤੇ ਇਲਾਜ ਸੰਬੰਧੀ ਹੋਵੇ, ਭਾਵੇਂ ਵਪਾਰ ਸੰਬੰਧੀ ਤੇ ਖੇਤੀ ਬਾਰੇ ਹੋਵੇ । ਇਹਨਾ ਸਾਰਿਆਂ ਕੰਮਾ ਵਿੱਚ ਸਫ਼ਲ ਹੋਣਾ ਕਠਨ ਤੇ ਅਸੰਭਵ ਹੈ ਜੱਦ ਤੱਕ ਇਹਨਾ ਬਾਰੇ ਇਕ ਸੇਧ ਤੇ ਮਾਰਗ ਨ ਪਤਾ ਹੋਵੇ ਕਿ ਕਿਵੇਂ ਇਸ ਕੰਮ

ਨੂੰ ਅਰੰਭ ਕਰਨਾ ਚਾਹੀਦਾ ਹੈ ਅਤੇ ਹਰ ਇਕ ਸੂਝਵਾਨ ਮਨੁੱਖ ਔਖੇ ਸਮੇਂ ਇਹੋ ਆਪਣਾ ਕਰਤਵ ਸਮਝਦਾ ਹੈ ਕਿ ਇਸ ਔਕੜ ਬਾਰੇ ਇਕ ਲੰਮੇ ਸਮੇਂ ਤੱਕ ਦਿਨ ਰਾਤ ਵਿਚਾਰਦਾ ਰਹੇ ਤਾਂ ਜੋ ਇਸ ਔਕੜ ਦਾ ਕੋਈ ਹਲ ਨਿਕਲ ਆਵੇ ਅਤੇ ਹਰ ਇਕ ਵਪਾਰ, ਹਰ ਇਕ ਕਾਢ (ਖੋਜ), ਹਰ ਇਕ ਗੁੰਝਲ ਤੇ ਵਲ੍ਹੇਵੇਂਦਾਰ ਕੰਮ ਨੂੰ ਚਲਾਉਂਣਾ ਇਸ ਗੱਲ ਨੂੰ ਲੋਚਦਾ ਹੈ ਕਿ ਉਸ ਕੰਮ ਲਈ ਕੋਈ ਮਾਰਗ ਨਿਕਲ ਆਵੇ । ਸੋ, ਦੁਨੀਆ ਤੇ ਧਰਮ ਦੇ ਉਦੇਸ਼ਿਆਂ ਲਈ ਅਸਲ ਦੁਆ ਮਾਰਗ ਕਢੱਣ ਦੀ ਦੁਆ ਹੈ, ਜੱਦ ਕਿਸੇ ਕੰਮ ਬਾਰੇ ਸਿਧੱਾ ਮਾਰਗ ਹੱਥ ਲੱਗ ਜਾਏ ਤਾਂ ਨਿਸ਼ਚੇ ਹੀ ਉਹ ਕੰਮ ਵੀ ਰੱਬ ਦੀ ਮਿਹਰ ਨਾਲ ਪ੍ਰਾਪਤ ਹੋ ਜਾਂਦਾ ਹੈ । ਰੱਬ ਦੀ ਕੁਦਰਤ ਤੇ ਹਿਕਮਤ ਨੇ ਹਰ ਉਦੇਸ਼ ਦੀ ਪ੍ਰਾਪਤੀ ਲਈ ਇਕ ਮਾਰਗ ਰੱਖਿਆ ਹੈ, ਉਧਾਰਣ ਲਈ ਕਿਸੇ ਰੋਗੀ ਦਾ ਠੀਕ ਠੀਕ ਇਲਾਜ ਨਹੀਂ ਹੋ ਸਕਦਾ ਜੱਦ ਤੱਕ ਉਸ ਦੀ ਵਾਸਤਵਿਕਤਾ ਨੂੰ ਸਮਝਣ ਤੇ ਅਤੇ ਉਸ ਲਈ ਨੁਸਖ਼ੇ ਦੇ ਨਿਰਧਾਰਣ ਲਈ ਇਕ ਅਜਿਹਾ ਮਾਰਗ ਨ ਨਿਕਲ ਆਏ ਕਿ ਮਨ ਭਰੋਸਾ ਦੇ ਦੇਵੇ ਕਿ ਇਸ ਮਾਰਗ ਰਾਹੀਂ ਸਫ਼ਲਤਾ ਹੋਵੇਗੀ । ਸਗੋਂ ਦੁਨੀਆ ਵਿੱਚ ਕੋਈ ਪ੍ਰਬੰਧ ਹੋ ਹੀ ਨਹੀਂ ਸਕਦਾ ਜੱਦ ਤੱਕ ਇਸ ਪ੍ਰਬੰਧ ਲਈ ਇਕ ਮਾਰਗ ਨ ਹੋਵੇ । ਸੋ, ਮਾਰਗ ਦਾ ਭਾਲਣਾ, ਜਾਚਕ ਦਾ ਫ਼ਰਜ਼ ਹੋਇਆ ਅਤੇ ਜਿਵੇਂ ਕਿ ਸੰਸਾਰਕ ਸਫ਼ਲਤਾ ਲਈ ਉਚਿਤ ਮਾਰਗ ਦਾ ਹੱਥ ਵਿੱਚ ਲੈਣ ਲਈ ਇਕ ਮਾਰਗ ਦੀ ਲੋੜ ਹੈ ਜਿਸ'ਤੇ ਪੈਰ੍ਹ ਧਰਿਆ ਜਾਵੇ । ਅਜਿਹਾ ਹੀ ਰੱਬ ਦਾ ਸਚੱਾ ਮਿਤੱਰ, ਪ੍ਰੇਮੀ ਤੇ ਮਿਹਰ ਦਾ ਪਾਤਰ ਬਣਨ ਲਈ ਆਦਿ ਤੋਂ ਇਕ ਮਾਰਗ ਦੀ ਲੋੜ ਅਨੁਭਵ ਕੀਤੀ ਗਈ ਹੈ । ਇਸੇ ਲਈ ਦੂਜੀ ਸੂਰਤ ਵਿੱਚ ਜੋ ਕਿ 'ਸੂਰਤ ਬਕਰਹ' ਹੈ ਜੋ ਇਸ ਸੂਰਤ ਦੇ ਬਾਦ ਹੈ, ਸੂਰਤ ਦੇ ਅਰੰਭ ਵਿੱਚ ਹੀ ਫ਼ਰਮਾਇਆ ਹੈ ਕਿ هُدًى لِلْمُتَّقِيْنَ۔ (البقرة3) 'ਹੁਦਨ ਲਿਲ ਮੁਤੱਾਕੀਨ' (ਅਲਬਕਰਹ 3) ਅਰਥਾਤ ਪੁਰੁਸਕਾਰ ਪ੍ਰਾਪਤ ਕਰਨ ਦਾ ਇਹ ਮਾਰਗ ਹੈ ਜੋ ਅਸੀਂ ਵਰਨਣ ਕਰਦੇ ਹਾਂ[15] । ਸੋ, ਇਹ ਦੁਆ

15 ਸੂਰਤ ਫ਼ਾਤਿਹਾ ਵਿੱਚ ਸੁਮਾਰਗ ਲਈ ਦੁਆ ਕੀਤੀ ਗਈ ਹੈ ਅਤੇ ਦੂਜੀ ਸੂਰਤ ਵਿੱਚ

ਅਰਥਾਤ ਦੁਆ اِهۡدِنَا الصِّرَاطَ الۡمُسۡتَقِيۡمَ 'ਇਹਦਿਨਸ ਸਿਰਾਤਲ ਮੁਸਤਕੀਮ' ਇਕ ਸੰਪੂਰਨ ਦੁਆ ਹੈ ਜੋ ਕਿ ਮਨੁੱਖ ਨੂੰ ਇਸ ਗੱਲ ਵੱਲ ਧਿਆਨ ਦੁਆਉਂਦੀ ਹੈ ਕਿ ਧਾਰਮਕ ਤੇ ਸੰਸਾਰਕ ਔਕੁੜਾਂ ਸਮੇਂ ਸਭ ਤੋਂ ਪਹਿਲਾਂ ਜਿਸ ਚੀਜ਼ ਦੀ ਭਾਲ ਮਨੁੱਖ ਦਾ ਫ਼ਰਜ਼ ਹੈ ਉਹ ਇਹੋ ਹੈ ਕਿ ਇਸ ਕਾਰਜ ਦੀ ਪ੍ਰਾਪਤੀ ਲਈ ਉਹ ਸਿਰਾਤਿ ਮੁਸਤਕੀਮ (ਸਿੱਧੇ ਮਾਰਗ) ਦੀ ਭਾਲ ਕਰੇ ਅਰਥਾਤ ਕੋਈ ਅਜਿਹਾ ਸਾਫ਼ ਤੇ ਸਿਧੱਾ ਮਾਰਗ ਢੂੰਡੇ ਜਿਸ ਨਾਲ ਅਸਾਨੀ ਨਾਲ ਉਸ ਉਦੇਸ਼ ਤੱਕ ਪਹੁੰਚ ਸਕੇ । ਅਤੇ ਮਨ ਵਿਸ਼ਵਾਸ਼ ਨਾਲ ਭਰ ਜਾਏ, ਸ਼ੰਕਾਵਾਂ ਤੋਂ ਮੁਕਤੀ ਹੋਵੇ, ਪਰ ਇੰਜੀਲ ਦੀ ਹਿਦਾਇਤ ਅਨੁਸਾਰ ਰੋਟੀ ਮੰਗਣ ਵਾਲੇ ਰੱਬ ਦੀ ਜੱਗਿਆਸਾ ਨਹੀਂ ਕਰੇਗਾ, ਉਸਦਾ ਉਦੇਸ਼ ਤਾਂ ਰੋਟੀ ਹੈ ਜੱਦ ਰੋਟੀ ਮਿਲ ਗਈ ਤਾਂ ਫਿਰ ਉਸ ਨੂੰ ਰੱਬ ਨਾਲ ਕੀ ਗ਼ਰਜ਼ । ਇਹੋ ਕਾਰਣ ਹੈ ਕਿ ਇਸਾਈ ਸਿੱਧੇ ਮਾਰਗ ਤੋਂ ਡਿੱਗ ਗਏ ਅਤੇ ਇਕ ਅਤਿਅੰਤ ਲੱਜਿਤ ਅਕੀਦਾ ਉਹਨਾ ਦੇ ਗੱਲ੍ਹ ਪੈ ਗਿਆ ਜੋ ਕਿ ਇਕ ਮਨੁੱਖ ਨੂੰ ਰੱਬ ਬਣਾਉਂਣਾ ਹੈ । ਅਸੀਂ ਨਹੀਂ ਸਮਝ ਸਕਦੇ ਕਿ ਮਰਯੱਮ ਦੇ ਪੁਤੱਰ ਈਸਾ ਵਿੱਚ ਹੋਰਨਾ ਦੀ ਤੁਲਾਨਾ ਵਿੱਚ ਕੀ ਵਾਧਾ ਸੀ, ਜਿਸ ਕਰਕੇ ਉਸ ਦੇ ਰੱਬ ਹੋਣ ਦਾ ਵਿਚਾਰ ਆਇਆ । ਚਮਤਕਾਰਾਂ ਵਿੱਚ ਪਹਿਲੇ ਅਧਿਕਤਰ ਨਬੀ ਇਹਨਾ ਤੋਂ ਵਧੱਕੇ ਸਨ ਜਿਵੇਂ ਕਿ ਮੂਸਾ, ਅਲਯਸਆ ਅਤੇ ਏਲੀਆ ਨਬੀ । ਅਤੇ ਮੈਂਨੂੰ ਸਹੁੰ ਹੈ ਉਸ ਜ਼ਾਤ (ਰੱਬ) ਦੀ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ ਕਿ ਜੇਕਰ ਮਰਯੱਮ ਦਾ ਪੁਤੱਰ ਈਸਾ ਮੇਰੇ ਕਾਲ ਵਿੱਚ ਹੁੰਦਾ ਤਾਂ ਉਹ ਕੰਮ ਜੋ ਮੈਂ ਕਰ ਸਕਦਾ ਹਾਂ ਉਹ ਉਕੱਾ ਹੀ ਨ ਕਰ ਸਕਦਾ ਅਤੇ ਉਹ ਨਿਸ਼ਾਨ ਜੋ ਮੇਰੇ ਰਾਹੀਂ ਪ੍ਰਕਟ ਹੋ ਰਹੇ ਹਨ ਉਹ ਉਕੱਾ ਹੀ ਨ ਦਿਖਾ ਸਕਦਾ[16] ।

---

ਸੰਭਵਤਾ ਉਹ ਦੁਆ ਕੁਬੂਲ ਹੋਕੇ ਸੁਮਾਰਗ ਦੱਸਿਆ ਗਿਆ ਹੈ । (ਲੇਖਕ)

[16] ਇਸ ਦੀ ਪ੍ਰਮਾਣਿਕਤਾ ਲਈ ਕਿਤਾਬ 'ਨਜ਼ੂਲੁਲ ਮਸੀਹ' ਛੇਤੀ ਹੀ ਦੇਖੋਗੇ ਜੋ ਕਿ ਛੱਪ ਰਹੀ ਹੈ ਅਤੇ ਦੱਸ ਭਾਗਾਂ ਤੱਕ ਛੱਪ ਚੁਕੀ ਹੈ, ਛੇਤੀ ਹੀ ਪ੍ਰਕਾਸ਼ਨ ਹੋਣ ਵਾਲਾ ਹੈ, ਇਹ ਕਿਤਾਬ ਪੀਰ ਮਿਹਰ ਅਲੀ ਗੋਲੜ੍ਹਵੀ ਦੀ ਕਿਤਾਬ 'ਤੰਬੂਰ ਚਿਸ਼ਤਿਆਈ' ਦੇ ਰੱਦ (ਖੰਡਨ) ਵਿੱਚ ਲਿਖੀ ਗਈ ਹੈ । ਜਿਸ ਵਿੱਚ ਸਾਬਤ ਕੀਤਾ ਗਿਆ ਹੈ ਕਿ ਪੀਰ ਸਾਹਬ ਨੇ

ਅਤੇ ਰੱਬ ਦੀ ਮਿਹਰ ਆਪਣੇ ਤੋਂ ਬਹੁਤੀ ਮੇਰੇ ਉਪੱਰ ਦੇਖਦਾ । ਜੱਦ ਕਿ ਮੈਂ ਅਜਿਹਾ ਹਾਂ, ਤਾਂ ਹੁਣ ਰਤਾ ਸੋਚੋਂ ਕਿ ਕੀ ਮਰਤਬਾ ਹੈ ਉਸ ਪਾਕ ਰਸੂਲ ਸਲਲੱਾਹੁ ਅਲੈਹਿ ਵਸਲੱਮ ਦਾ ਜਿਸਦੀ ਗ਼ੁਲਾਮੀ ਵੱਲ ਮੈਂ ਮਨਸੂਬ ਕੀਤਾ ਗਿਆ ਹਾਂ । ذٰلِكَ فَضْلُ اللّٰهِ يُؤْتِيْهِ مَنْ يَّشَاءُ ‘ਜ਼ਾਲਿਕਾ ਫ਼ਜ਼ਲੁਲੱਾਹਿ ਯੂਤੀਹਿ ਮੰਯਸ਼ਾਉ’ ਇਸ ਥਾਂ ਕੋਈ ਈਰਖਾ ਜਾਂ ਕੋਈ ਰੀਸ ਪੇਸ਼ ਨਹੀਂ ਜਾਂਦੀ ਸਗੋਂ ਰੱਬ ਜੋ ਚਾਹੇ ਕਰੇ । ਜੋ ਉਸ ਦੇ ਨਿਸ਼ਚੇ ਦੀ ਵਿਰੋਧਤਾ ਕਰਦਾ ਹੈ ਉਹ ਕੇਵਲ ਆਪਣੇ ਉਦੇਸ਼ ਵਿੱਚ ਹੀ ਅਸਫ਼ਲ ਤੇ ਨਾਮੁਰਾਦ ਨਹੀਂ ਸਗੋਂ ਮਰਕੇ ਵੀ ਨਰਕ ਦਾ ਭਾਗੀ ਬਣਦਾ ਹੈ । ਹਲਾਕ ਹੋ ਗਏ ਉਹ ਜਿੰਨ੍ਹਾ ਨੇ ਨਿਮਾਣੀ ਮਖ਼ਲੂਕ ਨੂੰ ਰੱਬ ਮਿੱਥਿਆ । ਹਲਾਕ ਹੋ ਗਏ ਜਿੰਨ੍ਹਾ ਨੇ ਇਕ ਮਹਾਨਤਮ ਰਸੂਲ ਨੂੰ ਪਰਵਾਨ ਨ ਕੀਤਾ । ਮੁਬਾਰਕ ਉਹ ਜਿਸ ਨੇ ਮੈਨੂੰ ਪਛਾਣਿਆ, ਮੈਂ ਰੱਬ ਦੇ ਸਾਰਿਆਂ ਮਾਰਗਾਂ ਵਿੱਚੋਂ ਅੰਤਮ ਮਾਰਗ ਹਾਂ । ਅਤੇ ਮੈਂ ਉਸ ਦੇ ਸਾਰਿਆਂ ਨੂਰਾਂ ਵਿੱਚੋਂ ਅੰਤਮ ਨੂਰ ਹਾਂ । ਅਭਾਗਾ ਹੈ ਉਹ ਜੋ ਮੈਨੂੰ ਛਡੱਦਾ ਹੈ ਕਿਉਂਕਿ ਮੇਰੇ ਬਿਨਾ ਸਭ ਅੰਧਕਾਰ ਹੈ ।

ਦੂਜਾ ਸਾਧਨ ਸੁਮਾਰਗ ਦਾ ਜੋ ਮੁਸਲਮਾਨਾ ਨੂੰ ਦਿਤੱਾ ਗਿਆ ਹੈ ਸੁਨੱਤ ਹੈ ਅਰਥਾਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀਆਂ ਕਰਮ ਰੂਪੀ ਕਾਰਵਾਈਆਂ ਜੋ ਆਪ ਨੇ ਕੁਰਆਨ ਸ਼ਰੀਫ਼ ਦੇ ਆਦੇਸ਼ਾਂ ਦੀ ਵਿਆਖਿਆ ਉਸ ਅਨੁਸਾਰ ਕਰਕੇ ਦਿਖਾਈਆਂ । ਉਧਾਰਣ ਲਈ ਕੁਰਆਨ ਸ਼ਰੀਫ਼ ਵਿੱਚ ਪੰਜ

---

ਮੁਹਮੱਦ ਹਸਨ ਮੁਰਦਾ ਦੇ ਵਿਸ਼ੇ ਨੂੰ ਚੁਰਾ ਕੇ ਅਜਿਹੀ ਸ਼ਰਮ ਯੋਗ ਗ਼ਲਤੀਆਂ ਦਾ ਕਾਰਜ ਕੀਤਾ ਹੈ ਕਿ ਹੁਣ ਪਤਾ ਲਗੱਣ’ਤੇ ਉਹਨਾਂ ਦਾ ਜੀਉਂਣਾ ਔਖਾ ਹੋ ਜਾਏਗਾ । ਉਹ ਬਦਬਖ਼ਤ ਤਾਂ ਸਾਡੀ ਭਵਿਖੱਬਾਣੀ ਜੋ ‘ਇਜਾਜ਼ੁਲ ਮਸੀਹ’ ਵਿੱਚ ਦਰਜ ਹੈ ਦੇ ਅਨੁਸਾਰ ਮਰ ਗਿਆ । ਅਤੇ ਦੂਜਾ ਬਦਬਖ਼ਤ ਨਾਹੱਕ ਹੀ ਆਪਣੀ ਕਿਤਾਬ ਬਣਾਕੇ ਭਵਿੱਖਬਾਣੀ انی مہین من ارادااھانتک ‘ਇੰਨੀ ਮੁਹੀਨੁਨ ਮਨ ਅਰਾਦਾ ਇਹਾਨਾਤਾਕਾ’ ਦਾ ਨਿਸ਼ਾਨ ਬਣ ਗਿਆ । فاعتبروایااولی‌الابصار (ਲੇਖਕ)

ਵੇਲੇ ਦੀਆਂ ਨਮਾਜ਼ਾਂ ਦੀਆਂ ਰਕਅਤਾਂ ਪਤਾ ਨਹੀਂ ਲਗੱਦੀਆਂ ਕਿ ਸਵੇਰ ਸਮੇਂ ਕਿੰਨ੍ਹੀਆ ਅਤੇ ਹੋਰਨਾ ਸਮਿਆਂ ਵਿੱਚ ਕਿੰਨ੍ਹਆਂ ਗਿਣਤੀ ਵਿੱਚ ਰਕਅਤਾਂ ਪੜ੍ਹਨੀਆਂ ਹਨ ਪਰ ਸੁਨੱਤੇ ਰਸੂਲ ਨੇ ਸਭ ਕੁਝ ਖੋਲਕੇ ਦੱਸ ਦਿਤੱਾ ਹੈ । ਇਹ ਧੋਖਾ ਨ ਲੱਗੇ ਕਿ ਸੁਨੱਤ ਤੇ ਹਦੀਸ ਇਕ ਚੀਜ਼ ਹੈ ਕਿਉਂਕਿ ਹਦੀਸਾਂ ਤਾਂ ਸੌ ਡੇਢ ਸੌ ਸਾਲ ਬਾਦ ਇਕਤੱਰ ਕੀਤੀਆਂ ਗਈਆਂ ਪਰ ਸੁਨੱਤ ਦਾ ਕੁਰਆਨ ਸ਼ਰੀਫ਼ ਦੇ ਨਾਲ ਹੀ ਵੁਜੂਦ ਸੀ । ਮੁਸਲਮਾਨਾ ਉਪੱਰ ਕੁਰਆਨ ਸ਼ਰੀਫ਼ ਦੇ ਬਾਦ ਵਡੱਾ ਉਪਕਾਰ ਸੁਨੱਤ ਦਾ ਹੈ । ਰੱਬ ਅਤੇ ਉਸਦੇ ਰਸੂਲ ਦੀ ਜ਼ਿੱਮੇਦਾਰੀ ਦਾ ਫ਼ਰਜ਼ ਕੇਵਲ ਦੋ ਕਾਰਜ ਸਨ ਅਤੇ ਉਹ ਇਹ ਕਿ ਰੱਬ ਨੇ ਕੁਰਆਨ ਕਰੀਮ ਨੂੰ ਨਾਜ਼ਲ ਕਰਕੇ ਮਖ਼ਲੂਕ ਨੂੰ ਆਪਣੇ ਕਥਨਾ ਰਾਹੀਂ ਆਪਣੀ ਇਛੱਾ ਦੀ ਸੂਚਨਾ ਦਿੱਤੀ ਇਹ ਤਾਂ ਰੱਬ ਦੇ ਕਾਨੂਨ ਦਾ ਫ਼ਰਜ਼ ਸੀ ਅਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਇਹ ਫ਼ਰਜ਼ ਸੀ ਕਿ ਰੱਬ ਦੇ ਕਲਾਮ ਨੂੰ ਅਮਲੀ ਰੂਪ ਵਿੱਚ ਕਰਕੇ ਦਿਖਾਉਣ ਤੇ ਲੋਕਾਂ ਨੂੰ ਬਖ਼ੂਬੀ ਸਮਝਾ ਦੇਣ । ਸੋ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਉਹ ਇਲਾਹੀ ਕਲਾਮ ਦੀਆਂ ਗਲੱਾਂ ਨੂੰ ਕਰਨੀ ਦੇ ਰੂਪ ਵਿੱਚ ਕਰਕੇ ਦਿਖਾ ਦਿੱਤੀਆਂ ਅਤੇ ਆਪਣੀ ਸੁਨੱਤ ਅਰਥਾਤ ਕਰਮ ਰੂਪੀ ਕਾਰਵਾਈ ਨਾਲ ਔਖੀਆਂ ਤੇ ਪੇਚੀਦਾ ਸਮੱਸਿਆਵਾਂ ਨੂੰ ਹਲ ਕਰ ਦਿਤੱਾ । ਇਹ ਆਖਣਾ ਵਿਅਰਥ ਹੈ ਕਿ ਇਹ ਹਲ ਕਰਨਾ ਹਦੀਸਾਂ ਉਪੱਰ ਨਿਰਭਰ ਸੀ ਕਿਉਂਕਿ ਹਦੀਸਾਂ ਦੇ ਵੁਜੂਦ ਤੋਂ ਪਹਿਲਾਂ ਇਸਲਾਮ ਧਰਤੀ ਉਪੱਰ ਕਾਇਮ ਹੋ ਚੁਕੱਾ ਸੀ[17] । ਕੀ ਜੱਦ ਤੱਕ ਹਦੀਸਾਂ ਇਕਤੱਰ ਨਹੀਂ ਹੋਈਆਂ ਸਨ ਲੋਕ ਨਮਾਜ਼ ਨਹੀਂ ਪੜ੍ਹਦੇ ਸਨ ਜਾਂ ਜ਼ਕਾਤ ਨਹੀਂ ਦਿੰਦੇ ਸਨ ਜਾਂ ਹੱਜ ਨਹੀਂ ਕਰਦੇ ਸਨ ਜਾਂ

---

[17] ਅਹਿਲੇ ਹਦੀਸ ਰਸੂਲ ਦੇ ਕਰਮਾ ਤੇ ਰਸੂਲ ਦੇ ਕਥਨਾ ਦੋਹਾਂ ਦਾ ਨਾਂ ਹਦੀਸ ਹੀ ਰਖੱਦੇ ਹਨ, ਸਾਨੂੰ ਉਹਨਾਂ ਦੀ ਇਸਤਲਾਹ (ਵਿਸ਼ੇਸ਼ ਭਾਵਅਰਥਾਂ) ਨਾਲ ਕੋਈ ਗ਼ਰਜ਼ ਨਹੀਂ, ਵਾਸਤਵ ਵਿੱਚ ਸੁਨੱਤ ਵਖੱਰੀ ਹੈ, ਜਿਸਦੇ ਪ੍ਰਕਾਸ਼ਨ ਦੀ ਵਿਵਸਥਾ ਆਪ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਵਿਅਕਤੀਗੱਤ ਰੂਪ ਵਿੱਚ ਕੀਤੀ ਅਤੇ ਹਦੀਸ ਵਖੱਰੀ ਹੈ ਜੋ ਬਾਦ ਵਿੱਚ ਇਕਤੱਰ ਹੋਈਆਂ । (ਲੇਖਕ)

ਹਲਾਲ ਤੇ ਹਰਾਮ ਦੀ ਜਾਣਕਾਰੀ ਤੋਂ ਵਾਕਫ਼ ਨਹੀਂ ਸਨ । ਹਾਂ ! ਹਿਦਾਇਤ ਦਾ ਤੀਜਾ ਸਾਧਨ ਹਦੀਸਾਂ ਹਨ, ਕਿਉਂਕਿ ਬਹੁਤ ਸਾਰੇ ਇਸਲਾਮੀ ਇਤਿਹਾਸ, ਆਚਰਣ ਅਤੇ ਫ਼ਿਕਾ (ਧਾਰਮਕ ਤੇ ਸਮਾਜਕ ਸਮੱਸਿਆਂ ਦੇ ਨੀਯਮ) ਦੇ ਕਾਰਜਾਂ ਨੂੰ ਹਦੀਸਾਂ ਵਿਸਥਾਰ ਨਾਲ ਵਰਨਣ ਕਰਦੀਆਂ ਹਨ ਅਤੇ ਹਦੀਸਾਂ ਦਾ ਵਡੱਾ ਲਾਭ ਇਹ ਹੈ ਕਿ ਇਹ ਕੁਰਆਨ ਤੇ ਸੁਨੱਤ ਦੀ ਸੇਵਕ ਹਨ, ਜਿੰਨ੍ਹਾ ਲੋਕਾਂ ਨੂੰ ਕੁਰਆਨ ਕਰੀਮ ਦਾ ਸਾਹਿਤਿਕ ਗਿਆਨ ਨਹੀਂ ਦਿਤੱਾ ਗਿਆ ਉਹ ਇਸ ਮੌਕੇ ਹਦੀਸਾਂ ਨੂੰ ਕਾਜ਼ੀਏ ਕੁਰਆਨ ਕਹਿੰਦੇ ਹਨ ਜਿਵੇਂ ਕਿ ਯਹੂਦੀਆਂ ਨੇ ਆਪਣੀਆਂ ਹਦੀਸਾਂ ਬਾਰੇ ਕਿਹਾ, ਪਰ ਅਸੀਂ ਹਦੀਸਾਂ ਨੂੰ ਕੁਰਆਨ ਕਰੀਮ ਤੇ ਸੁਨੱਤੇ ਰਸੂਲ ਦੀ ਸੇਵਕ ਕਰਾਰ ਦਿੰਦੇ ਹਾਂ । ਸਪਸ਼ਟ ਹੈ ਕਿ ਆਕਾ (ਸਵਾਮੀ) ਦੀ ਸ਼ਾਨ ਸੇਵਕਾਂ ਦੇ ਹੋਣ ਨਾਲ ਹੀ ਵਧੱਦੀ ਹੈ । ਕੁਰਆਨ ਕਰੀਮ ਰੱਬ ਦਾ ਕਲਾਮ ਹੈ ਅਤੇ ਸੁਨੱਤ ਰਸੂਲੁਲੱਾਹ ਦੀ ਕਰਣੀ ਹੈ ਅਤੇ ਹਦੀਸਾਂ ਸੁਨੱਤੇ ਰਸੂਲ ਲਈ ਇਕ ਪੱਖ ਪੂਰਦੀਆਂ ਸਾਖੀਆਂ (ਗਵਾਹ) ਹਨ । 'ਨਊਜ਼ ਬਿਲੱਾਹਿ' (ਰੱਬ ਆਪਣੀ ਪਨਾਹ ਵਿੱਚ ਰੱਖੇ) ਇਹ ਆਖਣਾ ਗ਼ਲਤ ਹੈ ਕਿ ਹਦੀਸ ਕੁਰਆਨ ਉਪੱਰ ਕਾਜ਼ੀ ਹੈ, ਜੇਕਰ ਕੁਰਆਨ ਉਪੱਰ ਕੋਈ ਕਾਜ਼ੀ ਹੈ ਤਾਂ ਆਪ ਖ਼ੁਦ ਕੁਰਆਨ ਹੈ । ਹਦੀਸ ਜੋ ਇਕ ਕਲਪਤ ਮਰਤਬੇ'ਤੇ ਹੈ ਕੁਰਆਨ ਕਰੀਮ ਦੀ ਉਕੱਾ ਹੀ ਕਾਜ਼ੀ ਨਹੀਂ ਹੋ ਸਕਦੀ, ਕੇਵਲ ਪ੍ਰਮਾਣ ਮਾਤਰ ਦੇ ਰੂਪ ਵਿੱਚ ਹੈ । ਕੁਰਆਨ ਅਤੇ ਸੁਨੱਤ ਦੇ ਸਾਰੇ ਅਸਲ ਕੰਮ ਕਰ ਦਿਖਾਏ ਹਨ ਅਤੇ ਹਦੀਸਾਂ ਕੇਵਲ ਪੱਖ ਪੂਰਦੀਆਂ ਗਵਾਹ ਹਨ । ਹਦੀਸਾਂ ਕੁਰਆਨ'ਤੇ ਕਿਵੇਂ ਕਾਜ਼ੀ ਹੋ ਸਕਦੀਆਂ ਹਨ । ਕੁਰਆਨ ਤੇ ਸੁਨੱਤ ਉਸ ਸਮੇਂ ਵੀ ਹਿਦਾਇਤ ਦਾ ਕੰਮ ਕਰ ਰਹੇ ਸਨ ਜੱਦ ਇਸ ਬਣਾਉਟੀ ਕਾਜ਼ੀ ਦਾ ਨਾਂ ਨਿਸ਼ਾਨ ਵੀ ਨਹੀਂ ਸੀ । ਇਹ ਨ ਕਹੋ ਕਿ ਹਦੀਸਾਂ ਕੁਰਆਨ ਉਪੱਰ ਕਾਜ਼ੀ ਹਨ ਸਗੋਂ ਇਹ ਕਹੋ ਕਿ ਹਦੀਸਾਂ ਕੁਰਆਨ ਤੇ ਸੁਨੱਤੇ ਰਸੂਲ ਲਈ ਪੱਖ ਪੂਰਦੀਆਂ ਗਵਾਹ ਹਨ । ਹਾਂ ਸੁਨੱਤ ਇਕ ਅਜਿਹੀ ਚੀਜ਼ ਹੈ ਜੋ ਕੁਰਆਨ ਕਰੀਮ ਦੇ ਮੰਤਵ ਨੂੰ ਪ੍ਰਕਟ ਕਰਦੀ ਹੈ ਅਤੇ ਸੁਨੱਤ ਤੋਂ ਉਹ ਮਾਰਗ ਭਾਵ ਹੈ ਜਿਸ ਮਾਰਗ ਉਪੱਰ ਆਂਹਜ਼ਰਤ ਮੁਹਮੱਦ

ਸਲਲੱਾਹੁ ਅਲੈਹਿ ਵਸਲਮ ਨੇ ਅਮਲੀ ਰੂਪ ਵਿੱਚ ਆਪਣੇ ਸਹਾਬਾ ਨੂੰ ਪਾਇਆ ਸੀ, ਸੁਨੱਤ ਉਹਨਾ ਗਲੱਾਂ ਦਾ ਨਾਂ ਨਹੀਂ ਹੈ ਜੋ ਸੌ ਡੇਢ ਸੋ ਸਾਲ ਬਾਦ ਕਿਤਾਬਾਂ ਵਿੱਚ ਲਿੱਖੀਆਂ ਗਈਆਂ, ਸਗੋਂ ਉਹਨਾਂ ਗਲੱਾਂ ਦਾ ਨਾਂ ਹਦੀਸ ਹੈ । ਸੁਨੱਤ ਉਸ ਕਰਮ ਰੂਪੀ ਨਮੂਨੇ ਦਾ ਨਾਂ ਹੈ ਜੋ ਨੇਕ ਮੁਸਲਮਾਨਾ ਦੇ ਅਮਲੀ ਜੀਵਨ ਵਿੱਚ ਅਰੰਭ ਤੋਂ ਚਲਾ ਆਇਆ ਹੈ, ਜਿਸ'ਤੇ ਹਜ਼ਾਰਾ ਹੀ ਮੁਸਲਮਾਨਾਂ ਨੂੰ ਲਾਇਆ ਗਿਆ । ਹਾਂ, ਹਦੀਸ ਵੀ ਬੇਸ਼ਕ ਉਸ ਦਾ ਬਹੁਤਾ ਹਿਸੱਾ ਗੁਮਾਨ ਦੇ ਮਰਤਬੇ ਉਪੱਰ ਹੈ ਪਰੰਤੂ ਕੁਰਆਨ ਤੇ ਸੁਨੱਤ ਦੇ ਮਾਰਗ ਵਿੱਚ ਬਿਨਾ ਵਿਘਨ ਹੋਵੇ ਤਾਂ ਗ੍ਰਹਿਣ ਕਰਨ ਯੋਗ ਹੈ ਅਤੇ ਕੁਰਆਨ ਤੇ ਸੁਨੱਤ ਦੇ ਪੱਖ ਵਿੱਚ ਹੈ ਅਤੇ ਬਹੁਤ ਸਾਰੀਆਂ ਇਸਲਾਮੀ ਸਮੱਸਿਆਵਾਂ ਦਾ ਭੰਡਾਰ ਇਸ ਵਿੱਚ ਮੌਜੂਦ ਹੈ । ਸੋ, ਹਦੀਸਾਂ ਦੀ ਕਦਰ ਨ ਕਰਨਾ ਸੰਭਵਤਾ ਇਸਲਾਮ ਦਾ ਇਕ ਅੰਗ ਵੱਢ ਦੇਣਾ ਹੈ। ਹਾਂ, ਜੇਕਰ ਇਕ ਅਜਿਹੀ ਹਦੀਸ ਹੋਵੇ ਜੋ ਕੁਰਆਨ ਤੇ ਸੁਨੱਤ ਦੇ ਵਿਪਰੀਤ ਹੋਵੇ ਅਤੇ ਅਜਿਹੀ ਹਦੀਸ ਦੇ ਵਿਪਰੀਤ ਹੋਵੇ ਜੋ ਕੁਰਆਨ ਅਨੁਸਾਰ ਹੈ ਜਾਂ ਉਧਾਰਣ ਵੱਜੋਂ ਇਕ ਅਜਿਹੀ ਹਦੀਸ ਹੋਵੇ ਜੋ ਸਹੀ ਬੁਖ਼ਾਰੀ ਦੇ ਖ਼ਿਲਾਫ਼ ਹੈ ਤਾਂ ਉਹ ਹਦੀਸ ਪਰਵਾਨ ਯੋਗ ਨਹੀਂ ਹੋਵੇਗੀ ਕਿਉਂਕਿ ਉਸਨੂੰ ਪਰਵਾਨ ਕਰਨ ਨਾਲ ਕੁਰਆਨ ਨੂੰ ਅਤੇ ਉਹਨਾ ਸਾਰੀਆਂ ਹਦੀਸਾਂ ਨੂੰ ਜੋ ਕੁਰਆਨ ਅਨੁਸਾਰ ਹਨ ਰੱਦ ਕਰਨਾ ਪੈਂਦਾ ਹੈ । ਮੈਂ ਜਾਣਦਾ ਹਾਂ ਕਿ ਕੋਈ ਸੰਜਮੀ ਇਸਦੀ ਜੁਰੱਤ ਨਹੀਂ ਕਰੇਗਾ ਕਿ ਅਜਿਹੀ ਹਦੀਸ ਉਪੱਰ ਅਕੀਦਾ ਰੱਖੇ ਕਿ ਉਹ ਕੁਰਆਨ ਤੇ ਹਦੀਸ ਦੇ ਵਿਰੁਧ ਹੋਵੇ ਅਤੇ ਅਜਿਹੀ ਹਦੀਸਾਂ ਦੇ ਵਿਰੋਧ ਵਿੱਚ ਹੈ ਜੋ ਕੁਰਆਨ ਅਨੁਸਾਰ ਹਨ । ਬਹਿਰਹਾਲ ਹਦੀਸਾਂ ਦੀ ਕਦਰ ਕਰੋ ਅਤੇ ਉਹਨਾ ਤੋਂ ਲਾਭ ਉਠਾਓ ਕਿ ਉਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਵੱਲ ਮਿੱਥੀਆਂ ਜਾਂਦੀਆਂ ਹਨ ਅਤੇ ਜੱਦ ਤੱਕ ਕੁਰਆਨ ਤੇ ਸੁਨੱਤ ਉਹਨਾਂ ਨੂੰ ਨਕਾਰੇ ਨ ਤੁਸੀਂ ਵੀ ਉਹਨਾਂ ਨੂੰ ਨ ਨਕਾਰੋ, ਸਗੋਂ ਚਾਹੀਦਾ ਹੈ ਕਿ ਨਬੀ ਕਰੀਮ ਦੀਆਂ ਹਦੀਸਾਂ ਉਪੱਰ ਅਜਿਹੇ ਕਾਰਬੰਦ ਹੋਵੋ ਕਿ ਕੋਈ ਹਰਕਤ ਨ ਕਰੋ, ਨ ਸ਼ਾਂਤੀ ਭੰਗ ਕਰੋ ਅਤੇ ਨ ਹੀ ਕੋਈ ਅਜਿਹਾ ਤਰਕ ਵਿਤਰਕ ਕਰੋ, ਬੇਸ਼ਕ ਤੁਹਾਡੇ ਕੋਲ ਉਸਦੇ ਪੱਖ

ਵਿੱਚ ਕੋਈ ਹਦੀਸ ਹੋਵੇ, ਪਰ ਜੇਕਰ ਕੋਈ ਅਜਿਹੀ ਹਦੀਸ ਹੋਵੇ ਜੋ ਕੁਰਆਨ ਸ਼ਰੀਫ਼ ਦੇ ਵਰਨਣ ਕੀਤੇ ਕਿੱਸਿਆਂ ਦੇ ਉਕੱਾ ਹੀ ਵਪਰੀਤ ਹੈ ਤਾਂ ਉਸਦੀ ਸਮਾਨਤਾ ਲਈ ਚਿੰਤਾ ਕਰੋ, ਸੰਭਵਤਾ ਉਹ ਵਿਘਨ (ਇਤਰਾਜ਼) ਤੁਹਾਡੀ ਆਪਣੀ ਹੀ ਗ਼ਲਤੀ ਹੋਵੇ । ਜੇਕਰ ਕਿਸੇ ਪ੍ਰਕਾਰ ਵੀ ਉਹ ਇਤਰਾਜ਼ ਦੂਰ ਨ ਹੋਵੇ ਤਾਂ ਅਜਿਹੀ ਹਦੀਸ ਨੂੰ ਸੁੱਟ ਦਿਓ ਕਿ ਉਹ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਵੱਲੋਂ ਨਹੀਂ ਹੈ । ਪਰ ਜੇਕਰ ਕੋਈ ਹਦੀਸ ਨਿਰਬਲ ਹੈ ਪਰ ਕੁਰਆਨ ਕਰੀਮ ਨਾਲ ਸਮਾਨਤਾ ਰਖੱਦੀ ਹੈ ਤਾਂ ਉਸ ਹਦੀਸ ਨੂੰ ਪਰਵਾਨ ਕਰ ਲਓ ਕਿਉਂਕਿ ਕੁਰਆਨ ਉਸਦਾ ਪ੍ਰਮਾਣਕ ਹੈ ਅਤੇ ਜੇਕਰ ਕੋਈ ਅਜਿਹੀ ਹਦੀਸ ਹੈ ਜੋ ਕਿਸੇ ਭਵਿੱਖਬਾਣੀ ਉਪੱਰ ਅਧਾਰਤ ਹੈ ਪਰੰਤੂ ਹਦੀਸਾਂ ਇਕਤੱਰ ਕਰਨ ਵਾਲਿਆਂ ਨੇੜੇ ਉਹ ਨਿਰਬਲ ਹੈ ਅਤੇ ਤੁਹਾਡੇ ਜ਼ਮਾਨੇ ਵਿੱਚ ਜਾਂ ਇਸ ਤੋਂ ਪਹਿਲਾਂ ਇਸ ਹਦੀਸ ਦੀ ਪੇਸ਼ਗੋਈ ਸੱਚੀ ਨਿਕਲੀ ਹੈ ਤਾਂ ਇਸ ਹਦੀਸ ਨੂੰ ਸਚੱਾ ਸਮਝੋ ਅਤੇ ਅਜਿਹੇ ਮੁਹੱਦਿਸਾਂ (ਹਦੀਸਾਂ ਇਕੱਤਰ ਕਰਨ ਵਾਲੇ) ਤੇ ਰਾਵੀਆਂ (ਰਿਵਾਇਤਾਂ ਵਰਨਣ ਕਰਨ ਵਾਲਿਆਂ) ਨੂੰ ਦੋਖੀ ਤੇ ਝੂਠਾ ਜਾਣੋ, ਜਿੰਨ੍ਹਾ ਨੇ ਇਸ ਹਦੀਸ ਨੂੰ ਨਿਰਬਲ ਤੇ ਅਡੱਰਾ ਕਰਾਰ ਦਿਤੱਾ ਹੋਵੇ, ਅਜਿਹੀਆਂ ਹਦੀਸਾਂ ਸੈਂਕੜਿਆਂ ਹਨ ਜਿੰਨ੍ਹਾ ਵਿੱਚ ਭਵਿੱਖਬਾਣੀਆਂ ਹਨ ਅਤੇ ਅਧਿਕਤਰ ਉਹਨਾ ਵਿੱਚੋਂ ਮੁਹੱਦਿਸਾਂ ਨੇੜੇ ਖਿੰਡੀਆਂ ਪੁੰਡੀਆਂ ਜਾਂ ਅਡੱਰੀਆਂ ਜਾਂ ਨਿਰਬਲ ਹਨ । ਸੋ, ਜੇਕਰ ਕੋਈ ਹਦੀਸ ਉਹਨਾ ਵਿੱਚੋਂ ਪੂਰੀ ਹੋ ਜਾਏ ਅਤੇ ਤੁਸੀਂ ਇਹ ਕਹਿ ਕੇ ਟਾਲ ਦਿਓ ਕਿ ਅਸੀਂ ਇਸ ਨੂੰ ਨਹੀਂ ਮਨ੍ਹਦੇ ਕਿਉਕਿ ਇਹ ਹਦੀਸ ਕਮਜ਼ੋਰ ਹੈ ਜਾਂ ਕੋਈ ਰਾਵੀ ਇਸ ਦਾ ਸਤੱਵਾਦੀ ਨਹੀਂ ਹੈ । ਅਜਿਹੀ ਅਵਸਥਾ ਵਿੱਚ ਤੁਹਾਡੀ ਆਪਣੀ ਬੇ ਈਮਾਨੀ ਹੋਵੇਗੀ ਕਿ ਅਜਿਹੀ ਹਦੀਸ ਨੂੰ ਰੱਦ ਕਰ ਦਿਓ, ਜਿਸ ਦਾ ਸਚੱਾ ਹੋਣਾ ਰੱਬ ਨੇ ਪ੍ਰਕਟ ਕਰ ਦਿਤੱਾ । ਵਿਚਾਰ ਕਰੋ ਕਿ ਜੇਕਰ ਅਜਿਹੀ ਹਦੀਸ ਹਜ਼ਾਰ ਹੋਵੇ ਅਤੇ ਮੁਹੱਦਿਸਾਂ ਨੇੜੇ ਕਮਜ਼ੋਰ ਹੋਵੇ ਅਤੇ ਹਜ਼ਾਰ ਭਵਿੱਖਬਾਣੀ ਉਸ ਦੀ ਸੱਚੀ ਨਿਕਲੇ ਤਾਂ ਕੀ ਤੁਸੀਂ ਉਹਨਾ ਹਦੀਸਾਂ ਨੂੰ ਕਮਜ਼ੋਰ ਕਹਿਕੇ ਇਸਲਾਮ ਦੇ

ਹਜ਼ਾਰ ਪ੍ਰਮਾਣ ਨਸ਼ਟ ਕਰ ਦਿਓਗੇ । ਸੋ, ਅਜਿਹੀ ਅਵਸਥਾ ਵਿੱਚ ਤੁਸੀਂ ਇਸਲਾਮ ਦੇ ਦੁਸ਼ਮਣ ਠਹਿਰੋਗੇ ਅਤੇ ਰੱਬ ਫ਼ਰਮਾਉਂਦਾ ਹੈ ।

فَلَا يُظۡهِرُ عَلٰى غَيۡبِهٖۤ أَحَدًا 0 إِلَّا مَنِ ارۡتَضٰى مِنۡ رَّسُوۡلٍ۔ (الجن 27-28)

ਫ਼ਲਾ ਯੁਜ਼ਹਿਰੁ ਅਲਾ ਗ਼ੈਬਿਹਿ ਆਹਾਦਾ 0 ਇਲੱਾ ਮਨਿਰਤਜ਼ਾ ਮਿਨ ਰਸੂਲਿਨ (ਜਿੰਨ 27–28)

ਸੋ, ਸੱਚੀ ਪੇਸ਼ਗੋਈ ਸਿਵਾਏ ਸੱਚੇ ਰਸੂਲ ਦੇ ਕੀਹਦੇ ਵੱਲ ਮਿੱਥੀ ਜਾ ਸਕਦੀ ਹੈ, ਕੀ ਅਜਿਹੇ ਮੌਕੇ'ਤੇ ਇਹ ਕਹਿਣਾ ਉਚਿਤ ਇਮਾਨਦਾਰੀ ਨਹੀਂ ਹੈ ਕਿ ਸਹੀ ਹਦੀਸ ਨੂੰ ਨਿਰਬਲ ਕਹਿਣ ਵਿੱਚ ਕਿਸੇ ਮੁਹੱਦਿਸ ਨੇ ਗ਼ਲਤੀ ਖਾਧੀ, ਜਾਂ ਇਹ ਕਹਿਣਾ ਉਚਿਤ ਹੈ ਕਿ ਝੂਠੀ ਹਦੀਸ ਨੂੰ ਸਚੱਾ ਕਰਕੇ ਰੱਬ ਨੇ ਗ਼ਲਤੀ ਖਾਧੀ । ਅਤੇ ਜੇਕਰ ਇਕ ਹਦੀਸ ਕਮਜ਼ੋਰ ਦਰਜੇ ਦੀ ਵੀ ਹੋਵੇ ਪਰੰਤੂ ਉਹ ਕੁਰਆਨ ਅਤੇ ਸੁਨੱਤ ਅਤੇ ਅਜਿਹੀਆਂ ਹਦੀਸਾਂ ਦੇ ਵਿਰੁਧ ਨਹੀਂ ਜੋ ਕੁਰਆਨ ਸ਼ਰੀਫ਼ ਅਨੁਸਾਰ ਹਨ ਤਾਂ ਉਸ ਹਦੀਸ'ਤੇ ਅਮਲ ਕਰੋ, ਪਰ ਬਹੁਤ ਸਾਵਧਾਨੀ ਨਾਲ ਹਦੀਸਾਂ ਉਪੱਰ ਅਮਲ ਕਰਨਾ ਚਾਹੀਦਾ ਹੈ ਕਿਉਂਕਿ ਬਹੁਤ ਸਾਰੀਆਂ ਹਦੀਸਾਂ ਅੱਡ ਕੀਤੀਆਂ ਹੋਈਆਂ ਵੀ ਹਨ ਜਿੰਨ੍ਹਾ ਨੇ ਇਸਲਾਮ ਵਿੱਚ ਫ਼ਿਤਨਾ ਤੇ ਉਪੱਦਰ ਮਚਾਇਆ ਹੋਇਆ ਹੈ । ਹਰ ਇਕ ਫ਼ਿਰਕਾ ਆਪਣੇ ਅਕੀਦੇ ਅਨੁਸਾਰ ਹਦੀਸਾਂ ਰਖੱਦਾ ਹੈ। ਇੱਥੋਂ ਤੱਕ ਕਿ ਨਮਾਜ਼ ਜਿਹੀ ਯਕੀਨੀ ਤੇ ਨਿਰੰਤਰ ਕਰਤਵ ਨੂੰ ਹਦੀਸਾਂ ਦੇ ਮਤਿਭੇਦ ਨੇ ਵੱਖ ਵੱਖ ਸ਼ਕਲਾਂ ਵਿੱਚ ਕਰ ਦਿਤੱਾ ਹੈ ਕੋਈ ਆਮੀਨ ਉੱਚੀ ਅਵਾਜ਼ ਵਿੱਚ ਕਹਿੰਦਾ ਹੈ ਤੇ ਕੋਈ ਚੁੱਪ ਰਹਿ ਕੇ । ਕੋਈ ਇਮਾਮ ਪਿੱਛੇ ਫ਼ਾਤਿਹਾ ਪੜ੍ਹਦਾ ਹੈ ਕੋਈ ਇਸ ਪੜ੍ਹਨ ਨੂੰ ਦੋਖੀ ਜਾਣਦਾ ਹੈ, ਕੋਈ ਹਿੱਕ ਉਪੱਰ ਹੱਥ ਬਨ੍ਹਦਾ ਹੈ, ਕੋਈ ਧੁੰਨੀ ਉਪੱਰ ਹੱਥ ਬਨ੍ਹਦਾ ਹੈ । ਇਹਨਾ ਮਤਿਭੇਦ ਦਾ ਮੂਲ ਕਾਰਣ ਹਦੀਸਾਂ ਹੀ ਹਨ। (54 المؤمنون) كُلُّ حِزۡبٍۭ بِمَا لَدَيۡهِمۡ فَرِحُوۡنَ۔ (ਕੁਲੁੱ ਹਿਜ਼ਬਿੰ ਬਿਮਾ ਲਦੈਹਿਮ ਫ਼ਰਿਹੂਨ, (ਮੋਮਿਨੂਨ 54) ਵਰਨਾ ਸੁਨੱਤ ਨੇ ਤਾਂ ਇਕ ਹੀ ਤਰੀਕਾ ਦੱਸਿਆ ਸੀ ਫਿਰ ਰਿਵਾਇਤਾਂ ਦੇ ਦਖ਼ਲੇ ਨੇ ਇਸ ਤਰੀਕੇ ਨੂੰ ਹਰਕਤ ਦੇ ਦਿੱਤੀ । ਇਸੇ ਪ੍ਰਕਾਰ ਹਦੀਸਾਂ ਦੀਆਂ ਗ਼ਲਤ ਫ਼ਹਿਮੀਆਂ ਨੇ ਕਈ ਲੋਕਾਂ ਨੂੰ ਹਲਾਕ ਕਰ ਦਿਤੱਾ । ਸ਼ੀਆ ਵੀ ਇਸੇ ਕਰਕੇ ਹਲਾਕ ਹੋਏ ਜੇਕਰ ਕੁਰਆਨ ਕਰੀਮ ਨੂੰ ਆਪਣਾ ਹਕਮ

(ਨਿਆਂਕਾਰ) ਠਹਿਰਾਉਂਦੇ ਤਾਂ ਇਕ ਸੂਰਤ ਨੂਰ ਹੀ ਉਹਨਾਂ ਨੂੰ ਨੂਰ ਬਖ਼ਸ਼ ਸਕਦੀ ਸੀ, ਪਰ ਹਦੀਸਾਂ ਨੇ ਉਹਨਾਂ ਨੂੰ ਹਲਾਕ ਕਰ ਦਿਤੱਾ । ਇਸੇ ਪ੍ਰਕਾਰ ਹਜ਼ਰਤ ਮਸੀਹ (ਈਸਾ ਅਲੈਹਿ ਸਲਾਮ) ਦੇ ਸਮੇਂ ਉਹ ਯਹੂਦੀ ਹਲਾਕ ਹੋ ਗਏ[18] ਜੋ ਅਹਿਲੇ ਹਦੀਸ (ਹਦੀਸਾਂ ਉਪੱਰ ਵਿਸ਼ਵਾਸ ਰਖੱਣ ਵਾਲੇ) ਅਖਵਾਉਂਦੇ ਸਨ । ਕੁਝ ਸਮੇਂ ਤੋਂ ਉਹਨਾਂ ਲੋਕਾਂ ਨੇ ਤੌਰਾਤ ਨੂੰ ਛੱਡ ਦਿਤੱਾ ਸੀ ਅਤੇ ਜਿਵੇਂ ਕਿ ਅੱਜ ਤੱਕ ਉਹਨਾ ਦਾ ਅਕੀਦਾ ਹੈ ਕਿ ਉਹਨਾ ਦਾ ਇਹ ਧਰਮ ਸੀ ਕਿ ਹਦੀਸ ਤੌਰਾਤ ਉਪੱਰ ਕਾਜ਼ੀ (ਨਿਆਂਕਾਰ) ਹੈ । ਸੋ, ਉਹਨਾ ਵਿੱਚ ਅਜਿਹੀਆਂ ਹਦੀਸਾਂ ਬਹੁਤ ਸਨ ਕਿ ਜੱਦ ਤੱਕ ਏਲੀਆ ਦੁਬਾਰਾ ਅਕਾਸ਼ ਤੋਂ ਆਪਣੇ ਸ਼ਰੀਰਕ ਵੁਜੂਦ ਦੇ ਨਾਲ ਨਾਜ਼ਲ ਨ ਹੋਵੇ ਤੱਦ ਤੱਕ ਉਹਨਾ ਦਾ ਮਸੀਹ ਮੌਊਦ ਨਹੀਂ ਆਏਗਾ । ਇਹਨਾ ਹਦੀਸਾਂ ਨੇ ਉਹਨਾ ਨੂੰ ਅਤਿਅੰਤ ਠੋਕਰ ਵਿੱਚ ਪਾ ਦਿਤੱਾ ਅਤੇ ਉਹ ਲੋਕ ਇਹਨਾ ਹਦੀਸਾਂ ਨੂੰ ਆਸਣ (ਸਰਾਹਣਾ) ਲਾਈ ਬੈਠੇ ਹੋਣ ਕਰਕੇ ਹਜ਼ਰਤ ਮਸੀਹ ਦੀ ਪੈਰ੍ਹਵੀ ਨੂੰ ਪ੍ਰਵਾਨ ਨ ਕਰ ਸਕੇ ਕਿ ਇਲਯਾਸ ਤੋਂ ਭਾਵ ਯੂਹਨੱਾ ਅਰਥਾਤ ਯਹਯਾ ਨਬੀ ਹੈ ਜੋ ਇਲਯਾਸ ਦੀ ਰੂਪਰੇਖਾ ਤੇ ਸੁਭਾਉ ਉਪੱਰ ਆਇਆ ਹੈ ਅਤੇ ਪ੍ਰਤੀਬਿੰਬਤ ਰੂਪ ਵਿੱਚ ਉਸਦਾ ਸੁਰੂਪ ਧਾਰ ਲਿਆ ਹੈ । ਸਾਰੀ ਠੋਕਰ ਉਹਨਾ ਨੂੰ ਹਦੀਸਾਂ ਦੇ ਸਬਬ ਸਨ ਜੋ ਅੰਤ ਨੂੰ ਉਹਨਾ ਦੀ ਨਿਰਾਸਤਾ ਬੇ ਈਮਾਨੀ ਦਾ ਸਬਬ ਬਣੀ ਅਤੇ ਸੰਭਵ ਹੈ ਕਿ ਉਹ ਲੋਕ ਇਹਨਾ ਹਦੀਸਾਂ ਦੇ ਅਰਥਾਂ ਵਿੱਚ ਵੀ ਗ਼ਲਤੀ ਕਰਦੇ ਹੋਣ ਜਾਂ ਹਦੀਸਾਂ ਵਿੱਚ ਕੁਝ ਮਨੁੱਖੀ ਸ਼ਬਦ ਰਲ ਗਏ ਹੋਣ । ਭਾਵੇਂ, ਹੋ ਸਕਦਾ ਹੈ ਮੁਸਲਮਾਨਾ ਨੂੰ ਇਸ ਘਟਨਾ ਦੀ ਖ਼ਬਰ ਨਹੀਂ ਹੋਵੇਗੀ ਕਿ

---

[18] ਇੰਜੀਲ ਵਿੱਚ ਅਤਿਅੰਤ ਕਰੜੀ ਵਿਰੋਧਤਾ ਉਹਨਾ ਵਿਚਾਰਾਂ ਦੀ ਕੀਤੀ ਗਈ ਸੀ ਜੋ ਕਿ ਤਾਲਮੂਦ ਦੀਆਂ ਹਦੀਸਾਂ ਅਤੇ ਰਿਵਾਇਤਾਂ ਵਿੱਚ ਜ਼ਾਹਰ ਕੀਤੇ ਗਏ ਸਨ । ਇਹ ਹਦੀਸਾਂ ਸੀਨਾ ਬ ਸੀਨਾ ਹਜ਼ਰਤ ਮੂਸਾਂ ਤੱਕ ਪਹੁੰਚਾਈਆਂ ਜਾਂਦੀਆਂ ਸਨ ਅਤੇ ਕਿਹਾ ਜਾਂਦਾ ਸੀ ਕਿ ਇਹ ਹਜ਼ਰਤ ਮੂਸਾ ਦੇ ਇਲਹਾਮ ਹਨ । ਅਖ਼ੀਰ ਇਹ ਹਾਲ ਹੋ ਗਿਆ ਸੀ ਕਿ ਤੌਰਾਤ ਛਡੱਕੇ ਹਰ ਸਮੇਂ ਹਦੀਸਾਂ ਦੇ ਪੜ੍ਹਨ ਉਪੱਰ ਲਾਇਆ ਜਾਂਦਾ ਸੀ । ਕਈ ਕੰਮਾ ਵਿੱਚ ਤਾਲਮੂਦ ਤੌਰਾਤ ਦੇ ਵਿਪਰੀਤ ਹੈ । ਤਾਂ ਵੀ ਯਹੂਦੀ ਤਾਲਮੂਦ ਦੀ ਗੱਲ'ਤੇ ਅਮਲ ਕਰਦੇ ਸਨ । ਤਾਲਮੂਦ ਲੇਖਕ ਯੂਸੁਫ਼ ਬਾਰਕਲੀ, ਛਾਪਾ ਲੰਦਨ 1878 ਈ.

ਯਹੂਦੀਆਂ ਵਿੱਚੋਂ ਹਜ਼ਰਤ ਮਸੀਹ ਦੇ ਇਨਕਾਰੀ ਅਹਿਲੇ ਹਦੀਸ ਹੀ ਸਨ । ਉਹਨਾ ਨੇ ਇਹਨਾ'ਤੇ ਰੌਲ੍ਹਾ ਪਾਇਆ ਅਤੇ ਕੁਫ਼ਰ ਦੇ ਫ਼ਤਵੇ ਲਾਏ ਅਤੇ ਇਹਨਾਂ ਨੰ ਕਾਫ਼ਰ ਕਿਹਾ ਅਤੇ ਕਿਹਾ ਕਿ ਇਹ ਵਿਅਕਤੀ ਰੱਬ ਦੀ ਕਿਤਾਬਾਂ ਨੂੰ ਮਨ੍ਹਦਾ ਨਹੀਂ, ਰੱਬ ਨੇ ਇਲਯਾਸ ਦੇ ਦੁਬਾਰਾ ਆਉਣ ਦੀ ਖ਼ਬਰ ਦਿੱਤੀ ਅਤੇ ਇਹ ਇਸ ਪੇਸ਼ਗੋਈ ਦੀ ਤਾਵੀਲਾਂ (ਕਲਪਨਾਵਾਂ) ਕਢੱਦਾ ਹੈ ਅਤੇ ਬਿਨਾ ਕਿਸੇ ਪ੍ਰਮਾਣਕਤਾ ਦੇ ਇਹਨਾ ਖ਼ਬਰਾਂ ਨੂੰ ਆਪਣੇ ਵੱਲ ਖਿਚੱਕੇ ਲੈ ਜਾਂਦਾ ਹੈ[19] ਅਤੇ ਹਜ਼ਰਤ ਮਸੀਹ ਦਾ ਨਾਂ ਉਹਨਾ ਨੇ ਨ ਕੇਵਲ ਕਾਫ਼ਰ ਹੀ ਨਹੀਂ ਸਗੋਂ ਅਧਰਮੀ ਵੀ ਰੱਖਿਆ ਅਤੇ ਕਿਹਾ ਕਿ ਜੇਕਰ ਇਹ ਵਿਅਕਤੀ ਸਚੱਾ ਹੈ ਤਾਂ ਫਿਰ ਮੂਸਵੀ ਧਰਮ ਝੂਠਾ ਹੈ । ਇਹ ਉਹਨਾ ਲਈ ਨੈਤਿਕ ਉਥੱਲ ਪੁਥੱਲ ਦਾ ਸਮਾਂ ਸੀ । ਝੂਠੀਆਂ ਹਦੀਸਾਂ ਨੇ ਉਹਨਾਂ ਨੂੰ ਧੋਖਾ ਦਿੱਤਾ । ਭਾਵ ਹਦੀਸਾਂ ਨੂੰ ਪੜ੍ਹਨ ਸਮੇਂ

---

[19] ਜਿਸ ਸਮੇਂ ਹਜ਼ਰਤ ਈਸਾ ਅਲੈਹਿ ਸਲਾਮ'ਤੇ ਕੁਫ਼ਰ ਦਾ ਫ਼ਤਵਾ ਲਿੱਖਿਆ ਗਿਆ ਉਸ ਸਮੇਂ ਉਹ ਪੋਲੂਸ ਵੀ ਇਨਕਾਰੀਆਂ ਦੀ ਜਮਾਤ ਵਿੱਚ ਸ਼ਾਮਲ ਸੀ, ਜਿਸਨੇ ਬਾਦ ਵਿੱਚ ਆਪਣੇ ਆਪ ਨੂੰ ਰਸੂਲੇ ਮਸੀਹ ਦੇ ਸ਼ਬਦਾ ਨਾਲ ਪ੍ਰਸਿੱਧ ਕੀਤਾ, ਇਹ ਵਿਅਕਤੀ ਹਜ਼ਰਤ ਮਸੀਹ ਦੇ ਜੀਵਨ ਕਾਲ ਵਿੱਚ ਆਪਦਾ ਕਰੜਾ ਵਿਰੋਧੀ ਸੀ । ਹਜ਼ਰਤ ਮਸੀਹ ਅਲੈਹਿ ਸਲਾਮ ਦੇ ਨਾਂ'ਤੇ ਜਿੰਨ੍ਹੀਆਂ ਵੀ ਇੰਜੀਲਾਂ ਲਿੱਖੀਆਂ ਗਈਆਂ ਹਨ, ਉਹਨਾਂ ਵਿੱਚੋਂ ਇਕ ਵਿੱਚ ਵੀ ਇਹ ਭਵਿੱਖਬਾਣੀ ਨਹੀਂ ਹੈ ਕਿ ਮੇਰੇ ਬਾਦ ਪੋਲੂਸ ਤੌਬਾ ਕਰਕੇ ਰਸੂਲ ਬਣ ਜਾਏਗਾ । ਇਸ ਵਿਕਅਤੀ ਦੇ ਬੀਤੇ ਚਾਲ ਚਲਨ ਬਾਰੇ ਸਾਨੂੰ ਕੁਝ ਵੀ ਲਿਖੱਣ ਦੀ ਲੋੜ ਨਹੀਂ ਕਿ ਈਸਾਈ ਚੰਗੀ ਜਰ੍ਹਾਂ ਜਾਣਦੇ ਹਨ । ਦੁੱਖ ਦੀ ਗੱਲ ਹੈ ਕਿ ਇਹ ਉਹੋ ਵਿਅਕਤੀ ਹੈ ਜਿਸਨੇ ਹਜ਼ਰਤ ਮਸੀਹ ਨੂੰ ਜੱਦ ਤੱਕ ਉਹ ਇਸ ਦੇਸ਼ ਵਿੱਚ ਰਹੇ ਬਹੁਤ ਦੁੱਖ ਦਿਤੱਾ ਸੀ ਅਤੇ ਜੱਦ ਉਹ ਸਲੀਬ ਤੋਂ ਮੁਕਤੀ ਪ੍ਰਾਪਤ ਕਰਕੇ ਕਸ਼ਮੀਰ ਵੱਲ ਚਲੇ ਗਏ ਤਾਂ ਇਸ ਨੇ ਇਕ ਝੂਠੇ ਸੁਪਨੇ ਰਾਹੀਂ ਹਵਾਰੀਆਂ ਵਿੱਚ ਆਪਣੇ ਆਪ ਨੂੰ ਦਾਖ਼ਲ ਕੀਤਾ ਅਤੇ 'ਤਸਲੀਸ' (ਰੱਬ ਦੇ ਤਿੰਨ ਰੂਪ) ਦਾ ਮਸਲਾ ਘੜਿਆ ਅਤੇ ਇਸਾਈਆਂ ਵਿੱਚ ਸੂਰ ਨੂੰ ਜੋ ਤੌਰਾਤ ਦੇ ਪੱਖੋ ਅਰੰਭ ਤੋਂ ਹਰਾਮ ਸੀ ਹਲਾਲ ਕਰ ਦਿਤੱਾ ਅਤੇ ਸ਼ਰਾਬ ਨੂੰ ਬਹੁਤ ਮਹਤੱਾ ਦਿੱਤੀ ਅਤੇ ਇੰਜੀਲ ਦੇ ਅਕੀਦਿਆਂ ਵਿੱਚ ਤਸਲੀਸ ਨੂੰ ਦਾਖ਼ਲ ਕੀਤਾ ਤਾਂ ਜੋ ਇਹਨਾ ਬਿਦੱਤਾਂ ਨਾਲ ਯੂਨਾਨੀ ਬੁੱਤ ਪ੍ਰਸਤ ਖ਼ੁਸ਼ ਹੋ ਜਾਣ । ਲੇਖਕ ।

ਇਹ ਵਿਚਾਰ ਕਰ ਲੈਂਣਾ ਚਾਹੀਦਾ ਹੈ ਕਿ ਇਕ ਕੌਮ ਇਸ ਤੋਂ ਪਹਿਲਾਂ ਹਦੀਸਾਂ ਨੂੰ ਤੋਰਾਤ ਉਪੱਰ ਕਾਜ਼ੀ ਮਿਥੱਕੇ ਇਸ ਹਾਲਤ ਨੂੰ ਪਹੁੰਚ ਚੁਕੀ ਹੈ ਕਿ ਇਕ ਸੱਚੇ ਨਬੀ ਨੂੰ ਉਹਨਾ ਨੇ ਕਾਫ਼ਰ ਤੇ ਦਜੱਾਲ ਕਿਹਾ ਅਤੇ ਉਸਦਾ ਇਨਕਾਰ ਕਰ ਦਿੱਤਾ। ਹਾਂ, ਫਿਰ ਵੀ ਮੁਸਲਮਾਨਾ ਲਈ ਸਹੀ ਬੁਖ਼ਾਰੀ ਸ਼ਰੀਫ਼ ਇਕ ਅਤਿਅੰਤ ਪਵਿਤੱਰ ਤੇ ਲਾਹੇਵੰਦ ਕਿਤਾਬ ਹੈ, ਇਹ ਉਹੋ ਕਿਤਾਬ ਹੈ ਜਿਸ ਵਿੱਚ ਸਾਫ਼ ਸਾਫ਼ ਲਿੱਖਿਆ ਹੈ ਕਿ ਹਜ਼ਰਤ ਮਸੀਹ ਈਸਾ ਅਲੈਹਿ ਸਲਾਮ ਵਫ਼ਾਤ ਪਾ ਗਏ ਹਨ । ਅਜਿਹਾ ਹੀ ਮੁਸਲਿਮ ਅਤੇ ਹੋਰਨਾ ਹਦੀਸਾਂ ਦੀਆਂ ਕਿਤਾਬਾਂ ਵੀ ਬਹੁਤ ਸਾਰੇ ਮੁਆਰਫ਼ ਤੇ ਮਸਲਿਆਂ ਦਾ ਭੰਡਾਰ ਆਪਣੇ ਅੰਦਰ ਰਖੱਦੀਆਂ ਹਨ ਅਤੇ ਇਸ ਸਾਵਧਾਨੀ ਨਾਲ ਇਹਨਾ ਉਪੱਰ ਅਮਲ ਵਾਜਬ ਹੈ ਕਿ ਕੋਈ ਅਜਿਹਾ ਵਿਸ਼ਾ ਨ ਹੋਵੇ ਜੋ ਕੁਰਆਨ ਤੇ ਸੁਨੱਤ ਅਤੇ ਉਹਨਾ ਹਦੀਸਾਂ ਦੇ ਵਿਰੁਧ ਨ ਹੋਵੇ ਜੋ ਕੁਰਆਨ ਅਨੁਸਾਰ ਹਨ ।

ਹੇ, ਰੱਬ ਦੇ ਚਾਹਵਾਨ ਬੰਦਿਓ ! ਕੰਨ੍ਹ ਖੋਲਕੇ ਸੁਣ ਲਓ ਕਿ ਯਕੀਨ ਜਿਹੀ ਕੋਈ ਚੀਜ਼ ਨਹੀਂ ਹੈ ਜੋ ਪਾਪ ਤੋਂ ਛੁਡਾਉਂਦਾ ਹੈ । ਯਕੀਨ ਹੀ ਹੈ ਜੋ ਨੇਕੀ ਕਰਨ ਦੀ ਸ਼ਕਤੀ ਦਿੰਦਾ ਹੈ, ਯਕੀਨ ਹੀ ਹੈ ਜੋ ਰੱਬ ਦਾ ਸਚੱਾ ਪ੍ਰੇਮੀ ਬਣਾਉਦਾ ਹੈ । ਕੀ ਤੁਸੀਂ ਪਾਪ ਨੂੰ ਬਿਨਾ ਯਕੀਨ ਦੇ ਛੱਡ ਸਕਦੇ ਹੋ । ਕੀ ਤੁਸੀਂ ਮਨ ਦੀਆਂ ਭਾਵਨਾਵਾਂ ਤੋਂ ਬਿਨਾ ਯਕੀਨੀ ਨੂਰ ਦੇ ਰੁੱਕ ਸਕਦੇ ਹੋ । ਕੀ ਤੁਸੀਂ ਬਿਨਾ ਯਕੀਨ ਦੇ ਕੋਈ ਤਸੱਲੀ ਪ੍ਰਾਪਤ ਕਰ ਸਕਦੇ ਹੋ । ਕੀ ਤੁਸੀਂ ਬਿਨਾ ਯਕੀਨ ਦੇ ਕੋਈ ਸੱਚੀ ਤਬਦੀਲੀ ਆਪਣੇ ਅੰਦਰ ਪੈਦਾ ਕਰ ਸਕਦੇ ਹੋ । ਕੀ ਤੁਸੀਂ ਬਿਨਾ ਯਕੀਨ ਦੇ ਕੋਈ ਸੱਚੀ ਖ਼ੁਸ਼ੀ ਹਾਸਲ ਕਰ ਸਕਦੇ ਹੋ । ਕੀ ਅਕਾਸ਼ ਹੇਠ ਕੋਈ ਅਜਿਹਾ ਕਫ਼ਾਰਾ ਅਤੇ ਅਜਿਹਾ ਪਸ਼ਚਾਤਾਪ ਹੈ, ਜੋ ਤੁਹਾਡੇ ਕੋਲੋਂ ਪਾਪ ਛੁਡਾ ਸਕੇ । ਕੀ ਮਰਯੱਮ ਦਾ ਪੁਤੱਰ ਈਸਾ ਅਜਿਹਾ ਹੈ ਕਿ ਉਸਦਾ ਬਣਾਉਟੀ ਰਕਤ ਪਾਪ ਤੋਂ ਛੁਡਾਏਗਾ । ਹੇ, ਇਸਾਈਓ ! ਅਜਿਹਾ ਝੂਠ ਨਾ ਬੋਲੋ । ਜਿਸ ਤੋਂ ਧਰਤੀ ਦੇ ਟੋਟੇ ਟੋਟੇ ਹੋ ਜਾਣ । ਯਿਸੂ ਆਪ ਆਪਣੀ ਮੁਕਤੀ ਲਈ ਯਕੀਨ ਦਾ ਮੁਥਾਜ ਸੀ ਅਤੇ ਉਸ ਨੇ ਯਕੀਨ ਕੀਤਾ ਤੇ ਮੁਕਤੀ ਪਾਈ । ਅਫ਼ਸੋਸ ਹੈ ਉਹਨਾ

ਇਸਾਈਆਂ ਉਪੱਰ ਜੋ ਇਹ ਕਹਿ ਕੇ ਮਖ਼ਲੂਕ ਨੂੰ ਧੋਖ਼ਾ ਦਿੰਦੇ ਹਨ ਕਿ ਅਸੀਂ ਮਸੀਹ ਦੇ ਖ਼ੂਨ ਤੋਂ ਮੁਕਤੀ ਪਾਈ ਹੈ ਹਾਲਾਂਕਿ ਉਹ ਸਿਰ ਤੋਂ ਪੈਰ੍ਹਾਂ ਤੀਕ ਪਾਪ ਵਿੱਚ ਗੁੜ੍ਹੂੰਦ ਹਨ, ਉਹ ਨਹੀਂ ਜਾਣਦੇ ਕਿ ਉਹਨਾ ਦਾ ਰੱਬ ਕੌਣ ਹੈ, ਸਗੋਂ ਜੀਵਨ ਤਾਂ ਗ਼ਫ਼ਲਤਾਂ ਨਾਲ ਭਰਪੂਰ ਹੈ, ਸ਼ਰਾਬ ਦੀ ਮਸਤੀ ਉਹਨਾ ਦੇ ਦਿਮਾਗ਼ ਵਿੱਚ ਹੈ, ਪਰ ਉਹ ਪਾਕ ਮਸਤੀ ਜੋ ਅਕਾਸ਼ ਤੋਂ ਉਤਰਦੀ ਹੈ, ਉਹ ਉਸ ਤੋਂ ਬੇਖ਼ਬਰ ਹਨ ਅਤੇ ਜੋ ਜੀਵਨ ਰੱਬ ਨਾਲ ਹੁੰਦਾ ਹੈ ਅਤੇ ਜੋ ਪਾਕ ਜੀਵਨ ਦੇ ਸਿੱਟੇ ਹੁੰਦੇ ਹਨ, ਉਹ ਉਸ ਤੋਂ ਬੇ ਨਸੀਬੇ ਹਨ । ਸੋ, ਤੁਸੀਂ ਚੇਤੇ ਰੱਖੋ ਕਿ ਬਿਨਾ ਭਰੋਸੇ ਦੇ ਤੁਸੀਂ ਅੰਧਕਾਰਮਈ ਜੀਵਨ ਵਿੱਚੋਂ ਬਾਹਰ ਨਹੀਂ ਆ ਸਕਦੇ ਅਤੇ ਨ ਹੀ ਤੁਹਾਨੂੰ ਰੂਹੁਲਕੁਦੁਸ ਮਿਲ ਸਕਦਾ ਹੈ । ਮੁਬਾਰਕ ਉਹ ਜੋ ਵਿਸ਼ਵਾਸ ਰਖੱਦੇ ਹਨ, ਕਿਉਂਕਿ ਉਹੋ ਹੀ ਰੱਬ ਨੂੰ ਦੇਖਣਗੇ । ਮੁਬਾਰਕ ਉਹ ਜੋ ਸ਼ੰਕਿਆ ਤੋਂ ਮੁਕਤੀ ਪਾ ਗਏ ਹਨ ਕਿਉਂਕਿ ਉਹੋ ਹੀ ਪਾਪਾਂ ਤੋਂ ਮੁਕਤੀ ਪ੍ਰਾਪਤ ਕਰਨਗੇ । ਤੁਸੀਂ ਮੁਬਾਰਕ ਹੋ, ਜੱਦ ਕਿ ਤੁਹਾਨੂੰ ਵਿਸ਼ਾਸ਼ ਦਾ ਧੰਨ ਦਿਤੱਾ ਜਾਏ ਕਿ ਇਸ ਦੇ ਬਾਦ ਤੁਹਾਡੇ ਪਾਪਾਂ ਦਾ ਅੰਤ ਹੋਵੇਗਾ। ਪਾਪ ਤੇ ਵਿਸ਼ਵਾਸ ਇਕ ਥਾਂ ਇਕਤੱਰ ਨਹੀਂ ਹੋ ਸਕਦੇ । ਕੀ ਤੁਸੀਂ ਅਜਿਹੀ ਰੁੱਡ ਵਿੱਚ ਹੱਥ ਪਾ ਸਕਦੇ ਹੋ ਜਿਸ ਵਿੱਚ ਜ਼ਹਿਰੀਲੇ ਸੱਪ ਨੂੰ ਦੇਖ ਰਹੇ ਹੋ, ਕੀ ਤੁਸੀਂ ਅਜਿਹੀ ਥਾਂ ਖੜੇ ਰਹਿ ਸਕਦੇ ਹੋ ਜਿਸ ਥਾਂ ਕਿਸੇ ਜਵਾਲਾਮੁਖੀ ਦੇ ਪਥੱਰ ਵਰ੍ਹਦੇ ਹੋਣ ਜਾਂ ਬਿਜਲੀ (ਅੰਗਿਆਰੇ) ਡਿਗੱਦੀ ਹੋਵੇ ਜਾਂ ਇਕ ਖ਼ੂੰਖਾਰ ਸ਼ੇਰ ਦੇ ਹਮਲਾ ਕਰਨ ਦੀ ਥਾਂ ਹੈ ਜਾਂ ਇਕ ਅਜਿਹੀ ਥਾਂ ਹੈ ਜਿੱਥੇ ਮਹਾਮਾਰੀ (ਤਾਊਨ ਜਾਂ ਪਲੇਗ) ਮਨੁੱਖੀ ਨਸਲ ਨੂੰ ਢਾਹ ਰਹੀ ਹੈ । ਫਿਰ ਜੇਕਰ ਤੁਹਾਨੂੰ ਰੱਬ ਉਪੱਰ ਅਜਿਹਾ ਹੀ ਵਿਸ਼ਵਾਸ ਹੈ ਜਿਵੇਂ ਕਿ ਸੱਪ'ਤੇ ਜਾਂ ਬਿਜਲੀ'ਤੇ ਜਾਂ ਸ਼ੇਰ'ਤੇ ਜਾਂ ਮਹਾਮਾਰੀ'ਤੇ ਤਾਂ ਫਿਰ ਸੰਭਵ ਨਹੀਂ ਕਿ ਇਸ ਦੇ ਟਾਕਰੇ'ਤੇ ਤੁਸੀਂ ਅਵਗਿਆ ਕਰਕੇ ਦੰਡ ਦਾ ਮਰਗ ਧਾਰਨ ਕਰ ਸਕੋ ਜਾਂ ਸਚੱਾਈ ਤੇ ਵਫ਼ਾਦਾਰੀ ਦਾ ਸੰਬੰਧ ਉਸ ਤੋਂ ਤੋੜ ਸਕੋ ।

ਹੇ ਉਹ ਲੋਕੋ, ਜੋ ਨੇਕੀ ਅਤੇ ਸੁਮਾਰਗ ਲਈ ਸੱਦੇ ਗਏ ਹੋ ਤੁਸੀਂ ਵਿਸ਼ਵਾਸ ਜਾਣੋ ਕਿ ਰੱਬ ਦੀ ਖਿੱਚ ਉਸ ਸਮੇਂ ਤੁਹਾਡੇ'ਚ ਪੈਦਾ ਹੋਵੇਗੀ ਅਤੇ ਉਸੇ

ਸਮੇਂ ਤੁਸੀਂ ਪਾਪ ਦੇ ਮਕਰੂਹ ਦਾਗ਼ ਤੋਂ ਪਾਕ ਕੀਤੇ ਜਾਓਗੇ, ਜੱਦਕਿ ਤੁਹਾਡਾ ਦਿਲ ਵਿਸ਼ਵਾਸ ਨਾਲ ਭਰ ਜਾਇਗਾ, ਸ਼ਾਇਦ ਤੁਸੀਂ ਕਹੋਗੇ ਕਿ ਸਾਨੂੰ ਵਿਸ਼ਵਾਸ ਹਾਸਲ ਹੈ । ਸੋ, ਚੇਤੇ ਰਹੇ ਕਿ ਇਹ ਤੁਹਾਨੂੰ ਧੋਖਾ ਲਗਾ ਹੋਇਆ ਹੈ, ਵਿਸ਼ਵਾਸ ਤੁਹਾਨੂੰ ਉਕੱਾ ਹੀ ਹਾਸਲ ਨਹੀਂ ਕਿਉਂਕਿ ਉਸ ਦੇ ਜ਼ਰੂਰੀ ਅੰਗ ਹਾਸਲ ਨਹੀਂ, ਕਾਰਣ ਇਹ ਹੈ ਕਿ ਤੁਸੀਂ ਪਾਪ ਤੋਂ ਨਹੀਂ ਮੁੜਦੇ, ਤੁਸੀਂ ਅਜਿਹੇ ਪੈਰ੍ਹ ਨਹੀਂ ਪੁਟੱਦੇ ਜੋ ਪੁਟੱਣੇ ਚਾਹੀਦੇ ਹਨ, ਤੁਸੀਂ ਇਸ ਪ੍ਰਕਾਰ ਨਹੀਂ ਡਰਦੇ ਜੋ ਡਰਨਾ ਚਾਹੀਦਾ ਹੈ, ਆਪ ਸੋਚ ਲਓ ਕਿ ਜਿਸ ਨੂੰ ਵਿਸ਼ਵਾਸ ਹੈ ਕਿ ਫ਼ਲਾਣੀ ਰੁੱਡ ਵਿੱਚ ਸੱਪ ਹੈ ਉਹ ਉਸ ਰੁੱਡ ਵਿੱਚ ਕਦੋਂ ਹੱਥ ਪਾਉਂਦਾ ਹੈ ਅਤੇ ਜਿਸ ਨੂੰ ਵਿਸ਼ਵਾਸ ਹੈ ਕਿ ਉਸ ਦੇ ਖਾਣੇ ਵਿੱਚ ਜ਼ਹਿਰ ਹੈ ਉਹ ਉਸ ਖਾਣੇ ਨੂੰ ਕਦੋਂ ਖਾਂਦਾ ਹੈ ਅਤੇ ਜੋ ਵਿਸ਼ਵਸਨੀ ਰੂਪ ਵਿੱਚ ਦੇਖ ਰਿਹਾ ਹੈ ਕਿ ਉਸ ਜੰਗਲ ਵਿੱਚ ਇਕ ਹਜ਼ਾਰ ਖੂੰਖਾਰ ਸ਼ੇਰ ਹੈ, ਉਸ ਦੇ ਪੈਰ੍ਹ ਕਿਵੇਂ ਅਸਾਵਧਾਨੀ ਤੇ ਗ਼ਫ਼ਲਤ ਨਾਲ ਉਸ ਜੰਗਲ ਵੱਲ ਵੱਧ ਸਕਦੇ ਹਨ । ਸੋ, ਤੁਹਾਡੇ ਹੱਥ ਅਤੇ ਤੁਹਾਡੇ ਪੈਰ੍ਹ ਅਤੇ ਤੁਹਾਡੇ ਕੰਨ੍ਹ ਅਤੇ ਤੁਹਾਡੀਆਂ ਅਖੱਾਂ ਕਿਵੇਂ ਪਾਪ ਲਈ ਦਲੇਰੀ ਕਰ ਸਕਦੀਆਂ ਹਨ ਜੇਕਰ ਤੁਹਾਨੂੰ ਰੱਬ ਅਤੇ ਪ੍ਰਤੀਫਲ ਤੇ ਦੰਡ (ਜਜ਼ਾ ਸਜ਼ਾ) ਉਪੱਰ ਵਿਸ਼ਵਾਸ ਹੈ । ਪਾਪ ਵਿਸ਼ਵਾਸ ਉਪੱਰ ਗ਼ਾਲਬ ਨਹੀਂ ਆ ਸਕਦਾ ਅਤੇ ਜੱਦਕਿ ਤੁਸੀਂ ਇਕ ਭਸਮ ਕਰਨ ਤੇ ਖਾ ਜਾਣ ਵਾਲੀ ਅੱਗ ਨੂੰ ਦੇਖ ਰਹੇ ਹੋ ਤਾਂ ਕਿਵੇਂ ਉਸ ਅੱਗ ਵਿੱਚ ਤੁਸੀਂ ਆਪਣੇ ਆਪ ਨੂੰ ਪਾ ਸਕਦੇ ਹੋ ਅਤੇ ਵਿਸ਼ਵਾਸ ਦੀਆਂ ਕੰਧਾ ਅਕਾਸ਼ ਤੱਕ ਹਨ, ਸ਼ੈਤਾਨ ਉਹਨਾ'ਤੇ ਨਹੀਂ ਚੜ੍ਹ ਸਕਦਾ । ਹਰ ਇਕ ਜੋ ਪਾਕ ਹੋਇਆ ਉਹ ਵਿਸ਼ਵਾਸ ਨਾਲ ਪਾਕ ਹੋਇਆ । ਵਿਸ਼ਵਾਸ ਦੁੱਖ ਝਲੱਣ ਦਾ ਬੱਲ ਦਿੰਦਾ ਹੈ, ਇੱਥੋਂ ਤੱਕ ਕਿ ਇਕ ਬਾਦਸ਼ਾਹ ਨੂੰ ਤਖ਼ਤ ਤੋਂ ਲਾਹੁੰਦਾ ਹੈ ਅਤੇ ਫ਼ਕੀਰੀ ਜਾਮਾ ਪੁਆ ਦਿੰਦਾ ਹੈ । ਵਿਸ਼ਵਾਸ ਹਰ ਇਕ ਦੁੱਖ ਨੂੰ ਸਰਲ ਕਰ ਦਿੰਦਾ ਹੈ, ਵਿਸ਼ਵਾਸ ਰੱਬ ਨੂੰ ਦਿਖਾਉਂਦਾ ਹੈ । ਹਰ ਇਕ ਕਫ਼ੱਾਰਾ (ਪ੍ਰਾਸ਼ਚਿਤ) ਝੂਠਾ ਹੈ, ਹਰ ਇਕ ਦਾਨ ਝੂਠ ਹੈ । ਹਰ ਇਕ ਪਵਿਤੱਰਤਾ ਵਿਸ਼ਵਾਸ ਦੇ ਮਾਰਗ ਰਾਹੀਂ ਆਉਂਦੀ ਹੈ, ਉਹ ਚੀਜ਼ ਜੋ ਪਾਪ ਤੋਂ ਛੁਡਾਉਂਦੀ ਹੈ ਅਤੇ ਰੱਬ ਤੱਕ ਪਹੁੰਚਾਉਂਦੀ ਹੈ ਅਤੇ

ਫ਼ਰਿਸ਼ਤਿਆਂ ਤੋਂ ਵੀ ਸਚੱਾਈ ਤੇ ਸਾਬਤ ਕਦਮੀ ਵਿੱਚ ਅੱਗੇ ਵਧਾ ਦਿੰਦੀ ਹੈ ਉਹ ਵਿਸ਼ਵਾਸ ਹੈ । ਹਰ ਇਕ ਧਰਮ ਜੋ ਵਿਸ਼ਵਾਸ ਦਾ ਸਾਧਨ ਪੇਸ਼ ਨਹੀਂ ਕਰਦਾ ਉਹ ਝੂਠਾ ਹੈ, ਹਰ ਇਕ ਧਰਮ ਜੋ ਵਿਸ਼ਵਸਨੀ ਵਸੀਲਿਆਂ ਰਾਹੀਂ ਰੱਬ ਨੂੰ ਨਹੀਂ ਦਿਖਾ ਸਕਦਾ ਉਹ ਝੂਠਾ ਹੈ, ਹਰ ਇਕ ਧਰਮ ਜਿਸ ਵਿੱਚ ਸਿਵਾਏ ਪੁਰਾਤਨ ਕਿੱਸਿਆਂ ਦੇ ਹੋਰ ਕੁਝ ਨਹੀਂ ਉਹ ਝੂਠਾ ਹੈ । ਰੱਬ ਜਿਵੇਂ ਪਹਿਲਾਂ ਸੀ, ਹੁਣ ਵੀ ਹੈ ਅਤੇ ਉਸ ਦੀਆਂ ਕੁਦਰਤਾਂ ਜਿਵੇਂ ਪਹਿਲਾਂ ਸਨ ਉਹ ਹੁਣ ਵੀ ਹਨ ਅਤੇ ਉਸ ਦੇ ਨਿਸ਼ਾਨ (ਚਮਤਕਾਰ) ਦਿਖਾਉਣ ਦੀ ਜਿਵੇਂ ਪਹਿਲਾਂ ਮਾਲਕੀ ਸੀ ਹੁਣ ਵੀ ਹੈ, ਫਿਰ ਤੁਸੀਂ ਕਿਉਂ ਕੇਵਲ ਕਿੱਸਿਆਂ'ਤੇ ਰਾਜ਼ੀ ਹੁੰਦੇ ਹੋ । ਉਹ ਧਰਮ ਮਰ ਚੁੱਕਿਆ ਹੈ ਜਿਸ ਦੇ ਚਮਤਕਾਰ ਕੇਵਲ ਕਿੱਸੇ ਹਨ, ਜਿਸ ਦੀਆਂ ਭਵਿੱਖਬਾਣੀਆਂ ਕੇਵਲ ਕਿੱਸੇ ਹਨ ਅਤੇ ਉਹ ਜਮਾਤ ਮਰੀ ਹੋਈ ਹੈ ਜਿਸ'ਤੇ ਰੱਬ ਨਾਜ਼ਲ ਨਹੀਂ ਹੋਇਆ ਅਤੇ ਜੋ ਵਿਸ਼ਵਾਸ ਰਾਹੀਂ ਰੱਬ ਦੇ ਹੱਥਾਂ ਤੋਂ ਪਾਕ ਨਹੀਂ ਹੋਈ । ਜਿਵੇਂ ਮਨੁੱਖ ਮਨੁੱਖੀ ਆਨੰਦਾਂ ਨੂੰ ਦੇਖਕੇ ਉਹਨਾ ਵੱਲ ਖਿੱਚਿਆ ਜਾਂਦਾ ਹੈ ਇਸੇ ਪ੍ਰਕਾਰ ਜੱਦ ਮਨੁੱਖ ਰੂਹਾਨੀ ਆਨੰਦ ਵਿਸ਼ਵਾਸ ਰਾਹੀਂ ਹਾਸਲ ਕਰਦਾ ਹੈ ਤਾਂ ਉਹ ਰੱਬ ਵੱਲ ਖਿੱਚਿਆ ਜਾਂਦਾ ਹੈ ਅਤੇ ਉਸ ਦੀ ਸੁੰਦਰਤਾ ਉਸ ਨੂੰ ਅਜਿਹਾ ਮਸਤ ਕਰ ਦਿੰਦੀ ਹੈ ਕਿ ਹੋਰਨਾ ਸਾਰੀਆਂ ਚੀਜ਼ਾਂ ਉਸ ਨੂੰ ਉਕੱਾ ਹੀ ਰੱਦੀ ਦਿਖਾਈ ਦਿੰਦੀਆਂ ਹਨ ਅਤੇ ਮਨੁੱਖ ਉਸੇ ਸਮੇਂ ਪਾਪ ਤੋਂ ਮੁਕਤੀ ਪਾਉਂਦਾ ਹੈ ਜੱਦ ਕਿ ਉਹ ਰੱਬ ਅਤੇ ਉਸ ਦੇ ਜਾਹੋ ਜਲਾਲ ਅਤੇ ਪ੍ਰਤੀਫਲ ਤੇ ਦੰਡ ਉਪੱਰ ਵਿਸ਼ਵਸਨੀ ਰੂਪ ਵਿੱਚ ਬੋਧ ਪਾਉਂਦਾ ਹੈ, ਹਰ ਇਕ ਬੇਬਾਕੀ (ਢੀਠਪੁਣੇ) ਦਾ ਮੂਲ ਬੇਖ਼ਬਰੀ ਹੈ ਜੋ ਵਿਅਕਤੀ ਰੱਬ ਦੀ ਵਿਸ਼ਵਸਨੀ ਮੁਆਰਫ਼ਤ ਵਿੱਚੋਂ ਕੁਝ ਹਿਸੱਾ ਲੈਂਦਾ ਹੈ ਉਹ ਬੇਬਾਕ ਨਹੀਂ ਰਹਿ ਸਕਦਾ । ਜੇਕਰ ਘਰ ਦਾ ਮਾਲਕ ਜਾਣਦਾ ਹੈ ਕਿ ਇਕ ਤਿੱਖੇ ਹੜ੍ਹ ਨੇ ਉਸ ਦੇ ਘਰ ਵੱਲ ਮੂੰਹ ਕੀਤਾ ਹੈ ਜਾਂ ਉਸ ਦੇ ਘਰ ਦੇ ਚੁਫੇਰੇ ਅੱਗ ਲੱਗ ਚੁਕੀ ਹੈ ਅਤੇ ਕੁਝ ਕੁ ਥਾਂ ਬਾਕੀ ਹੈ ਤਾਂ ਉਹ ਉਸ ਘਰ ਵਿੱਚ ਠਹਿਰ ਨਹੀਂ ਸਕਦਾ । ਤਾਂ ਫਿਰ ਤੁਸੀਂ ਰੱਬ ਦੇ ਪ੍ਰਤੀਫਲ ਤੇ ਦੰਡ (ਜਜ਼ਾ ਸਜ਼ਾ) ਦਾ ਦਾਵਾ ਕਰਕੇ ਕਿਵੇਂ ਆਪਣੀਆਂ ਖ਼ਤਰਨਾਕ ਹਾਲਤਾਂ'ਤੇ

ਠਹਿਰ ਰਹੇ ਹੋ । ਸੋ, ਤੁਸੀਂ ਅਖੱਾਂ ਖੋਲੋ ਅਤੇ ਰੱਬ ਦੇ ਉਸ ਕਾਨੂਨ ਨੂੰ ਦੇਖੋ ਜੋ ਸਾਰੀ ਦੁਨੀਆ ਵਿੱਚ ਪਾਇਆ ਜਾਂਦਾ ਹੈ, ਚੂਹੇ ਨ ਬਣੋ ਜੋ ਹੇਠਾਂ ਵੱਲ ਜਾਂਦੇ ਹਨ ਸਗੋਂ ਉੱਚੀਆਂ ਉਡਾਰੀਆਂ ਮਾਰਨ ਵਾਲੇ ਕਬੂਤਰ ਬਣੋ ਜੋ ਅਕਾਸ਼ ਦੀਆਂ ਖੁੱਲੀਆਂ ਰਸਮੰਡਲੀਆਂ ਨੂੰ ਮਾਣਦੇ ਹਨ । ਤੁਸੀਂ ਤੌਬਾ ਦੀ ਬੈਅਤ ਕਰਕੇ ਫਿਰ ਪਾਪ ਉਪੱਰ ਟਿਕੇ ਨ ਰਹੋ ਅਤੇ ਸੱਪ ਵਾਂਗ ਨ ਬਣੋ ਜੋ ਖੱਲ ਲਾਹ ਕੇ ਫਿਰ ਵੀ ਸੱਪ ਹੀ ਰਹਿੰਦਾ ਹੈ । ਮੌਤ ਨੂੰ ਚੇਤੇ ਰੱਖੋ ਕਿ ਉਹ ਤੁਹਾਡੇ ਨੇੜੇ ਆਉਂਦੀ ਜਾਂਦੀ ਹੈ ਅਤੇ ਤੁਸੀਂ ਉਸ ਤੋਂ ਅਣਜਾਣ ਹੋ । ਜਤਨ ਕਰੋ ਕਿ ਪਾਕ ਹੋ ਜਾਓ ਕਿ ਮਨੁੱਖ ਪਵਿਤੱਰਤਾ ਨੂੰ ਉਦੋਂ ਹੀ ਹਾਸਲ ਕਰਦਾ ਹੈ ਜੱਦ ਆਪ ਪਾਕ ਹੋ ਜਾਏ, ਪਰ ਤੁਸੀਂ ਇਸ ਨੇਮਤ ਨੂੰ ਕਿਵੇਂ ਪ੍ਰਾਪਤ ਕਰ ਸਕਦੇ ਹੋ, ਇਸ ਦਾ ਉਤੱਰ ਰੱਬ ਨੇ ਆਪ ਦਿਤੱਾ ਹੈ, ਜਿੱਥੇ ਕੁਰਆਨ ਵਿੱਚ ਫ਼ਰਮਾਉਂਦਾ ਹੈ

(وَاسۡتَعِيۡنُوۡا بِالصَّبۡرِ وَالصَّلٰوةِ(البقرة 46) (ਵਸਤਾਈਨੂ ਬਿਸ ਸਬਰਿ ਵਸੱਲਾਤਿ, (ਬਕਰਹ 46) ਅਰਥਾਤ ਨਮਾਜ਼ ਤੇ ਸਬਰ ਨਾਲ ਰੱਬ ਤੋਂ ਮਦਦ ਮੰਗੋ । ਨਮਾਜ਼ ਕੀ ਚੀਜ਼ ਹੈ ਉਹ ਦੁਆ ਹੈ ਜੋ ਸਿਮਰਨ, ਹਮਦਸਨਾ, ਵੱਡਿਆਈ, ਪ੍ਰਸ਼ੰਸਾ, ਖਿਮਾ ਯਾਚਨਾ ਅਤੇ ਦੁਰੂਦ (ਤਸਬੀਹ, ਤਹਮੀਦ, ਤਕਦੀਸ, ਇਸਤਗ਼ਫ਼ਾਰ ਤੇ ਦੁਰੂਦ) ਨਾਲ ਮਿੰਨਤਾ ਨਾਲ ਮੰਗੀ ਜਾਂਦੀ ਹੈ । ਸੋ, ਜੱਦ ਤੁਸੀਂ ਨਮਾਜ਼ ਪੜ੍ਹੋ ਤਾਂ ਬੇਖ਼ਬਰ ਲੋਕਾਂ ਵਾਂਗ ਆਪਣੀਆਂ ਦੁਆਵਾਂ ਵਿੱਚ ਕੇਵਲ ਅਰਬੀ ਭਾਸ਼ਾ ਦੇ ਸ਼ਬਦਾਂ ਦੇ ਪਾਬੰਦ ਨ ਰਹੋ ਕਿਉਂਕਿ ਉਹਨਾਂ ਦੀ ਨਮਾਜ਼ ਅਤੇ ਉਹਨਾਂ ਦਾ ਇਸਤਗ਼ਫ਼ਾਰ ਸਾਰੀਆਂ ਰਸਮਾਂ ਹਨ, ਜਿੰਨ੍ਹਾ ਨਾਲ ਕੋਈ ਸਚੱਾਈ ਨਹੀਂ, ਪਰ ਜੱਦ ਤੁਸੀਂ ਨਮਾਜ਼ ਪੜ੍ਹੋ ਤਾਂ ਸਿਵਾਏ ਕੁਰਆਨ ਕਰੀਮ ਦੇ ਜੋ ਰੱਬ ਦਾ ਕਲਾਮ ਹੈ ਅਤੇ ਸਿਵਾਏ ਕੁਝ ਪ੍ਰਮਾਣਕ ਦੁਆਵਾਂ ਦੇ ਜੋ ਕਿ ਰਸੂਲ ਦਾ ਕਲਾਮ ਹੈ, ਬਾਕੀ ਸਾਰੀਆਂ ਦੁਆਵਾਂ ਵਿੱਚ ਆਪਣੀ ਭਾਸ਼ਾ ਹੀ ਦੇ ਸ਼ਬਦਾਂ ਵਿੱਚ ਵਿਨਮ੍ਰਤਾ ਨਾਲ ਕੀਤਾ ਕਰੋ ਤਾਂ ਜੋ ਉਹ ਤੁਹਾਡੇ ਦਿਲਾਂ ਉਪੱਰ ਉਸ ਵਿਨ੍ਰਮਤਾ ਦਾ ਪ੍ਰਭਾਵ ਹੋਵੇ । ਪੰਜ ਵੇਲੇ ਦੀਆਂ ਨਮਾਜ਼ਾਂ ਕੀ ਚੀਜ ਹਨ । ਉਹ ਤੁਹਾਡੀਆਂ ਵੱਖ ਵੱਖ ਅਵਸਥਾਵਾਂ ਦੀ ਫ਼ੋਟੋ ਹਨ, ਇਹ ਪੰਜ ਪਰਿਵਰਤਨ ਹਨ ਜੋ ਤੁਹਾਡੇ ਜੀਵਨ ਲਈ ਲਾਜ਼ਮੀ ਹਨ ਜੋ ਔਕੁੜ

ਸਮੇਂ ਤੁਹਾਡੇ ਉਪੱਰ ਲਾਗੂ ਹੁੰਦੇ ਹਨ ਅਤੇ ਤੁਹਾਡੇ ਸੁਭਾਉ'ਤੇ ਉਹਨਾ ਦਾ ਲਾਗੂ ਹੋਣਾ ਜ਼ਰੂਰੀ ਹੈ । (1) ਪਹਿਲਾ ਜੱਦ ਕਿ ਤੁਸੀਂ ਸੂਚਿਤ ਕੀਤੇ ਜਾਂਦੇ ਹੋ ਕਿ ਤੁਹਾਡੇ ਉਪੱਰ ਇਕ ਬਲਾ ਆਉਣ ਵਾਲੀ ਹੈ, ਉਧਾਰਣ ਲਈ ਜਿਵੇਂ ਅਦਾਲਤ ਵਿੱਚੋਂ ਤੁਹਾਡੇ ਨਾਂ ਇਕ ਵਾਰੰਟ ਜਾਰੀ ਹੋਇਆ ਇਹ ਪਹਿਲੀ ਅਵਸਥਾ ਹੈ ਜਿਸ ਨੇ ਤੁਹਾਡੀ ਤਸੱਲੀ ਤੇ ਖ਼ੁਸ਼ਹਾਲੀ ਵਿੱਚ ਵਿਘਨ ਪਾ ਦਿਤੱਾ, ਸੋ ਇਹ ਹਾਲਤ ਪਤਨ ਦੇ ਸਮੇਂ ਨਾਲ ਮੇਲ ਖਾਂਦੀ ਹੈ ਕਿਉਕਿ ਇਸ ਨਾਲ ਤੁਹਾਡੀ ਖ਼ੁਸ਼ੀ ਵਿੱਚ ਪਤਨ ਆਉਂਣਾ ਅਰੰਭ ਹੋਇਆ, ਇਸ ਦੇ ਮੁਕਾਬਲੇ ਲਈ ਜ਼ੁਹਰ ਦੀ ਨਮਾਜ਼ ਨਿਯੁਕਤ ਹੋਈ, ਜਿਸਦਾ ਸਮਾਂ ਸੂਰਜ ਦੇ ਪਤਨ ਨਾਲ ਅਰੰਭ ਹੁੰਦਾ ਹੈ ।

(2) ਦੂਜਾ ਪਰਿਵਰਤਨ ਉਸ ਸਮੇਂ ਤੁਹਾਡੇ'ਤੇ ਆਉਂਦਾ ਹੈ ਜੱਦ ਕਿ ਤੁਸੀਂ ਬਲਾ (ਔਕੁੜ) ਦੇ ਮਹਿਲ ਦੇ ਬਹੁਤ ਨੇੜੇ ਕੀਤੇ ਜਾਂਦੇ ਹੋ । ਉਧਾਰਣ ਲਈ ਜੱਦ ਤੁਸੀਂ ਵਾਰੰਟ ਰਾਹੀਂ ਗ੍ਰਿਫ਼ਤਾਰ ਹੋਕੇ ਹਾਕਮ ਸਾਹਮਣੇ ਪੇਸ਼ ਹੁੰਦੇ ਹੋ, ਇਹ ਉਹ ਸਮਾਂ ਹੈ ਕਿ ਜੱਦ ਤੁਹਾਡਾ ਡਰ ਨਾਲ ਖ਼ੂਨ ਖ਼ੁਸ਼ਕ ਹੋ ਜਾਂਦਾ ਹੈ ਅਤੇ ਤਸੱਲੀ ਦਾ ਹੀਆ ਟੁਰ ਜਾਣ ਨੂੰ ਹੁੰਦਾ ਹੈ, ਸੋ ਇਹ ਹਾਲਤ ਤੁਹਾਡੀ ਉਸ ਸਮੇਂ ਦਸ਼ਾ ਨਾਲ ਮੇਲ ਖਾਂਦੀ ਹੈ ਜੱਦ ਕਿ ਸੂਰਜ ਦਾ ਚਾਨ੍ਹਣਾ ਕੁਝ ਘੱਟ ਜਾਂਦਾ ਹੈ ਅਤੇ ਨਜ਼ਰ ਉਸ'ਤੇ ਟਿਕ ਸਕਦੀ ਹੈ ਅਤੇ ਸਪਸ਼ਟ ਦਿਖਾਈ ਦਿੰਦਾ ਹੈ ਕਿ ਹੁਣ ਇਸਦੇ ਡੁਬੱਣ ਦਾ ਸਮਾਂ ਨੇੜੇ ਹੈ । ਇਸ ਰੂਹਾਨੀ ਅਵਸਥਾ ਦੇ ਟਾਕਰੇ'ਤੇ ਨਮਾਜ਼ 'ਅਸਰ' ਨਿਯੁਕਤ ਹੋਈ ਹੈ ।

(3) ਤੀਜਾ ਪਰਿਵਰਤਨ ਉਹਾਡੇ'ਤੇ ਉਸ ਸਮੇਂ ਆਉਂਦਾ ਹੈ ਜੋ ਇਸ ਬਲਾ ਤੋਂ ਮੁਕਤੀ ਪਾਉਣ ਦੀ ਉਕੱਾ ਹੀ ਮੁੱਕ ਜਾਂਦੀ ਹੈ । ਉਧਾਰਣ ਲਈ ਜਿਵੇਂ ਤੁਹਾਡੇ ਨਾਂ ਅਪਰਾਧ ਦਾ ਜੁਰਮ ਲਿੱਖਿਆ ਜਾਂਦਾ ਹੈ ਅਤੇ ਵਿਰੋਧੀ ਗਵਾਹੀਆਂ ਤੁਹਾਡੀ ਗ੍ਰਿਫ਼ਤ ਲਈ ਭੁਗਤ ਜਾਂਦੀਆਂ ਹਨ । ਇਹ ਉਹ ਸਮਾਂ ਹੈ ਕਿ ਜੱਦ ਤੁਹਾਡੇ ਹੋਸ਼ ਉਡੱ ਜਾਂਦੇ ਹਨ ਅਤੇ ਤੁਸੀਂ ਆਪਣੇ ਆਪ ਨੂੰ ਇਕ ਕੈਦੀ ਸਮਝਣ ਲਗੱਦੇ ਹੋ । ਸੋ, ਇਹ ਹਾਲਤ ਉਸ ਸਮੇਂ ਨਾਲ ਮੇਲ ਖਾਂਦੀ ਹੈ ਜੱਦ ਕਿ ਸੂਰਜ

ਡੁੱਬ ਜਾਂਦਾ ਹੈ ਅਤੇ ਸਾਰੀਆਂ ਆਸਾਂ ਦਿਨ ਦੇ ਚਾਨ੍ਹਣੇ ਦੀ ਖ਼ਤਮ ਹੋ ਜਾਂਦੀਆਂ ਹਨ । ਇਸ ਰੂਹਾਨੀ ਹਾਲਤ ਦੇ ਮੁਕਾਬਲੇ'ਤੇ ਨਮਾਜ਼ ਮਗ਼ਰਿਬ ਨਿਯੁਕਤ ਹੈ ।

(4) ਚੌਥਾ ਪਰਿਵਰਤਨ ਤੁਹਾਡੇ'ਤੇ ਉਸ ਸਮੇਂ ਆਉਂਦਾ ਹੈ ਜੱਦ ਬਲਾ ਤੁਹਾਡੇ'ਤੇ ਲਾਗੂ ਹੋ ਜਾਂਦੀ ਹੈ ਅਤੇ ਉਸਦਾ ਘੁੱਪ ਹਨ੍ਹੇਰਾ ਘੇਰਾ ਪਾ ਲੈਂਦਾ ਹੈ । ਉਧਾਰਣ ਲਈ ਜੱਦ ਅਪਰਾਧ ਦੇ ਮਤੇ ਦੇ ਲਿਖੇ ਜਾਣ ਅਤੇ ਗਵਾਹੀਆਂ ਦੇ ਬਾਦ ਤੁਹਾਨੂੰ ਸਜ਼ਾ ਦਾ ਹੁਕਮ ਸੁਣਾਇਆ ਜਾਂਦਾ ਹੈ ਅਤੇ ਕੈਦ ਲਈ ਪੁਲਿਸਮੈਨ ਦੇ ਹਵਾਲੇ ਕੀਤੇ ਜਾਂਦੇ ਹੋ । ਸੋ ਇਹ ਹਾਲਤ ਉਸ ਸਮੇਂ ਨਾਲ ਮੇਲ ਖਾਂਦੀ ਹੈ । ਜੱਦ ਰਾਤ ਪੈ ਜਾਂਦੀ ਹੈ ਅਤੇ ਇਕ ਘੁੱਪ ਹਨ੍ਹੇਰਾ ਛਾ ਜਾਂਦਾ ਹੈ । ਇਸ ਰੂਹਾਨੀ ਹਾਲਤ ਦੇ ਮੁਕਾਬਲੇ'ਤੇ ਨਮਾਜ਼ 'ਇਸ਼ਾ' ਨਿਯੁਕਤ ਹੈ ।

(5) ਫਿਰ ਜੱਦ ਤੁਸੀਂ ਇਕ ਸਮੇਂ ਤੱਕ ਇਸ ਮੁਸੀਬਤ ਦੇ ਹਨ੍ਹੇਰੇ ਵਿੱਚ ਲੰਘਾਉਂਦੇ ਹੋ ਤਾਂ ਫਿਰ ਅਖੀਰ ਰੱਬ ਦਾ ਰਹਿਮ ਤੁਹਾਡੇ'ਚ ਜੋਸ਼ ਮਾਰਦਾ ਹੈ ਅਤੇ ਤੁਹਾਨੂੰ ਉਸ ਹਨ੍ਹੇਰੇ ਤੋਂ ਮੁਕਤੀ ਦਿੰਦਾ ਹੈ । ਉਧਾਰਣ ਲਈ ਜਿਵੇਂ ਹਨ੍ਹੇਰੇ ਦੇ ਬਾਦ ਅਖ਼ੀਰ ਸਵੇਰ ਹੁੰਦੀ ਹੈ ਅਤੇ ਫਿਰ ਉਹੋ ਦਿਨ ਦਾ ਚਾਨ੍ਹਣਾ ਆਪਣੀ ਚਮਕ ਨਾਲ ਪ੍ਰਕਟ ਹੋ ਜਾਂਦਾ ਹੈ । ਸੋ, ਇਸ ਰੂਹਾਨੀ ਹਾਲਤ ਦੇ ਮੁਕਾਬਲੇ'ਤੇ ਨਮਾਜ਼ ਫ਼ਜਰ ਨਿਯੁਕਤ ਹੈ ਅਤੇ ਰੱਬ ਨੇ ਤੁਹਾਡੇ ਸੁਭਾਵਕ ਪਰਿਵਰਤਨ ਦੀਆਂ ਪੰਜ ਹਾਲਤਾ ਦੇਖਕੇ ਪੰਜ ਨਾਮਾਜ਼ਾਂ ਤੁਹਾਡੇ ਲਈ ਨਿਯੁਕਤ ਕੀਤੀਆਂ ਹਨ । ਇਸ ਤੋਂ ਤੁਸੀਂ ਸਮਝ ਸਕਦੇ ਹੋ ਕਿ ਇਹ ਨਾਮਜ਼ਾਂ ਵਿਸ਼ੇਸ਼ ਕਰਕੇ ਤੁਹਾਡੇ ਆਪਣੇ ਨਫ਼ਸ ਲਈ ਲਾਹੇਵੰਦ ਹਨ । ਸੋ, ਜੇਕਰ ਤੁਸੀਂ ਚਾਹੁੰਦੇ ਹੋ ਕਿ ਇਹਨਾ ਬਲਾਵਾਂ ਤੋਂ ਬਚੇ ਰਹੋ ਤਾਂ ਤੁਸੀਂ ਪੰਜ ਵੇਲੇ ਦੀਆਂ ਨਮਾਜ਼ਾਂ ਨੂੰ ਨ ਛੱਡੋ ਕਿਉਂਕਿ ਉਹ ਤੁਹਾਡੇ ਅੰਦਰੂਨੀ ਅਤੇ ਰੂਹਾਨੀ ਪਰਿਵਰਤਨ ਦਾ ਪ੍ਰਤੀਬਿੰਬ ਹਨ । ਨਮਾਜ਼ ਵਿੱਚ ਆਉਣ ਵਾਲੀਆਂ ਔਕੁੜਾਂ ਦਾ ਇਲਾਜ ਹੈ, ਤੁਸੀਂ ਨਹੀਂ ਜਾਣਦੇ ਕਿ ਨਵਾਂ ਦਿਨ ਚੜ੍ਹਨ ਵਾਲਾ ਹੈ ਕਿਹੋ ਜਿਹੀ ਘੜੀ ਲਿਆਏਗਾ, ਸੋ, ਇਸ ਤੋਂ ਪਹਿਲਾਂ ਕਿ ਉਹ

ਦਿਨ ਚੜ੍ਹੇ ਤੁਸੀਂ ਆਪਣੇ ਰੱਬ ਦੀ ਹਜ਼ੂਰੀ ਵਿੱਚ ਮਿੰਨਤਾਂ ਕਰੋ ਕਿ ਤੁਹਾਡੇ ਲਈ ਖ਼ੈਰ ਤੇ ਬਰਕਤਾਂ ਦਾ ਦਿਨ ਜੜ੍ਹਾਏ ।

ਹੇ, ਧੰਨਵਾਨੋ ਤੇ ਬਾਦਸ਼ਾਹੋ ! ਆਪ ਲੋਕਾਂ ਵਿੱਚੋਂ ਅਜਿਹੇ ਲੋਕ ਬਹੁਤ ਹੀ ਘੱਟ ਹਨ ਜੋ ਰੱਬ ਤੋਂ ਡਰਦੇ ਅਤੇ ਉਸ ਦੇ ਸਾਰਿਆਂ ਮਾਰਗਾਂ ਵਿੱਚ ਸੰਜਮੀ ਹਨ । ਬਹੁਤੇ ਅਜਿਹੇ ਹਨ ਕਿ ਦੁਨੀਆਂ ਦੇ ਦੇਸ਼ਾਂ ਤੇ ਧੰਨਮਾਲ ਨਾਲ ਦਿਲ ਲਾਉਂਦੇ ਹਨ ਅਤੇ ਫਿਰ ਇਸੇ ਵਿੱਚ ਜੀਵਨ ਲੰਘਾਉਂਦੇ ਹਨ ਅਤੇ ਮੌਤ ਨੂੰ ਚੇਤੇ ਨਹੀਂ ਕਰਦੇ । ਹਰ ਇਕ ਧੰਨਵਾਨ ਜੋ ਨਮਾਜ਼ਾਂ ਨਹੀਂ ਪੜ੍ਹਦਾ ਅਤੇ ਰੱਬ ਤੋਂ ਬੇ ਪਰਵਾਹ ਹੈ ਉਸਦੇ ਸਾਰਿਆਂ ਨੌਕਰਾਂ ਚਾਕਰਾਂ ਦਾ ਪਾਪ ਉਸਦੀ ਗਰਦਨ'ਤੇ ਹੈ । ਹਰ ਇਕ ਧਨੀ ਜੋ ਸ਼ਰਾਬ ਪੀਂਦਾ ਹੈ, ਉਸਦੀ ਗਰਦਨ'ਤੇ ਉਹਨਾਂ ਲੋਕਾਂ ਦਾ ਵੀ ਪਾਪ ਹੈ ਜੋ ਉਸਦੇ ਅਧੀਨ ਹੋਕੇ ਸ਼ਰਾਬ ਪੀਣ ਵਿੱਚ ਸ਼ਾਮਲ ਹਨ । ਹੇ, ਸੂਝਵਾਨੋ ! ਇਹ ਦੁਨੀਆ ਸਦੈਵੀ ਥਾਂ ਨਹੀਂ, ਤੁਸੀਂ ਸੰਭਲ ਜਾਓ । ਤੁਸੀਂ ਹਰ ਇਕ ਬੁਰਾਈ ਛੱਡ ਦਿਓ, ਹਰ ਇਕ ਨਸ਼ੇ ਦੀ ਚੀਜ਼ ਨੂੰ ਤਿਆਗ ਦਿਓ । ਮਨੁੱਖ ਨੂੰ ਤਬਾਹ ਕਰਨ ਵਾਲੀ ਕੇਵਲ ਸ਼ਰਾਬ ਹੀ ਨਹੀਂ ਸਗੋਂ ਅਫ਼ੀਮ, ਗਾਂਜਾ, ਚਰਸ, ਭੰਗ, ਤਾੜੀ ਅਤੇ ਹਰ ਇਕ ਨਸ਼ਾ ਜੋ ਹਮੇਸ਼ਾ ਲਈ ਆਦਤ ਬਣਾ ਲਈ ਜਾਂਦੀ ਹੈ, ਉਹ ਦਿਮਾਗ਼ ਨੂੰ ਖ਼ਰਾਬ ਕਰਦੀ ਹੈ ਅਤੇ ਅਖ਼ੀਰ ਮਾਰ ਮੁਕਾਉਂਦੀ ਹੈ, ਸੋ, ਤੁਸੀਂ ਇਸ ਤੋਂ ਬਚੋ । ਅਸੀਂ ਨਹੀਂ ਸਮਝ ਸਕਦੇ ਕਿ ਤੁਸੀਂ ਕਿਉਂ ਇਹਨਾ ਚੀਜ਼ਾਂ ਦੀ ਵਰਤੋਂ ਕਰਦੇ ਹੋ ਜਿੰਨ੍ਹਾ ਦੇ ਪ੍ਰਕੋਪ ਕਰਕੇ ਹਰ ਸਾਲ ਹਜ਼ਾਰਾਂ ਹੀ ਤੁਹਾਡੇ ਜਿਹੇ ਨਸ਼ੇੜੀ ਇਸ ਦੁਨੀਆ ਤੋਂ ਕੂਚ ਕਰ ਜਾਂਦੇ ਹਨ[20] ਅਤੇ ਆਖ਼ਰਤ ਦਾ ਅਜ਼ਾਬ

---

[20] ਯੂਰੋਪ ਦੇ ਲੋਕਾਂ ਨੂੰ ਜਿੰਨ੍ਹਾ ਸ਼ਰਾਬ ਨੇ ਨੁਕਸਾਨ ਪਹੁੰਚਾਇਆ ਹੈ ਉਸਦਾ ਸਬਬ ਤਾਂ ਇਹ ਸੀ ਕਿ ਈਸਾ ਅਲੈਹਿ ਸਲਾਮ ਸ਼ਰਾਬ ਪੀਤਾ ਕਰਦੇ ਸਨ, ਸੰਭਵਤਾ ਕਿਸੇ ਰੋਗ ਦੇ ਕਾਰਣ ਜਾਂ ਪੁਰਾਣੀ ਆਦਤ ਕਰਕੇ, ਪਰ ਹੇ ਮੁਸਲਮਾਨੋ ! ਤੁਹਾਡੇ ਨਬੀ ਅਲੈਹਿ ਸਲਾਮ ਤਾਂ ਹਰ ਇਕ ਨਸ਼ੇ ਤੋਂ ਪਾਕ ਅਤੇ ਮਾਸੂਮ ਸਨ ਜਿਵੇਂ ਕਿ ਉਹ ਵਾਸਤਵ ਵਿੱਚ ਮਾਸੂਮ ਹਨ । ਸੋ, ਤੁਸੀਂ ਮੁਸਲਮਾਨ ਅਖਵਾਕੇ ਕਿਸ ਦੀ ਪੈਰ੍ਹਵੀ ਕਰਦੇ ਹੋ । ਕੁਰਆਨ ਇੰਜੀਲ ਵਾਂਗ

ਵਖੱਰਾ ਭੋਗਦੇ ਹਨ । ਸੰਜਮੀ ਮਨੁੱਖ ਬਣ ਜਾਓ ਤਾਂ ਜੋ ਤੁਹਾਡੀਆਂ ਉਮਰਾਂ ਲੰਮੀਆਂ ਹੋਣ ਅਤੇ ਤੁਸੀਂ ਰੱਬ ਤੋਂ ਬਰਕਤ ਪਾਓ । ਹੱਦੋਂ ਵੱਧ ਅਯੱਾਸ਼ੀ ਵਾਲਾ ਜੀਵਨ ਬਤੀਤ ਕਰਨਾ ਲਾਨ੍ਹਤੀ ਜੀਵਨ ਹੈ । ਹੱਦੋਂ ਵੱਧ ਦੁਰਾਚਾਰੀ ਤੇ ਨਿਰਦਈ ਹੋਣਾ ਲਾਨ੍ਹਤੀ ਜੀਵਨ ਹੈ । ਹੱਦੋਂ ਵੱਧ ਰੱਬ ਜਾਂ ਉਸਦੇ ਬੰਦਿਆਂ ਦੀ ਹਮਦਰਦੀ ਤੋਂ ਬੇਪਰਵਾਹ ਹੋਣਾ ਲਾਨ੍ਹਤੀ ਜੀਵਨ ਹੈ । ਹਰ ਇਕ ਧੰਨਵਾਨ ਰੱਬ ਦੇ ਹਕੱਾਂ ਅਤੇ ਮਨੁੱਖ ਦੇ ਹੱਕਾਂ ਬਾਰੇ ਅਜਿਹਾ ਪੁੱਛਿਆ ਜਾਵੇਗਾ ਜਿਵੇਂ ਇਕ ਫ਼ਕੀਰ ਸਗੋਂ ਇਸ ਤੋਂ ਵੀ ਵਧੱਕੇ । ਸੋ, ਕਿੰਨ੍ਹਾ ਹੀ ਅਭਾਗਾ ਹੈ ਉਹ ਮਨੁੱਖ ਜੋ ਇਸ ਛੋਟੇ ਜਿਹੇ ਜੀਵਨ'ਤੇ ਭਰੋਸਾ ਕਰਕੇ ਰੱਬ ਤੋਂ ਉਕੱਾ ਹੀ ਮੂੰਹ ਮੋੜ ਲੈਂਦਾ ਹੈ ਅਤੇ ਰੱਬ ਵੱਲੋਂ ਕੀਤੇ ਹਰਾਮ ਨੂੰ ਅਜਿਹੀ ਨਿਰਲਜੱਤਾ ਨਾਲ ਵਰਤਦਾ ਹੈ ਕਿ ਸੰਭਵਤਾ ਉਹ ਹਰਾਮ ਉਸੇ ਲਈ ਹਲਾਲ (ਜਾਇਜ਼) ਹੈ । ਗੁੱਸੇ ਦੀ ਹਾਲਤ ਵਿੱਚ ਪਾਗ਼ਲਾਂ ਵਾਂਗ ਕਿਸੇ ਨੂੰ ਗਾਲ੍ਹ, ਕਿਸੇ ਨੂੰ ਜ਼ਖ਼ਮੀ ਅਤੇ ਕਿਸੇ ਨੂੰ ਕਤਲ ਕਰਨ ਲਈ ਤਿਆਰ ਹੋ ਜਾਂਦਾ ਹੈ ਅਤੇ ਵਾਸਨਾ ਦੇ ਜੋਸ਼ ਵਿੱਚ ਬੇ ਹਿਯਾਈ ਤੇ ਨਿਰਲਜੱਤਾ ਦੇ ਢੰਗਾ ਨੂੰ ਅਤਿ ਤੱਕ ਪਹੁੰਚਾ ਦਿੰਦਾ ਹੈ, ਸੋ, ਉਹ ਸੱਚੀ ਖ਼ੁਸ਼ਹਾਲੀ ਕਦੇ ਨਹੀਂ ਪਾਏਗਾ ਇੱਥੋਂ ਤੱਕ ਕਿ ਮਰੇਗਾ । ਸੋ, ਹੇ ਪਿਆਰਿਓ ! ਤੁਸੀਂ ਥੋੜੇ ਦਿਨਾਂ ਲਈ ਦੁਨੀਆ ਵਿੱਚ ਆਏ ਹੋ ਅਤੇ ਉਹ ਵੀ ਵਧੇਰੀ ਲੰਘ ਚੁਕੀ ਹੈ, ਸੋ, ਆਪਣੇ ਰੱਬ ਨੂੰ ਨਰਾਜ਼ ਨ ਕਰੋ । ਇਕ ਮਨੁੱਖੀ ਸਰਕਾਰ ਜੋ ਤੁਹਾਡੇ ਕੋਲੋਂ ਤਕੜੀ ਹੋਵੇ ਜੇਕਰ ਤੁਹਾਡੇ ਕੋਲੋਂ ਰੁੱਸੀ ਹੋਵੇ ਤਾਂ ਉਹ ਤੁਹਾਨੂੰ ਤਬਾਹ ਕਰਕ ਸਕਦੀ ਹੈ । ਸੋ, ਤੁਸੀਂ ਸੋਚ ਲਓ ਕਿ ਰੱਬ ਦੀ ਨਰਾਜ਼ਗੀ ਤੋਂ ਤੁਸੀਂ ਕਿਵੇਂ ਬੱਚ ਸਕਦੇ ਹੋ, ਜੇਕਰ ਰੱਬ ਦੀ ਨਿਗਾਹ ਵਿੱਚ ਮੁਤੱਕੀ (ਸੰਜਮੀ) ਠਹਿਰ ਜਾਓ ਤਾਂ ਤੁਹਾਨੂੰ ਕੋਈ ਵੀ ਤਬਾਹ ਨਹੀਂ ਕਰ ਸਕਦਾ । ਉਹ ਆਪ ਤੁਹਾਡੀ ਸੁਰੱਖਿਆ ਕਰੇਗਾ ਅਤੇ ਦੁਸ਼ਮਣ ਜੋ ਤੁਹਾਡੀ ਜਾਨ ਦੇ ਖੈੜੇ ਪਿਆ ਹੈ, ਤੁਹਾਡੇ'ਤੇ ਕਾਬੂ ਨਹੀ ਪਾਏਗਾ, ਵਰਨਾ ਤੁਹਾਡੀ ਜਾਨ ਦਾ ਕੋਈ ਰੱਖਿਅਕ ਨਹੀਂ ਅਤੇ ਤੁਸੀਂ ਵੈਰੀ ਤੋਂ ਡਰਕੇ ਜਾਂ ਹੋਰਨਾ

---

ਸ਼ਰਾਬ ਨੂੰ ਹਲਾਲ ਨਹੀਂ ਠਹਿਰਾਉਂਦਾ । ਫਿਰ ਤੁਸੀਂ ਕਿਹੜੇ ਪ੍ਰਮਣਾ ਰਾਹੀ ਸ਼ਰਾਬ ਨੂੰ ਹਲਾਲ ਠਹਿਰਾਉਦੇ ਹੋ । ਕੀ ਮਰਨਾ ਨਹੀਂ ਹੈ । ਲੇਖਕ ।

ਆਫ਼ਤਾਂ ਵਿੱਚ ਪੈਕੇ ਚਿੰਤਾ ਭਰਿਆ ਜੀਵਨ ਬਤੀਤ ਕਰੋਗੇ ਅਤੇ ਤੁਹਾਡੀ ਉਮਰ ਦੇ ਅਖ਼ੀਰਲੇ ਦਿਨ ਬਹੁਤ ਦੁਖੀ ਤੇ ਕਰੋਧ ਭਰੇ ਲੰਘਣਗੇ । ਰੱਬ ਉਹਨਾ ਲੋਕਾਂ ਦੀ ਪਨਾਹ ਬਣ ਜਾਂਦਾ ਹੈ ਜੋ ਉਸ ਦੇ ਨਾਲ ਹੋ ਜਾਂਦੇ ਹਨ, ਸੋ ਰੱਬ ਵੱਲ ਆ ਜਾਓ ਅਤੇ ਹਰ ਇਕ ਵਿਰੋਧਤਾ ਛੱਡ ਦਿਓ ਅਤੇ ਉਸਦੇ ਕਰਤਵਾਂ ਵਿੱਚ ਕੁਤਾਹੀ ਨ ਕਰੋ ਅਤੇ ਉਸਦੇ ਬੰਦਿਆਂ ਉਪੱਰ ਮੂੰਹ ਜਾਂ ਹੱਥਾਂ ਨਾਲ ਜ਼ੁਲਮ[21] ਨ ਕਰੋ ਅਤੇ ਅਕਾਸ਼ੀ ਕਰੋਪੀ ਤੇ ਕਰੋਧ ਤੋਂ ਡਰਦੇ ਰਹੋ, **ਇਹੋ ਮਾਰਗ ਮੁਕਤੀ ਦਾ ਹੈ** ।

ਹੇ, ਉਲਮਾਏ ਇਸਲਾਮ (ਇਸਲਾਮ ਦੇ ਵਿਦਵਾਨੋ) ! ਮੇਰੇ ਇਨਕਾਰ ਵਿੱਚ ਛੇਤੀ ਨ ਕਰੋ, ਕਿਉਂਕਿ ਬਹੁਤ ਸਾਰੇ ਅਜਿਹੇ ਗੁਪਤ ਭੇਦ ਹੁੰਦੇ ਹਨ ਕਿ ਮਨੁੱਖ ਛੇਤੀ ਸਮਝ ਨਹੀਂ ਸਕਦਾ । ਗੱਲ ਨੂੰ ਸੁਣਕੇ ਉਸੇ ਸਮੇਂ ਰੱਦ ਕਰਨ ਲਈ ਤਿਆਰ ਨ ਹੋ ਜਾਓ ਕਿ ਇਹ ਸੰਜਮਤਾ ਦਾ ਢੰਗ ਨਹੀਂ ਹੈ । ਜੇਕਰ ਤੁਹਾਡੇ ਵਿੱਚ

---

[21] ਜੋ ਵਿਅਕਤੀ ਲੋਕਾਂ ਉਪੱਰ ਗੁੱਸੇ (ਕਰੋਪੀ) ਨੂੰ ਵਧਾਉਂਦਾ ਹੈ ਉਹ ਆਪ ਵੀ ਕਰੋਪ ਨਾਲ ਮਾਰਿਆ ਜਾਂਦਾ ਹੈ, ਇਸ ਲਈ ਰੱਬ ਨੇ ਸੂਰਤ ਫ਼ਾਤਿਹਾ ਵਿੱਚ ਯਹੂਦੀਆਂ ਦਾ ਨਾਂ 'ਮਗ਼ਜ਼ੂਬ ਅਲੈਹਿਮ' ਰੱਖਿਆ, ਇਹ ਇਸ ਗੱਲ ਵੱਲ ਸੰਕੇਤ ਸੀ ਕਿ ਕਯਾਮਤ ਸਮੇਂ ਤਾਂ ਹਰ ਇਕ ਮੁਜਰਮ ਰੱਬ ਦੀ ਕਰੋਪੀ ਦਾ ਸੁਆਦ ਚੱਖੇਗਾ, ਪਰ ਜੋ ਨਾਹੱਕ ਹੀ ਦੁਨੀਆ ਵਿੱਚ ਗ਼ਜ਼ਬ (ਕਰੋਪ) ਕਰਦਾ ਹੈ ਉਹ ਦੁਨੀਆ ਵਿੱਚ ਹੀ ਇਲਾਹੀ ਕਰੋਪੀ ਦਾ ਸੁਆਦ ਚੱਖ ਲੈਂਦਾ ਹੈ । ਇਸਾਈਆਂ ਤੋਂ ਯਹੂਦੀਆਂ ਬਾਰੇ ਦੁਨੀਆ ਵਿੱਚ ਕਰੋਪੀ ਪ੍ਰਕਟ ਨ ਹੋਈ, ਇਸ ਲਈ ਸੂਰਤ ਫ਼ਾਤਿਹਾ ਵਿੱਚ ਇਹਨਾ ਦਾ ਨਾਂ 'ਜ਼ਾਲੀਨ' ਰੱਖਿਆ ਗਿਆ । ਜ਼ਾਲੀਨ ਦੇ ਦੋ ਅਰਥ ਹਨ, ਇਕ ਤਾਂ ਇਹ ਕਿ ਉਹ ਗੁਮਰਾਹ ਹਨ ਅਤੇ ਦੂਜੇ ਅਰਥ ਇਹ ਹਨ ਕਿ ਵਿਲੀਨ ਹੋਣਾ । ਇਹ ਮੇਰੇ ਅਨੁਸਾਰ ਉਹਨਾ ਲਈ ਖ਼ੁਸ਼ਖ਼ਬਰੀ ਹੈ ਕਿ ਕਿਸੇ ਸਮੇਂ ਝੂਠੇ ਧਰਮ ਤੋਂ ਮੁਕਤੀ ਪਾ ਕੇ ਇਸਲਾਮ ਵਿੱਚ ਵਿਲੀਨ ਹੋ ਜਾਣਗੇ ਅਤੇ ਹੌਲ਼ੀ ਹੌਲ਼ੀ ਅਨੇਕ ਈਸ਼ਵਰ ਵਾਦੀ ਅਕੀਦਿਆਂ ਤੇ ਨਾਕਸ ਜਾਂ ਨਿਰਲੱਜ ਰਸਮਾਂ ਨੂੰ ਤਿਆਗ ਕੇ ਇਸਲਾਮੀ ਰੰਗ ਰੂਪ ਵਿੱਚ ਇਕ ਰੱਬ ਦੇ ਉਪਾਸਕ ਬਣ ਜਾਣਗੇ, ਭਾਵ 'ਜ਼ਾਲੀਨ' ਦੇ ਸ਼ਬਦ ਵਿੱਚ ਸੂਰਤ ਫ਼ਤਿਹਾ ਦੇ ਅੰਤ ਵਿੱਚ 'ਜ਼ਲਾਲਤ' ਦੇ ਦੂਜੇ ਅਰਥਾਂ ਦੇ ਪੱਖੋਂ ਇਕ ਚੀਜ਼ ਦਾ ਦੂਜੀ ਚੀਜ਼ ਵਿੱਚ ਵਲੀਨ ਹੋਣਾ ਅਤੇ ਮਿਕਸ ਹੋ ਜਾਣਾ ਇਸਾਈਆਂ ਦੀ ਭਵਿੱਖ ਦੀ ਧਾਰਮਕ ਅਵਸਥਾ ਲਈ ਇਕ ਭਵਿੱਖਬਾਣੀ ਹੈ । (ਲੇਖਕ)

ਕੁਝ ਗ਼ਲਤੀਆਂ ਨ ਹੁੰਦੀਆਂ ਅਤੇ ਜੇਕਰ ਤੁਸੀਂ ਕੁਝ ਹਦੀਸਾਂ ਦੇ ਗ਼ਲਤ ਅਰਥ ਨ ਸਮਝੇ ਹੁੰਦੇ ਤਾਂ ਮਸੀਹ ਮੌਊਦ ਦਾ ਜੋ ਹਕਮ (ਪ੍ਰਕਟ ਹੋਣ ਦਾ ਆਦੇਸ਼) ਹੈ ਆਉਣਾ ਹੀ ਵਿਅਰਥ ਸੀ । ਤੁਹਾਡੇ ਤੋਂ ਪਹਿਲਾਂ ਇਹ ਇਬਰਤ (ਸਿੱਖਿਆ) ਲੈਂਣ ਦਾ ਥਾਂ ਮੌਜੂਦ ਹੈ ਕਿ ਜਿਸ ਗੱਲ'ਤੇ ਤੁਸੀਂ ਜ਼ੋਰ ਪਾਇਆ ਹੈ ਅਤੇ ਜਿਸ ਥਾਂ ਤੁਸੀਂ ਪੈਰ੍ਹ ਰੱਖਿਆ ਹੈ ਉਸੇ ਥਾਂ ਯਹੂਦੀਆਂ ਨੇ ਰੱਖਿਆ ਸੀ ਅਰਥਾਤ ਜਿਵੇਂ ਕਿ ਤੁਸੀਂ ਹਜ਼ਰਤ ਈਸਾ ਅਲੈਹਿ ਸਲਾਮ ਦੇ ਦੁਬਾਰਾ ਆਉਣ ਦੇ ਉਡੀਕਵਾਨ ਹੋ, ਉਹ ਵੀ ਇਲਯਾਸ ਨਬੀ ਦੇ ਮੁੜ ਆਉਣ ਦੇ ਉਡੀਕਵਾਨ ਸਨ ਅਤੇ ਕਹਿੰਦੇ ਸਨ ਕਿ ਮਸੀਹ ਤੱਦ ਆਏਗਾ ਜੱਦ ਪਹਿਲਾਂ ਇਲਯਾਸ ਨਬੀ ਜੋ ਅਕਾਸ਼'ਤੇ ਚੁੱਕ ਲਿਆ ਗਿਆ ਹੈ ਮੁੜ ਦੁਨੀਆ ਵਿੱਚ ਆ ਜਾਏ ਅਤੇ ਜੋ ਵਿਅਕਤੀ ਇਲਯਾਸ ਦੇ ਦੁਬਾਰਾ ਵਾਪਸ ਆਉਣ ਤੋਂ ਪਹਿਲਾਂ ਮਸੀਹ ਹੋਣ ਦਾ ਦਾਵਾ ਕਰੇ ਉਹ ਝੂਠਾ ਹੈ ਅਤੇ ਉਹ ਨ ਕੇਵਲ ਹਦੀਸਾਂ ਅਨੁਸਾਰ ਅਜਿਹਾ ਵਿਚਾਰ ਰਖੱਦੇ ਸਨ ਸਗੋਂ ਰੱਬ ਦੀ ਕਿਤਾਬ ਨੂੰ ਜੋ ਮਲਾਕੀ ਨਬੀ ਦਾ ਹੈ ਇਸਦੇ ਪ੍ਰਮਾਣ ਵੱਜੋਂ ਪੇਸ਼ ਕਰਦੇ ਸਨ । ਪਰ ਜੱਦ ਹਜ਼ਰਤ ਈਸਾ ਅਲੈਹਿ ਸਲਾਮ ਨੇ ਆਪਣੇ ਬਾਰੇ ਯਹੂਦੀਆਂ ਦੇ ਮਸੀਹ ਮੌਊਦ ਹੋਣ ਦਾ ਦਾਵਾ ਕਰ ਦਿਤੱਾ ਅਤੇ ਇਲਯਾਸ ਅਕਾਸ਼ ਤੋਂ ਨ ਉਤਰਿਆ ਜੋ ਉਸ ਦਾਵੇ ਦੀ ਸ਼ਰਤ ਸੀ ਤਾਂ ਇਹ ਸਾਰੇ ਅਕੀਦੇ ਯਹੂਦੀਆਂ ਦੇ ਝੂਠੇ ਸਾਬਤ ਹੋ ਗਏ ਅਤੇ ਉਹ ਜੋ ਯਹੂਦੀਆਂ ਦੇ ਵਿਚਾਰ ਵਿੱਚ ਸੀ ਕਿ ਏਲੀਆ ਨਬੀ ਆਪਣੇ ਪਹਿਲੇ ਸ਼ਰੀਰ ਵਿੱਚ ਅਕਾਸ਼ ਤੋਂ ਪ੍ਰਕਟ ਹੋਵੇਗਾ। ਅਖੀਰ ਉਸ ਦੇ ਇਹ ਅਰਥ ਨਿਕਲੇ ਤੇ ਇਲਯਾਸ ਦੇ ਸੁਭਾਵ ਤੇ ਪ੍ਰਕ੍ਰਿਤੀ ਅਸੁਸਾਰ ਕੋਈ ਦੂਜਾ ਵਿਅਕਤੀ ਪ੍ਰਕਟ ਹੋ ਜਾਵੇਗਾ ਅਤੇ ਇਹ ਅਰਥ ਹਜ਼ਰਤ ਈਸਾ ਨੇ ਆਪ ਬਿਆਨ ਕੀਤੇ, ਜਿੰਨ੍ਹਾ ਨੂੰ ਮੁੜ ਅਕਾਸ਼ ਤੋਂ ਉਤਾਰ ਰਹੇ ਹੋ । ਸੋ, ਤੁਸੀਂ ਕਿਉਂ ਅਜਿਹੀ ਥਾਂ ਠੋਕਰ ਖਾਂਦੇ ਹੋ, ਜਿਸ ਥਾਂ ਤੁਸੀਂ ਪਹਿਲਾਂ ਠੋਕਰ ਖਾ ਚੁਕੇ ਹੋ । ਤੁਹਾਡੇ ਦੇਸ਼ ਵਿੱਚ ਹਜ਼ਾਰਾਂ ਹੀ ਯਹੂਦੀ ਮੌਜੂਦ ਹਨ, ਤੁਸੀਂ ਉਹਨਾ ਨੂੰ ਪੁਛੱਕੇ ਦੇਖ ਲਓ ਕਿ ਕੀ ਯਹੂਦੀਆਂ ਦਾ ਇਹ ਵਿਸ਼ਵਾਸ ਨਹੀਂ, ਜੋ ਹੁਣ ਤੁਸੀਂ ਪ੍ਰਕਟ ਕਰ ਰਹੇ ਹੋ । ਸੋ, ਉਹ ਰੱਬ ਜਿਸਨੇ ਈਸਾ ਖ਼ਾਤਰ ਏਲੀਆ ਨਬੀ ਨੂੰ

ਅਕਾਸ਼ ਤੋਂ ਨ ਉਤਾਰਿਆ ਅਤੇ ਯਹੂਦੀਆਂ ਸਾਹਮਣੇ ਉਸ ਨੂੰ ਤਾਵੀਲਾਂ ਰਾਹੀਂ ਕੰਮ ਲੈਣਾਂ ਪਿਆ । ਉਹ ਤੁਹਾਡੀ ਖ਼ਾਤਰ ਕਿਉ ਈਸਾ ਨੂੰ ਉਤਾਰੇਗਾ ਜਿਸ ਨੂੰ ਤੁਸੀਂ ਦੁਬਾਰਾ ਉਤਾਰਦੇ ਹੋ, ਉਸੇ ਦੇ ਫ਼ੈਸਲੇ ਅਨੁਸਾਰ ਤੁਸੀਂ ਇਨਕਾਰੀ ਹੋ, ਜੇਕਰ ਸ਼ੰਕਾ ਹੈ ਤਾਂ ਕਈ ਲੱਖ ਇਸਾਈ ਇਸ ਦੇਸ ਵਿੱਚ ਮੌਜੂਦ ਹਨ ਅਤੇ ਉਹਨਾ ਦੀ ਇੰਜੀਲ ਵੀ ਮੌਜੂਦ ਹੈ ਉਹਨਾ ਨੂੰ ਪੁੱਛ ਲਓ ਕਿ ਇਹ ਸੱਚ ਨਹੀਂ ਹੈ ਕਿ ਹਜ਼ਰਤ ਈਸਾ ਨੇ ਇਹੋ ਕਿਹਾ ਸੀ ਕਿ ਏਲੀਆ ਜੋ ਦੁਬਾਰਾ ਆਉਣ ਵਾਲਾ ਸੀ ਉਹ ਯੂਹਨੱਾ ਹੀ ਹੈ ਅਰਥਾ ਹਜ਼ਰਤ ਯਾਹਯਾ, ਅਤੇ ਐਨ੍ਹੀ ਗੱਲ ਕਹਿਕੇ ਯਹੂਦੀਆਂ ਦੀ ਪੁਰਾਣੀ ਸਾਰੀਆਂ ਆਸਾਂ ਨੂੰ ਮਿੱਟੀ ਵਿੱਚ ਰੋਲ ਦਿਤੱਾ । ਹੁਣ ਜੇਕਰ ਇਹ ਜ਼ਰੂਰੀ ਹੈ ਕਿ ਈਸਾ ਨਬੀ ਹੀ ਅਕਾਸ਼ ਤੋਂ ਆਵੇ ਤਾਂ ਇਸ ਅਵਸਥਾ ਵਿੱਚ ਹਜ਼ਰਤ ਈਸਾ ਸਚੱਾ ਨਬੀ ਨਹੀਂ ਠਹਿਰ ਸਕਦਾ ਕਿਉਂਕਿ ਜੇਕਰ ਅਕਾਸ਼ ਤੋਂ ਵਾਪਸ ਆਉਂਣਾ ਰਬ ਦੀ ਮਰਿਯਾਦਾ ਵਿੱਚ ਹੁੰਦਾ ਤਾਂ ਇਲਯਾਸ ਨਬੀ ਕਿਉਂ ਨ ਵਾਪਸ ਆਇਆ ਅਤੇ ਕਿਉਂ ਉਸ ਦੀ ਥਾਂ ਯਾਹਯਾ ਨੂੰ ਇਲਯਾਸ ਠਹਿਰਾ ਕੇ ਤਾਵੀਲ ਤੋਂ ਕੰਮ ਲਿਆ ਗਿਆ । ਸੂਝਵਾਨਾ ਲਈ ਇਹ ਸੋਚਣ ਯੋਗ ਹੈ ।

ਭਾਵ ਜਿਸ ਕੰਮ ਲਈ ਆਪ ਲੋਕਾਂ ਦੇ ਅਕੀਦਿਆਂ ਅਨੁਸਾਰ ਮਸੀਹ ਇਬਨੇ ਮਰਯੱਮ ਅਕਾਸ਼ ਤੋਂ ਆਏਗਾ ਅਰਥਾਤ ਇਹ ਕਿ ਮਹਦੀ ਨਾਲ ਮਿਲਕੇ ਲੋਕਾਂ ਨੂੰ ਜਬਰਨ ਮੁਸਲਮਾਨ ਕਰਨ ਲਈ ਜੰਗ ਕਰੇਗਾ, ਇਹ ਇਕ ਅਜਿਹਾ ਅਕੀਦਾ ਹੈ ਜੋ ਇਸਲਾਮ ਨੂੰ ਬਦਨਾਮ ਕਰਦਾ ਹੈ । ਕੁਰਆਨ ਸ਼ਰੀਫ਼ ਵਿੱਚ ਕਿੱਥੇ ਲਿੱਖਿਆ ਹੈ ਕਿ ਧਰਮ ਲਈ ਜਬਰ ਠੀਕ ਹੈ, ਸਗੋਂ ਰੱਬ ਕੁਰਆਨ ਸ਼ਰੀਫ਼ ਵਿੱਚ ਫ਼ਰਮਾਉਦਾ ਹੈ (البقرة257) لَآ إِكْرَاهَ فِي الدِّينِ۔ (ਲਾ ਇਕਰਾਹਾ ਫ਼ਿੱਦੀਨ' ਸੂਰਤ ਬਕਰਹ 257) ਅਰਥਾਤ ਦੀਨ (ਧਰਮ) ਵਿੱਚ ਜਬਰ ਨਹੀਂ ਹੈ, ਫਿਰ ਮਸੀਹ ਇਬਨੇ ਮਰਯਮ ਨੂੰ ਜਬਰ ਕਰਨ ਦਾ ਅਖ਼ਤਿਆਰ ਕਿਵੇਂ ਦਿਤੱਾ ਜਾਏਗਾ, ਇੱਥੋਂ ਤੱਕ ਕਿ ਸਿਵਾਏ ਇਸਲਾਮ ਦੇ ਜਾਂ ਕਤਲ ਦੇ ਜਜ਼ੀਆ (ਟੈਕਸ) ਵੀ ਕੁਬੂਲ ਨਹੀਂ ਕਰੇਗਾ । ਇਹ ਸਿੱਖਿਆ ਕੁਰਆਨ ਸ਼ਰੀਫ਼ ਵਿੱਚ ਕਿਹੜੀ ਥਾਂ

ਤੇ ਕਿਹੜੇ ਸਪਾਰੇ ਤੇ ਸੂਰਤ ਵਿੱਚ ਹੈ[22] । ਸਾਰਾ ਕੁਰਆਨ ਵਾਰ ਵਾਰ ਕਹਿ ਰਿਹਾ ਹੈ ਕਿ ਧਰਮ ਵਿੱਚ ਜਬਰ ਨਹੀਂ ਅਤੇ ਸਪਸ਼ਟ ਰੂਪ ਵਿੱਚ ਪ੍ਰਕਟ ਕਰ ਰਿਹਾ ਹੈ ਕਿ ਜਿੰਨ੍ਹਾ ਲੋਕਾਂ ਨਾਲ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਸਮੇਂ ਲੜਾਈਆਂ ਕੀਤੀਆਂ ਗਈਆਂ ਸਨ । ਉਹ ਲੜਾਈਆਂ ਧਰਮ ਨੂੰ ਜਬਰੀ ਫੈਲਾਉਣ ਲਈ ਨਹੀਂ ਸਨ, ਸਗੋਂ ਜਾਂ ਤਾਂ ਦੰਡ ਵੱਜੋਂ ਸਨ, ਅਰਥਾਤ ਉਹਨਾਂ ਲੋਕਾਂ ਨੂੰ ਦੰਡ ਦੇਣਾ ਬਣਦਾ ਸੀ, ਜਿੰਨ੍ਹਾ ਨੇ ਮੁਸਲਮਾਨਾ ਦੀ ਵੱਡੀ ਗਿਣਤੀ ਨੂੰ ਕਤਲ ਕਰ ਦਿਤੱਾ ਸੀ ਅਤੇ ਕਈਆਂ ਨੂੰ ਆਪਣੇ ਦੇਸ਼ ਵਿੱਚੋਂ ਕੱਢ ਦਿਤੱਾ ਸੀ ਅਤੇ ਅਤਿਅੰਤ ਕਰੜ੍ਹਾ ਜ਼ੁਲਮ ਕੀਤਾ ਸੀ । ਜਿਵੇਂ ਕਿ ਅਲੱਾਹ ਤਆਲਾ ਫ਼ਰਮਾਮਉਂਦਾ ਹੈ ਕਿ :

أُذِنَ لِلَّذِينَ يُقَٰتَلُونَ بِأَنَّهُمْ ظُلِمُوا وَإِنَّ اللَّهَ عَلَىٰ نَصْرِهِمْ لَقَدِيرٌ۔ (الحج 40)

(ਉਜ਼ਿਨਾ ਲਿਲੱਾਜ਼ੀਨਾ ਯੁਕਾਤਾਲੂਨਾ ਬਿਅਨੱਾਹੁਮ ਜ਼ੁਲਿਮੂ ਵ ਇਨੱਲੱਾਹਾ ਅਲਾ ਨਸਰਿਹਿਮ ਲ ਕਦੀਰ, (ਸੂਰਤ ਅਲਹੱਜ 40)

ਅਰਥਾਤ ਇਹਨਾ ਮੁਸਲਮਾਨਾ ਨੂੰ ਜਿੰਨ੍ਹਾ ਨਾਲ ਕੁਫ਼ੱਾਰ ਜੰਗ ਕਰ ਰਹੇ ਹਨ, ਮਜ਼ਲੂਮ (ਨਿਰਦੋਸ਼) ਹੋਣ ਕਰਕੇ ਮੁਕਾਬਲਾ ਕਰਨ ਦੀ ਆਗਿਆ ਦਿੱਤੀ ਗਈ

---

[22] ਜੇਕਰ ਕਹੋ ਕਿ ਅਰਬਾਂ ਲਈ ਵੀ ਹੁਕਮ ਸੀ ਕਿ ਜਬਰੀ ਮੁਸਲਮਾਨ ਕੀਤੇ ਜਾਣ, ਇਹ ਵਿਚਾਰ ਕੁਰਆਨ ਕਰੀਮ ਤੋਂ ਉਕੱਾ ਹੀ ਸਾਬਤ ਨਹੀਂ ਹੁੰਦਾ ਸਗੋਂ ਇਹ ਸਾਬਤ ਹੁੰਦਾ ਹੈ ਕਿ ਕਿਉਂਕਿ ਸਾਰੇ ਅਰਬ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਬਹੁਤ ਦੁੱਖ ਪਹੁੰਚਾਏ ਸਨ ਅਤੇ ਅਨੇਕਾਂ ਹੀ ਸਹਾਬਾ ਪੁਰਸ਼ ਤੇ ਇਸਤਰੀਆਂ ਨੂੰ ਕਤਲ ਕਰ ਦਿਤੱਾ ਸੀ ਅਤੇ ਹੋਰਨਾ ਨੂੰ ਮੱਕੇ ਵਿੱਚੋਂ ਕੱਢ ਦਿਤੱਾ ਸੀ । ਇਸ ਲਈ ਉਹ ਸਾਰੇ ਲੋਕ ਜੋ ਜੁਰਮ ਤੇ ਕਤਲ ਦੇ ਭਾਗੀ ਸਨ, ਉਹ ਸਾਰੇ ਰੱਬ ਦੀ ਨਿਗਾਹ ਵਿੱਚ ਆਪਣੇ ਜੁਰਮਾ ਤੇ ਰਕਤ ਵਹਾਉਣ ਕਰਕੇ ਇਸ ਯੋਗ ਹੋ ਚੁਕੇ ਸਨ ਕਿ ਉਹਨਾ ਬਾਰੇ ਵਟਾਂਦਰੇ ਦੇ ਰੂਪ ਵਿੱਚ ਅਸਲ ਹੁਕਮ ਕਤਲ ਦਾ ਸੀ, ਪਰੰਤੂ ਉਸ ਮਿਹਰਵਾਨ ਵੱਲੋਂ ਇਹ ਰਿਆਇਤ ਦਿੱਤੀ ਗਈ ਕਿ ਜੇਕਰ ਕੋਈ ਉਹਨਾ ਵਿੱਚੋਂ ਮੁਸਲਮਾਨ ਹੋ ਜਾਏ ਤਾਂ ਉਸਦੇ ਪਿਛਲੇ ਜੁਰਮ ਜਿਸਦੇ ਸਬਬ ਉਹ ਮੌਤ ਦੇ ਦੰਡ ਯੋਗ ਹੈ, ਬਖ਼ਸ਼ ਦਿਤੱਾ ਜਾਏਗਾ । ਸੋ, ਕਿੱਥੇ ਇਹ ਅਵਸਥਾ ਰਹਿਮ ਦੀ ਅਤੇ ਕਿੱਥੇ ਇਹ ਜਬਰ। ਲੇਖਕ ।

ਹੈ ਅਤੇ ਰੱਬ ਕਾਦਰ ਹੈ ਕਿ ਜੋ ਇਹਨਾ ਦੀ ਮਦਦ ਕਰੇ । ਜਾਂ ਉਹ ਲੜਾਈਆਂ ਹਨ ਜੋ ਆਪਣੀ ਰੱਖਿਆ ਲਈ ਸਨ, ਅਰਥਾਤ ਜੋ ਇਸਲਾਮ ਨੂੰ ਨਸ਼ਟ ਭਰਸ਼ਟ ਕਰਨ ਲਈ ਪਹਿਲ ਕਰ ਰਹੇ ਸਨ ਜਾਂ ਆਪਣੇ ਦੇਸ਼ ਵਿੱਚ ਇਸਲਾਮ ਨੂੰ ਫੈਲਣ ਤੋਂ ਜਬਰੀ ਰੋਕ ਰਹੇ ਸਨ, ਉਹਨਾ ਨਾਲ ਸਵੈ ਰੱਖਿਆ ਦੇ ਰੂਪ ਵਿੱਚ ਜਾਂ ਦੇਸ਼ ਵਿੱਚ ਧਰਮ ਦੀ ਅਜ਼ਾਦੀ ਪੈਦਾ ਕਰਨ ਲਈ ਲੜਾਈ ਕੀਤੀ ਜਾਂਦੀ ਸੀ । ਸਿਵਾਏ ਇਹਨਾਂ ਤਿੰਨ ਸਬਬਾਂ ਦੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਤੇ ਆਪਦੇ ਪਵਿੱਤਰ ਖ਼ਲੀਫ਼ਿਆਂ ਨੇ ਕੋਈ ਲੜਾਈ ਨਹੀਂ ਲੜੀ, ਸਗੋਂ ਇਸਲਾਮ ਨੇ ਗ਼ੈਰ ਕੌਮਾ ਦੇ ਅਤਿਆਚਾਰ ਐਨ੍ਹੇ ਸਹਿਨ ਕੀਤੇ ਹਨ ਕਿ ਇਸ ਦੀ ਉਧਾਰਣ ਹੋਰਨਾ ਕੌਮਾ ਵਿੱਚ ਨਹੀਂ ਮਿਲਦੀ । ਫਿਰ ਇਹ ਈਸਾ ਅਤੇ ਮਹਦੀ ਸਾਹਬ ਕਿਹੋ ਜਿਹੇ ਹੋਣਗੇ ਜੋ ਆਉਂਦਿਆਂ ਹੀ ਲੋਕਾਂ ਨੂੰ ਕਤਲ ਕਰਨਾ ਸ਼ੁਰੂ ਕਰ ਦੇਣਗੇ। ਇੱਥੋਂ ਤੱਕ ਕਿ ਕਿਸੇ ਕਿਤਾਬ ਦੇ ਮੰਨ੍ਹਣ ਵਾਲਿਆਂ ਕੋਲੋਂ ਜਜ਼ੀਆ (ਟੈਕਸ) ਕੁਬੂਲ ਨਹੀਂ ਕਰਨਗੇ ਅਤੇ ਆਇਤ :

حَتّٰى يُعْطُوا الْجِزْيَةَ عَنْ يَّدٍ وَّهُمْ صٰغِرُوْنَ۔ (التوبة 29)

(ਹਤੱਾ ਯੁਅਤੁਲ ਜਿਜ਼ਯਾਤਾ ਅੰਯਦਿੰਵ ਵਹੁਮ ਸਾਗ਼ਿਰੂਨ, (ਸੂਰਤ ਤੌਬਾ 29)

ਨੂੰ ਵੀ ਰੱਦ ਕਰ ਦੇਣਗੇ । ਇਹ ਇਸਲਾਮ ਧਰਮ ਦੇ ਕਿਹੋ ਜਿਹੇ ਹਾਮੀ ਹੋਣਗੇ ਕਿ ਆਉਂਦਿਆਂ ਹੀ ਕੁਰਆਨ ਕਰੀਮ ਦੀਆਂ ਆਇਤਾਂ ਨੂੰ ਵੀ ਰੱਦ ਕਰ ਦੇਣਗੇ ਜੋ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਸਮੇਂ ਵੀ ਰੱਦ ਨਹੀਂ ਹੋਈਆਂ ਅਤੇ ਫਿਰ ਐਨ੍ਹੇ ਪਰਿਵਰਤਨ ਨਾਲ ਖ਼ਤਮੇ ਨਬੁਵੱਤ ਉਪੱਰ ਵੀ ਹਰਜ ਨਹੀਂ ਆਵੇਗਾ। ਇਸ ਜ਼ਮਾਨੇ ਵਿੱਚ ਜੋ ਤੇਰ੍ਹਾਂ ਸੌ ਸਾਲ ਨਬੁਵੱਤ ਨੂੰ ਲੰਘ ਗਏ ਅਤੇ ਇਸਲਾਮ ਵੀ ਆਪਣੇ ਅੰਦਰੂਨੀ ਰੂਪ ਵਿੱਚ ਤਿਹਤੱਰ (73) ਫ਼ਿਰਕਿਆਂ ਵਿੱਚ ਵੰਡਿਆ ਗਿਆ। ਸੱਚੇ ਨਬੀ ਦਾ ਇਹ ਕੰਮ ਹੋਣਾ ਚਾਹੀਦਾ ਹੈ ਕਿ ਉਹ ਦਲੀਲਾਂ ਰਾਹੀਂ ਦਿਲਾਂ ਨੂੰ ਜਿੱਤੇ ਨ ਕਿ ਤਲਵਾਰ ਨਾਲ ਅਤੇ ਸਲੀਬੀ ਅਕੀਦੇ ਨੂੰ ਵਾਸਤਵ ਵਿੱਚ ਸੱਚੇ ਸਬੂਤਾਂ ਤੇ ਪ੍ਰਮਾਣਾ ਨਾਲ ਤੋੜ ਦੇਵੇ, ਨ ਕਿ ਉਹਨਾ ਸਲੀਬਾਂ ਨੂੰ ਤੋੜਦਾ ਫਿਰੇ ਜੋ ਚਾਂਦੀ ਜਾਂ ਸੋਨੇ ਜਾਂ ਪਿਤੱਲ ਜਾਂ ਲਕੱੜ ਆਦਿ ਤੋਂ ਬਣਾਈਆਂ ਜਾਂਦੀਆਂ ਹਨ । ਜੇਕਰ ਤੁਸੀਂ ਜਬਰ ਕਰੋਗੇ ਤਾਂ ਤੁਹਾਡਾ ਜਬਰ ਇਸ ਗੱਲ ਲਈ ਬਹੁਤ ਹੈ

ਕਿ ਤੁਹਾਡੇ ਕੋਲ ਆਪਣੀ ਸਚੱਾਈ ਲਈ ਕੋਈ ਦਲੀਲ ਨਹੀਂ ਹੈ[23] । ਹਰ ਇਕ ਨਾਦਾਨ ਤੇ ਜ਼ਾਲਮ ਸੁਭਾਵ ਵਾਲਾ ਜੱਦ ਦਲੀਲਾਂ ਦੀ ਅਣਹੋਂਦ ਤੋਂ ਤੰਗ ਆ

---

[23] ਕਈ ਨਾਦਾਨ ਮੇਰੇ'ਤੇ ਇਤਰਾਜ਼ ਕਰਦੇ ਹਨ ਜਿਵੇਂ ਕਿ 'ਅਲਮਿਨਾਰ' ਅਖ਼ਬਾਰ ਦੇ ਮਾਲਕ ਨੇ ਵੀ ਕੀਤਾ ਕਿ ਇਹ ਵਿਅਕਤੀ ਅੰਗ੍ਰੇਜ਼ਾਂ ਦੇ ਦੇਸ਼ ਵਿੱਚ ਰਹਿੰਦਾ ਹੈ, ਇਸ ਲਈ ਜਿਹਾਦ ਦੀ ਮਨਾਹੀ ਕਰਦਾ ਹੈ । ਇਹ ਨਾਦਾਨ ਨਹੀਂ ਜਾਣਦੇ ਕਿ ਜੇਕਰ ਮੈਂ ਝੂਠ ਨਾਲ ਇਸ ਸਰਕਾਰ ਨੂੰ ਖ਼ੁਸ਼ ਕਰਨਾ ਚਾਹੁੰਦਾ ਤਾਂ ਮੈਂ ਵਾਰਾ ਵਾਰ ਕਿਉਂ ਕਹਿੰਦਾ ਕਿ ਮਰਯੱਮ ਦਾ ਪੁਤੱਰ ਈਸਾ ਸਲੀਬ ਤੋਂ ਮੁਕਤੀ ਪ੍ਰਾਪਤ ਕਰਕੇ ਆਪਣੀ ਸੁਭਾਵਕ ਮੌਤ ਨਾਲ ਸ਼੍ਰੀਨਗਰ ਕਸ਼ਮੀਰ ਵਿੱਚ ਮਰ ਗਿਆ ਅਤੇ ਨ ਉਹ ਖ਼ੁਦਾ ਸੀ ਨ ਹੀ ਖ਼ੁਦਾ ਦਾ ਪੁਤੱਰ । ਕੀ ਅੰਗ੍ਰੇਜ਼ ਧਾਰਮਕ ਜੋਸ਼ ਵਾਲੇ ਮੇਰੇ ਇਸ ਵਾਕ ਤੋਂ ਉਪਰਾਮ ਨਹੀਂ ਹੋਣਗੇ । ਸੋ, ਸੁਣੋ ! ਹੇ ਨਾਦਾਨੋ !! ਮੈਂ ਇਸ ਸਰਕਾਰ ਦੀ ਕੋਈ ਖ਼ੁਸ਼ਾਮਦ ਨਹੀਂ ਕਰਦਾ । ਸਗੋਂ ਅਸਲ ਗੱਲ ਇਹ ਹੈ ਕਿ ਅਜਿਹੀ ਸਰਕਾਰ ਤੋਂ ਜੋ ਇਸਲਾਮ ਤੇ ਧਾਰਕਮ ਰੀਤੀਆਂ ਤੇ ਰਿਵਾਜਾਂ ਵਿੱਚ ਕੁਝ ਵੀ ਦਖ਼ਲਾ ਨਹੀਂ ਕਰਦੀ ਅਤੇ ਨ ਆਪਣੇ ਧਰਮ ਨੂੰ ਤਰੱਕੀ ਦੇਣ ਲਈ ਸਾਡੇ ਉਪੱਰ ਤਲਵਾਰ ਚਲਾਉਂਦੀ ਹੈ । ਕੁਰਆਨ ਸ਼ਰੀਫ਼ ਅਨੁਸਾਰ ਧਾਰਮਕ ਜੰਗ ਕਰਨਾ ਹਰਾਮ ਹੈ । ਕਿਉਂਕਿ ਉਹ ਵੀ ਕੋਈ ਧਾਰਮਕ ਜਿਹਾਦ ਨਹੀਂ ਕਰਦੇ । ਸਾਨੂੰ ਉਹਨਾ ਦਾ ਧੰਨਵਾਦ ਕਰਨਾ ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣਾ ਕੰਮ ਮੱਕੇ ਤੇ ਮਦੀਨੇ ਵਿੱਚ ਵੀ ਨਹੀਂ ਕਰ ਸਕਦੇ ਸੀ, ਪਰ ਇਹਨਾ ਦੇ ਦੇਸ਼ ਵਿੱਚ । ਇਹ ਰੱਬ ਦੀ ਦਾਨਾਈ ਸੀ ਕਿ ਮੈਂਨੂੰ ਇਸ ਦੇਸ਼ ਵਿੱਚ ਪੈਦਾ ਕੀਤਾ, ਸੋ, ਕੀ ਮੈਂ ਰੱਬ ਦੀ ਦਾਨਾਈ ਦੀ ਸ਼ਾਨ ਭੰਗ ਕਰਾਂ । ਅਤੇ ਜਿਵੇਂ ਕਿ ਕੁਰਆਨ ਸ਼ਰੀਫ਼ ਦੀ ਆਇਤ :

وَآوَيْنَاهُمَا إِلَىٰ رَبْوَةٍ ذَاتِ قَرَارٍ وَمَعِينٍ ۔ (المؤمنون 51)

ਵ ਆਵੈਨਾ ਹੁਮਾ ਇਲਾ ਰੱਬਵਾਤਿਨ ਜ਼ਾਤਿ ਕਰਾਰਿਨ ਵ ਮਈਨ (ਅਲਮੋਮਿਨੂਨ 51)

ਵਿੱਚ ਰੱਬ ਇਹ ਗੱਲ ਸਾਨੂੰ ਸਮਝਾਉਂਦਾ ਹੈ ਕਿ ਸਲੀਬ ਦੀ ਘਟਨਾ ਦੇ ਬਾਦ ਅਸੀਂ ਈਸਾ ਮਸੀਹ ਨੂੰ ਸਲੀਬੀ ਬਲਾ ਤੋਂ ਰਿਹਾਈ ਦੇਕੇ ਉਸਨੂੰ ਅਤੇ ਉਸਦੀ ਮਾਂ ਨੂੰ ਇਕ ਅਜਿਹੇ ਟੀਲੇ ਉਪੱਰ ਥਾਂ ਦਿੱਤੀ ਕਿ ਉਹ ਆਰਾਮ ਦੀ ਥਾਂ ਸੀ ਅਤੇ ਉਸ ਵਿੱਚ ਸੋਮੇ ਵਗੱਦੇ ਸਨ ਅਰਥਾਤ ਸ਼੍ਰੀਨਗਰ ਕਸ਼ਮੀਰ, ਇਸੇ ਪ੍ਰਕਾਰ ਰੱਬ ਨੇ ਮੈਂਨੂੰ ਇਸ ਸਰਕਾਰ ਦੇ ਉੱਚੇ ਟੀਲੇ ਉਪੱਰ ਜਿੱਥੇ ਫ਼ਸਾਦੀਆਂ ਦਾ ਹੱਥ ਨਹੀਂ ਪੈਂਦਾ ਥਾਂ ਦਿੱਤੀ, ਜੋ ਆਰਾਮ ਦੀ ਥਾਂ ਹੈ ਅਤੇ ਇਸ ਦੇਸ਼ ਵਿੱਚ ਗਿਆਨ ਦੇ ਸੋਮੇ ਵੱਗ ਰਹੇ ਹਨ ਅਤੇ ਫ਼ਸਾਦੀਆਂ ਦੇ ਹਮਲਿਆਂ ਤੋਂ ਅਮਨ

ਜਾਂਦਾ ਹੈ ਤਾਂ ਫ਼ਿਰ ਤਲਵਾਰ ਜਾਂ ਬੰਦੂਕ ਵੱਲ ਹੱਥ ਲੰਮਿਆਂ ਕਰਦਾ ਹੈ । ਪਰ ਅਜਿਹਾ ਧਰਮ ਉਕੱਾ ਹੀ ਰੱਬ ਵੱਲੋਂ ਨਹੀਂ ਹੋ ਸਕਦਾ, ਜੋ ਕੇਵਲ ਤਲਵਾਰ ਦੇ ਬੱਲ ਨਾਲ ਫੈਲ ਸਕਦਾ ਹੈ ਨ ਕਿ ਕਿਸੇ ਹੋਰ ਢੰਗ ਨਾਲ । ਜੇਕਰ ਤੁਸੀਂ ਅਜਿਹੇ ਜਿਹਾਦ ਤੋਂ ਬਾਜ਼ ਨਹੀਂ ਆ ਸਕਦੇ ਅਤੇ ਇਸ'ਤੇ ਗੁੱਸੇ ਵਿੱਚ ਆਣਕੇ ਸੁਮਾਰਗੀਆਂ ਦੇ ਨਾਂ ਵੀ ਦਜੱਾਲ ਅਤੇ ਮੁਲਹੱਦ (ਨਾਸਤਿਕ) ਰਖੱਦੇ ਹੋ ਤਾਂ ਅਸੀਂ ਇਹਨਾ ਦੋ ਵਾਕਾਂ'ਤੇ ਇਸ ਭਾਸ਼ਣ ਨੂੰ ਸਮਾਪਤ ਕਰਦੇ ਹਾਂ :

قُلْ يَاأَيُّهَا الْكَافِرُونَ 0 لَا أَعْبُدُ مَا تَعْبُدُونَ- (الكافرون2-3)

ਕੁਲ ਯਾ ਅਯੁੱਹਲ ਕਾਫ਼ਿਰੂਨ 0 ਲਾ ਆਬੁਦੁ ਮਾ ਤਾਬੁਦੂਨ 0 (ਅਲਕਾਫ਼ਿਰੂਨ 2-3)

ਅੰਦਰੂਨੀ ਮਤਿਭੇਦ ਤੇ ਫੁੱਟ ਦੇ ਸਮੇਂ ਤੁਹਾਡਾ ਫ਼ਰਜ਼ੀ (ਕਾਲਪਨਿਕ) ਮਸੀਹ ਅਤੇ ਫ਼ਰਜ਼ੀ ਮਹਦੀ ਕਿਸ ਕਿਸ'ਤੇ ਤਲਵਾਰ ਚਲਾਏਗਾ, ਕੀ ਸੁੰਨੀਆ ਅਨੁਸਾਰ ਸ਼ੀਯਾ ਇਸ ਯੋਗ ਨਹੀਂ ਕਿ ਉਹਨਾ'ਤੇ ਤਲਵਾਰ ਚੁੱਕੀ ਜਾਏ ਅਤੇ ਸ਼ੀਯਾ ਅਨੁਸਾਰ ਸੁੰਨੀ ਇਸ ਯੋਗ ਨਹੀਂ ਕਿ ਉਹਨਾਂ ਸਾਰਿਆਂ ਨੂੰ ਤਲਵਾਰ ਨਾਲ ਮਿਲੀਆਮੇਟ ਕਰ ਦਿਤੱਾ ਜਾਏ । ਸੋ, ਜੱਦ ਤੁਹਾਡੇ ਅੰਦਰੂਨੀ ਫ਼ਿਰਕੇ ਹੀ ਤੁਹਾਡੇ ਅਕੀਦੇ ਅਨੁਸਾਰ ਦੰਡ ਯੋਗ ਹਨ ਤਾਂ ਤੁਸੀਂ ਕਿਸ ਕਿਸ ਦੇ ਨਾਲ ਜਿਹਾਦ ਕਰੋਗੇ । ਪਰ ਚੇਤੇ ਰੱਖੋ ਕਿ ਰੱਬ ਤਲਵਾਰ ਦਾ ਮੁਥਾਜ ਨਹੀਂ ਹੈ, ਉਹ ਆਪਣੇ ਧਰਮ ਨੂੰ ਅਕਾਸ਼ੀ ਨਿਸ਼ਾਨਾ ਤੇ ਚਮਤਕਾਰਾਂ ਨਾਲ ਧਰਤੀ ਵਿਚ ਫੈਲਾਏਗਾ ਅਤੇ ਕੋਈ ਰੋਕ ਨਹੀਂ ਸਕੇਗਾ ਅਤੇ ਚੇਤੇ ਰੱਖੋ ਕਿ ਹੁਣ ਈਸਾ ਤਾਂ ਉਕੱਾ ਹੀ ਨਾਜ਼ਲ ਨਹੀਂ ਹੋਵੇਗਾ ਕਿਉਂਕਿ ਜੋ ਇਕਰਾਰ ਉਸ ਨੇ ਆਇਤ :

فَلَمَّا تَوَفَّيْتَنِي- (المائدة 118) ਫ਼ਲਮੱਾ ਤਵੱਫ਼ੈਤਨੀ, (ਸੂਰਤ ਅਲਮਾਇਦਾ 118)

ਅਨੁਸਾਰ ਕਯਾਮਤ ਦੇ ਦਿਨ ਕਰਨਾ ਹੈ, ਉਸ ਵਿੱਚ ਸਫ਼ਾਈ ਨਾਲ ਉਸ ਦਾ ਮੰਨਿਆ ਜਾਣਾ ਪਾਇਆ ਜਾਂਦਾ ਹੈ ਕਿ ਉਹ ਦੁਬਾਰਾ ਦੁਨੀਆਂ ਵਿੱਚ ਨਹੀਂ

---

ਤੇ ਸ਼ਾਂਤੀ ਹੈ, ਫਿਰ ਕੀ ਵਾਜਬ ਨਹੀਂ ਸੀ ਕਿ ਅਸੀਂ ਇਸ ਸਰਕਾਰ ਦੇ ਉਪਕਾਰਾਂ ਦਾ ਧੰਨਵਾਦਨ ਕਰਦੇ । ਲੇਖਕ ।

ਆਏਗਾ ਅਤੇ ਕਯਾਮਤ ਨੂੰ ਉਸ ਦਾ ਇਹ ਉਜ਼ਰ ਹੈ ਕਿ ਈਸਾਈਆਂ ਦੇ ਵਿਗੜਨ ਦੀ ਮੈਂਨੂੰ ਕੋਈ ਖ਼ਬਰ ਨਹੀਂ ਅਤੇ ਜੇਕਰ ਉਹ ਕਯਾਮਤ ਤੋਂ ਪਹਿਲਾਂ ਦੁਨੀਆਂ ਵਿੱਚ ਆਉਂਦਾ ਤਾਂ ਕੀ ਉਹ ਇਹ ਉੱਤਰ ਦਿੰਦਾ ਕਿ ਮੈਂਨੂੰ ਈਸਾਈਆਂ ਦੇ ਵਿਗੜਨ ਦੀ ਕੋਈ ਖ਼ਬਰ ਨਹੀਂ । ਇਸ ਲਈ ਇਸ ਆਇਤ ਵਿੱਚ ਉਸ ਨੇ ਸਾਫ਼ ਸਾਫ਼ ਇਕਰਾਰ ਕੀਤਾ ਹੈ ਕਿ ਮੈਂ ਦੁਬਾਰਾ ਦੁਨੀਆ ਵਿੱਚ ਨਹੀਂ ਗਿਆ ਅਤੇ ਜੇਕਰ ਉਹ ਕਯਾਮਤ ਤੋਂ ਪਹਿਲਾਂ ਦੁਨੀਆ ਵਿੱਚ ਆਉਣ ਵਾਲਾ ਸੀ ਅਤੇ ਨਿਰੰਤਰ ਚਾਲ੍ਹੀ (40) ਸਾਲ ਰਹਿਣ ਵਾਲਾ ਸੀ ਤਾਂ ਫਿਰ ਤਾਂ ਉਸਨੇ ਰੱਬ ਦੇ ਸਾਹਮਣੇ ਝੂਠ ਬੋਲਿਆ ਕਿ ਮੈਂਨੂੰ ਇਸਾਈਆ ਦੇ ਹਾਲਾਤ ਦੀ ਕੁਝ ਵੀ ਖ਼ਬਰ ਨਹੀਂ । ਉਸ ਨੂੰ ਤਾਂ ਆਖਣਾ ਚਾਹੀਦਾ ਸੀ ਕਿ ਦੂਜੀ ਵਾਰ ਆਉਣ ਸਮੇਂ ਮੈਂ ਦੁਨੀਆ ਵਿੱਚ ਲਗਭਗ 40 ਕਰੋੜ ਈਸਾਈ ਦੇਖਿਆ ਅਤੇ ਉਹਨਾ ਸਾਰਿਆਂ ਨੂੰ ਦੇਖਿਆ ਅਤੇ ਮੈਂਨੂੰ ਉਹਨਾ ਦੇ ਵਿਗੜਨ ਦੀ ਪੂਰੀ ਖ਼ਬਰ ਹੈ ਅਤੇ ਮੈਂ ਤਾਂ ਉਪਹਾਰ ਦੇ ਯੋਗ ਹਾਂ ਕਿ ਸਾਰਿਆਂ ਇਸਾਈਆਂ ਨੂੰ ਮੁਸਲਮਾਨ ਕੀਤਾ ਅਤੇ ਸਲੀਬਾਂ ਨੂੰ ਤੋੜਿਆ, ਇਹ ਕਿੰਨ੍ਹਾ ਝੂਠ ਹੈ ਕਿ ਈਸਾ ਕਹੇਗਾ ਕਿ ਮੈਂਨੂੰ ਖ਼ਬਰ ਨਹੀਂ, ਭਾਵ ਇਸ ਆਇਤ ਵਿੱਚ ਅਤਿਅੰਤ ਸਪਸ਼ਟ ਰੂਪ ਵਿੱਚ ਇਕਰਾਰ ਕੀਤਾ ਗਿਆ ਹੈ ਕਿ ਉਹ ਦੁਬਾਰਾ ਦੁਨੀਆ ਵਿੱਚ ਨਹੀਂ ਆਏਗਾ ਅਤੇ ਇਹੋ ਸਚੱ ਹੈ ਕਿ ਮਸੀਹ ਫ਼ੌਤ ਹੋ ਚੁਕੇ ਅਤੇ ਸ੍ਰੀਨਗਰ ਮੁਹਲੱਾ ਖ਼ਾਨਯਾਰ ਵਿੱਚ ਉਸ ਦੀ ਕਬਰ ਹੈ[24] । ਹੁਣ ਰੱਬ ਆਪ ਨਾਜ਼ਲ ਹੋਵੇਗਾ ਅਤੇ ਉਹਨਾ ਲੋਕਾਂ ਨਾਲ ਆਪ ਲੜੇਗਾ ਜੋ ਸਚੱਾਈ ਨਾਲ ਲੜਦੇ ਹਨ । ਰੱਬ ਦਾ ਲੜਨਾ ਇਤਰਾਜ਼ ਯੋਗ ਨਹੀਂ ਕਿਉਂਕਿ ਉਹ ਨਿਸ਼ਾਨਾ (ਚਮਤਕਾਰਾਂ) ਦੇ ਰੂਪ ਵਿੱਚ ਹੈ ਪਰ ਮਨੁੱਖ ਦਾ ਲੜਨਾ ਇਤਰਾਜ਼ ਯੋਗ ਹੈ ਕਿਉਂਕਿ ਉਹ ਜਬਰ ਦੇ ਰੂਪ ਵਿੱਚ ਹੈ ।

---

[24] ਇਕ ਯਹੂਦੀ ਨੇ ਵੀ ਇਸ ਦੀ ਤਸਦੀਕ ਕੀਤੀ ਹੈ ਕਿ ਵਾਸਤਵ ਵਿਚ ਇਹ ਕਬਰ ਜੋ ਸ੍ਰੀਨਗਰ ਵਿੱਚ ਹੈ ਯਹੂਦੀਆਂ ਦੇ ਨਬੀਆਂ ਦੀਆਂ ਕਬਰਾਂ ਵਾਂਗ ਬਣੀ ਹੋਈ ਹੈ । ਦੇਖੋ ਵਖੱਰਾ ਪਰਚਾ ਹਾਸ਼ੀਆ । ਲੇਖਕ ।

# ਹਾਸ਼ੀਆ ਬਾਬਤ ਪੰਨ੍ਹਾ 69[25]

ਕਰੀਅਰ ਡਲਾ ਸੀਰਾ ਦਖੱਣੀ ਇਟਲੀ ਦੇ ਸਭ ਤੋਂ ਪ੍ਰਸਿਧ ਅਖ਼ਬਾਰ ਨੇ ਹੇਠ ਲਿਖੀ ਅਜੀਬ ਖ਼ਬਰ ਪ੍ਰਕਾਸ਼ਤ ਕੀਤੀ ਹੈ :-

"13 ਜੁਲਾਈ 1879 ਈ ਨੂੰ ਯੁਰੋਸ਼ਲਮ ਵਿੱਚ ਇਕ ਬੁਢੱਾ ਰਾਹਿਬ (ਸਾਧੂ) ਕੋਰ ਨਾਂ ਦਾ ਮਰਿਆ ਜੋ ਆਪਣੇ ਜੀਵਨ ਵਿੱਚ ਇਕ ਪ੍ਰਸਿੱਧ ਵਲੀ (ਰਿਸ਼ੀ) ਸੀ । ਉਸ ਦੇ ਪਿੱਛੇ ਕੁਝ ਜਾਇਦਾਦ ਸੀ ਜੋ ਗਵਰਨਰ ਨੇ ਉਸ ਦੇ ਰਿਸ਼ਤੇਦਾਰਾਂ ਦੀ ਭਾਲ ਕਰਕੇ ਉਹਨਾ ਦੇ ਹਵਾਲੇ ਦੋ ਲੱਖ ਫ਼੍ਰੈਂਕ (ਇਕ ਲੱਖ ਪੌਨੇ ਉਨ੍ਹੀ ਹਜ਼ਾਰ ਰੁਪਏ) ਕੀਤੇ, ਜੋ ਵੱਖ ਵੱਖ ਦੇਸ਼ਾਂ ਦੇ ਸਿੱਕਿਆਂ ਵਿੱਚ ਸਨ ਅਤੇ ਇਸ ਗ਼ਾਰ (ਖੋਹ) ਵਿੱਚੋਂ ਮਿਲੇ ਜਿੱਥੇ ਉਹ ਰਾਹਿਬ ਬਹੁਤ ਲੰਮੇ ਸਮੇਂ ਤੋਂ ਰਹਿੰਦਾ ਸੀ । ਰੁਪਏ ਦੇ ਨਾਲ ਕੁਝ ਕਾਗ਼ਜ਼ ਵੀ ਉਹਨਾ ਦੇ ਸਾਕਾ ਸੰਬੰਧੀਆਂ ਨੂੰ ਮਿਲੇ, ਜਿੰਨ੍ਹਾ ਨੂੰ ਉਹ ਪੜ੍ਹ ਨਹੀਂ ਸਕਦੇ ਸਨ । ਕੁਝ ਇਬਰਾਨੀ ਭਾਸ਼ਾ ਦੇ ਵਿਦਵਾਨਾ ਨੂੰ ਉਹਨਾ ਦੇ ਕਾਗ਼ਜ਼ਾਂ ਨੂੰ ਦੇਖਣ ਦਾ ਮੌਕਾ ਮਿਲਿਆ ਤਾਂ ਉਹਨਾ ਨੂੰ ਇਹ ਅਜੀਬ ਗੱਲ ਪਤਾ ਲੱਗੀ ਕਿ ਇਹ ਕਾਗ਼ਜ਼ ਬਹੁਤ ਹੀ ਪੁਰਾਣੀ ਇਬਰਾਨੀ ਭਾਸ਼ਾ ਵਿੱਚ ਸਨ ਜੱਦ ਇਿਹਨਾ ਨੂੰ ਪੜ੍ਹਿਆ ਗਿਆ ਤਾਂ ਇਹਨਾ ਵਿੱਚ ਇਹ ਪੰਕਤੀਆਂ ਸਨ :

"ਪਿਤਰਸ ਮਾਹੀਗੀਰ ਯਸੂ ਮਰਿਯੱਮ ਦੇ ਪੁਤੱਰ ਦਾ ਸੇਵਕ ਇਸ ਪ੍ਰਕਾਰ ਲੋਕਾਂ ਨੂੰ ਰੱਬ ਦੇ ਨਾਂ'ਤੇ ਅਤੇ ਉਸਦੀ ਮਰਜ਼ੀ ਅਨੁਸਾਰ ਸੰਬੋਧਨ ਕਰਦਾ ਹੈ ।" ਅਤੇ ਇਹ ਪਤੱਰ ਇਸ ਪ੍ਰਕਾਰ ਖ਼ਤਮ ਹੁੰਦਾ ਹੈ ।

"ਮੈਂ ਪਿਤਰਸ ਮਾਹੀਗੀਰ ਨੇ ਯਸੂ ਦੇ ਨਾਂ'ਚ ਅਤੇ ਆਪਣੀ ਉਮਰ ਦੇ ਨੱਬੇ (90) ਸਾਲ ਵਿੱਚ ਇਹ ਪ੍ਰੇਮ ਦੇ ਸ਼ਬਦ ਆਪਣੇ ਆਕਾ ਤੇ ਮੌਲਾ ਯਸੂ


[25] ਇਹ ਪਹਿਲੇ ਐਡੀਸ਼ਨ ਦਾ ਪੰਨ੍ਹਾ 69 ਹੈ । ਪ੍ਰਕਾਸ਼ਕ ।

ਮਸੀਹ ਮਰਯੱਮ ਦੇ ਪੁਤੱਰ ਦੀ ਮੌਤ ਦੇ ਤਿੰਨ ਸਾਲ ਬਾਦ ਰੱਬ ਦੇ ਪਵਿੱਤਰ ਘਰ ਨੇੜੇ ਬੋਲੇਰ ਦੇ ਘਰ ਵਿੱਚ ਲਿਖੱਣ ਦਾ ਨਿਰਣਾ ਕੀਤਾ ਹੈ ।''

ਇਹਨਾ ਵਿਦਵਾਨਾ ਨੇ ਇਹ ਸਿਟਾ ਕੱਢਿਆ ਹੈ ਕਿ ਇਹ ਨੁਸਖ਼ਾ ਪਿਤਰਸ ਦੇ ਸਮੇਂ ਤੋਂ ਚਲਿਆ ਆਉਂਦਾ ਹੈ । ਲੰਦਨ ਬਾਇਬਲ ਸੋਸਾਇਟੀ ਦੀ ਵੀ ਇਹੋ ਰਾਏ ਹੈ ਅਤੇ ਇਹਨਾ ਦਾ ਚੰਗੀ ਤਰ੍ਹਾ ਨਿਰੀਖਣ ਕਰਨ ਉਪਰੰਤ ਬਾਇਬਲ ਸੋਸਾਇਟੀ ਹੁਣ ਇਹਨਾ ਬਦਲੇ ਚਾਰ ਲੱਖ ਲੀਰਾ (ਦੋ ਲੱਖ ਸਾਢੇ ਸੈਂਤੀ ਹਜ਼ਾਰ ਰੁਪਏ) ਮਾਲਕਾਂ ਨੂੰ ਦੇਕੇ ਇਹ ਕਾਗ਼ਜ਼ ਲੈਣਾ ਚਾਹੁੰਦੀ ਹੈ ।

ਯਸੂ ਮਰਯੱਮ ਦੇ ਪੁਤੱਰ ਦੀ ਦੁਆ ਦੋਹਾਂ ਉਪੱਰ ਸਲਾਮਤੀ ਹੋਵੇ । ਉਸ ਨੇ ਕਿਹਾ ''ਹੇ ਮੇਰੇ ਖ਼ੁਦਾ ਮੈਂ ਇਸ ਯੋਗ ਨਹੀਂ ਕਿ ਇਸ ਚੀਜ਼ ਉਪੱਰ ਗ਼ਾਲਬ ਆ ਸਕਾਂ ਜਿਸ ਨੂੰ ਮੈਂ ਬੁਰਾ ਸਮਝਦਾ ਹਾਂ, ਨ ਮੈਂ ਉਸ ਨੇਕੀ ਨੂੰ ਹਾਸਲ ਕੀਤਾ ਹੈ ਜਿਸਦੀ ਮੈਂਨੂੰ ਇਛੱਾ ਸੀ, ਪਰ ਦੂਜੇ ਲੋਕ ਆਪਣੇ ਪ੍ਰਤੀਫਲ ਨੂੰ ਆਪਣੇ ਹੱਥ ਵਿੱਚ ਰਖੱਦੇ ਹਨ ਅਤੇ ਮੈਂ ਨਹੀਂ । ਪਰ ਮੇਰੀ ਵੱਡਿਆਈ ਮੇਰੇ ਕੰਮ ਵਿੱਚ ਹੈ । ਮੈਂਥੋਂ ਵੱਧ ਬੁਰੀ ਹਾਲਤ ਵਿੱਚ ਕੋਈ ਵਿਅਕਤੀ ਨਹੀਂ ਹੈ । ਹੇ, ਖ਼ੁਦਾ ਜੋ ਸਭ ਤੋਂ ਬੁਲੰਦ ਹੈ ਮੇਰੇ ਗੁਨਾਹ ਮੁਆਫ਼ ਕਰ । ਹੇ, ਖ਼ੁਦਾ ! ਅਜਿਹਾ ਨ ਕਰ ਕਿ ਮੈਂ ਆਪਣੇ ਦੁਸ਼ਮਣਾ ਲਈ ਆਰੋਪ ਦਾ ਸਬਬ ਹੋਵਾਂ, ਨ ਮੈਂਨੂੰ ਆਪਣੇ ਮਿਤੱਰਾਂ ਦੀ ਦ੍ਰਿਸ਼ਟੀ ਵਿੱਚ ਤੁੱਛ ਠਹਿਰਾ ਅਤੇ ਅਜਿਹਾ ਨ ਹੋਵੇ ਕਿ ਮੇਰੀ ਸੰਜਮਤਾ ਮੈਂਨੂੰ ਮੁਸੀਬਤਾਂ ਵਿੱਚ ਪਾਏ, ਅਜਿਹਾ ਨ ਕਰ ਕਿ ਇਹੋ ਦੁਨੀਆ ਮੇਰੀ ਵੱਡੀ ਖ਼ੁਸ਼ੀ ਦੀ ਥਾਂ ਜਾਂ ਮੇਰਾ ਮਨੋਰਥ ਹੋਵੇ ਅਤੇ ਅਜਿਹੇ ਵਿਅਕਤੀ ਨੂੰ ਮੇਰੇ ਉਪੱਰ ਨ ਲਾ ਜੋ ਮੇਰੇ ਉਪੱਰ ਰਹਿਮ ਨ ਕਰੇ । ਹੇ, ਖ਼ੁਦਾ ! ਜੋ ਬਹੁਤ ਹੀ ਰਹਿਮ ਕਰਨ ਵਾਲਾ ਹੈ ਆਪਣੇ ਰਹਿਮ ਦੀ ਖ਼ਾਤਰ ਤੂੰ ਅਜਿਹਾ ਹੀ ਕਰ, ਤੂੰ ਜੋ ਸਾਰਿਆਂ'ਤੇ ਰਹਿਮ ਕਰਦਾ ਹੈਂ ਜੋ ਤੇਰੇ ਰਹਿਮ ਦੇ ਲੋੜਵੰਦ ਹਨ ।

# ਹਾਸ਼ੀਆ ਪੰਨ੍ਹਾ 69 ਬਾਰੇ


میں شہادت دیتاہوں کہ میں نے دیکھا ایک نقشہ پاس مرزا غلام احمد
صاحب قادیانی اورتحقیق وہ صحیح ہے قبر بنی اسرائیل کی قبروں میں سے
اور وہ ہے نبی اسرائیل کے اکابر کی قبروں میں سے
میں نے دیکھا یہ نقشہ آج کے دن جب لکھی
میں نے یہ شہادت بماہ انگریزی جون ۱۲ ۱۸۹۹ء
سلمان یوسف یسحاق تاجر
سلمان یہودی نے میرے رو برو
یہ شہادت لکھی ۔ مفتی محمد صادق بھیروی
کلرک دفتر اکونٹنٹ جنرل لاہور

## ਮਸੀਹ ਦੀ ਕਬਰ ਬਾਰੇ ਇਕ ਇਸਰਾਈਲੀ, ਤੌਰਾਤ ਦੇ ਵਿਦਵਾਨ ਦੀ ਗਵਾਹੀ

اشهد بالله ان هذا الكتاب كتبه سلمان ابن يوسف وانه رجل من اكابر بنی اسرائیل

**ਮੈਂ ਗਵਾਹੀ ਦਿੰਦਾ ਹਾਂ ਕਿ ਮੈਂ ਇਕ ਨਕਸ਼ਾ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਪਾਸ ਦੇਖਿਆ ਅਤੇ ਖੋਜ ਕੀਤੀ ਉਹ ਸਹੀ ਹੈ । ਕਬਰ ਬਨੀ ਇਸਰਾਈਲ ਦੀਆਂ ਕਬਰਾਂ ਵਿੱਚੋਂ ਅਤੇ ਉਹ ਹੈ ਬਨੀ ਇਸਰਾਈਲ ਦੇ ਵਡੇਰਿਆਂ ਦੀਆਂ ਕਬਰਾਂ'ਚੋਂ ਅਤੇ ਮੈਂ ਉਹ ਦੇਖਿਆ ਅੱਜ ਦੇ ਦਿਨ ਜਿਸ ਦਿਨ ਇਹ ਗਵਾਹੀ ਲਿੱਖੀ, ਅੰਗ੍ਰੇਜ਼ੀ ਮਹੀਨੇ 12 ਜੂਨ 1899 ਈ. ਸਲਮਾਨ ਯੂਸੁਫ਼ ਇਸਹਾਕ ਤਾਜਰ ਸਲਮਾਨ ਯਹੂਦੀ ਨੇ ਮੇਰੇ ਰੂਬਰੂ ਇਹ ਗਵਾਹੀ ਲਿੱਖੀ । ਮੁਫ਼ਤੀ ਮੁਹਮੱਦ ਸਾਦਕ ਭੇਰਵੀ ਕਲਰਕ ਦਫ਼ਤਰ ਇਕਾਊਟੈਂਟ ਜਨਰਲ ਲਾਹੌਰ ।**

**ਮੈਂ ਰੱਬ ਦੀ ਸਹੁੰ ਖਾ ਕੇ ਗਵਾਹੀ ਦਿੰਦਾ ਹਾਂ ਕਿ ਇਹ ਲੇਖ ਸਲਮਾਨ ਬਿਨ ਯੂਸੁਫ਼, ਜੋ ਬਨੀ ਇਸਰਾਈਲ ਦੇ ਮਹਾਨ ਵਿਦਵਾਨਾਂ'ਚੋਂ ਹੈ ਨੇ ਲਿੱਖਿਆ ।**

**ਹਸਤਾਖ਼ਰ ਸਯੱਦ ਅਬਦੁਲੱਾਹ ਬਗ਼ਦਾਦੀ**

اشهد بالله ان هذا الكتاب كتبه سلمان ابن يوسف وانه رجل من اكابر بنی اسرائیل

ਇਹਨਾ **ਮੌਲਵੀਆਂ'ਤੇ** ਖੇਦ ਹੈ, ਜੇਕਰ ਇਹਨਾ ਵਿੱਚ ਇਮਾਨਦਾਰੀ ਹੁੰਦੀ ਤਾਂ ਉਹ ਸੰਜਮਤਾ ਦੇ ਮਾਰਗ ਰਾਹੀਂ ਆਪਣੀ ਤਸੱਲੀ ਹਰ ਪ੍ਰਕਾਰ ਤੋਂ ਕਰਾਉਂਦੇ ਅਤੇ ਰੱਬ ਨੇ ਤਾਂ ਨੇਕ ਆਤਮਾਵਾਂ ਦੀ ਤਸੱਲੀ ਕਰ ਦਿੱਤੀ ਪਰ ਉਹ ਲੋਕ ਜੋ ਅਬੂਜਹਿਲ ਦੀ ਮਿੱਟੀ ਦੇ ਬਣੇ ਹੋਏ ਹਨ ਉਹ ਉਸੇ ਢੰਗ ਨੂੰ ਧਾਰਣ ਕਰਦੇ ਹਨ ਜੋ ਅਬੂਜਹਿਲ ਨੇ ਧਾਰਣ ਕੀਤਾ ਸੀ । ਇਕ ਮੌਲਵੀ ਸਾਹਬ ਨੇ ਮੇਰਠ ਤੋਂ ਰਜਿਸਟਰੀ ਡਾਕ ਰਾਹੀਂ ਸੂਚਨਾ ਦਿੱਤੀ ਹੈ ਕਿ ਅੰਮ੍ਰਿਤਸਰ ਵਿੱਚ ਨਦਵਾਤੁਲ ਉਲਮਾ ਦਾ ਜਲਸਾ ਹੈ, ਇਸ ਥਾਂ ਆਣਕੇ ਬਹਿਸ ਕਰਨੀ ਚਾਹੀਦੀ ਹੈ, ਪਰ ਸਪਸ਼ਟ ਰਹੇ ਕਿ ਜੇਕਰ ਇਹਨਾ ਵਿਰੋਧੀਆਂ ਦੀਆਂ ਨੀਅਤਾਂ ਨੇਕ ਹੁੰਦੀਆਂ ਅਤੇ ਜਿੱਤ ਹਾਰ ਦਾ ਵਿਚਾਰ ਨ ਹੁੰਦਾ ਤਾਂ ਇਹਨਾਂ ਨੂੰ ਆਪਣੀ ਤਸੱਲੀ ਕਰਾਉਣ ਲਈ ਨਦਵਾ ਆਦਿ ਦੀ ਕੀ ਲੋੜ ਸੀ ਅਸੀਂ ਨਦਵਾ ਦੇ ਮੌਲਵੀਆਂ ਨੂੰ ਅੰਮ੍ਰਿਤਸਰ ਦੇ ਮੌਲਵੀਆਂ ਤੋਂ ਅੱਡਰੇ ਨਹੀਂ ਸਮਝਦੇ, ਇਕ ਹੀ ਅਕੀਦਾ ਹੈ । ਇਕ ਹੀ ਜਿੰਸ ਤੇ ਇਕ ਹੀ ਮਾਦਾ ਹੈ ਹਰ ਇਕ ਨੂੰ ਅਖ਼ਤਿਆਰ ਹੈ ਕਿ ਕਾਦੀਆਂ ਵਿੱਚ ਆਵੇ ਪਰ ਬਹਿਸ ਲਈ ਨਹੀਂ ਸਗੋਂ ਕੇਵਲ ਸਚਾਈ ਦੀ ਭਾਲ ਲਈ । ਸਾਡੇ ਭਾਸ਼ਣਾ ਨੂੰ ਸੁਣੇ ਜੇਕਰ ਸ਼ੰਕਾ ਹੋਵੇ ਤਾਂ ਮਿਸਕੀਨੀ ਤੇ ਸਤਿਕਾਰ ਵਿੱਚ ਰਹਿੰਦਿਆਂ ਹੋਇਆਂ ਆਪਣੇ ਸ਼ੰਕਿਆਵਾਂ ਦਾ ਨਿਵਾਰਣ ਕਰਾਏ ਅਤੇ ਜੱਦ ਤੱਕ ਉਹ ਕਾਦੀਆਂ ਵਿੱਚ ਰਹੇਗਾ ਮਹਿਮਾਨ ਦੇ ਰੂਪ ਵਿੱਚ ਸਮਝਿਆ ਜਾਏਗਾ । ਸਾਨੂੰ ਨਦਵਾ ਆਦਿ ਦੀ ਲੋੜ ਨਹੀਂ ਅਤੇ ਨ ਉਹਨਾ ਵੱਲ ਕੋਈ ਲੋੜ ਹੈ । ਇਹ ਸਾਰੇ ਲੋਕ ਸੁਮਾਰਗ ਦੇ ਵੈਰੀ ਹਨ ਪਰ ਸੁਮਾਰਗ ਦੁਨੀਆ ਵਿੱਚ ਫੈਲਦਾ ਜਾਂਦਾ ਹੈ, ਕੀ ਇਹ ਰੱਬ ਦਾ ਮਹਾਨ ਚਮਤਕਾਰ ਨਹੀਂ ਕਿ ਉਸ ਨੇ ਅੱਜ ਤੋਂ ਵੀਹ ਸਾਲ ਪਹਿਲਾਂ ਬ੍ਰਾਹੀਨ ਅਹਮਦੀਆ ਵਿੱਚ ਆਪਣੇ ਇਲਹਾਮ (ਈਸ਼ਵਾਣੀ) ਰਾਹੀਂ ਪ੍ਰਗਟ ਕਰ ਦਿਤੱਾ ਸੀ ਕਿ ਲੋਕ ਤੁਹਾਡੇ ਅਸਫ਼ਲ ਰਹਿਣ ਲਈ ਬਹੁਤ ਜਤਨ ਕਰਨਗੇ ਅਤੇ ਨਹੁਆਂ ਤੱਕ ਜ਼ੋਰ ਲਾਉਣਗੇ ਪਰ ਅੰਤ ਵਿੱਚ ਤੁਹਾਨੂੰ ਇਕ ਵੱਡੀ ਜਮਾਤ ਬਣਾਵਾਂਗਾ । ਇਹ ਉਸ ਸਮੇਂ ਦੀ ਇਲਾਹੀ ਬਾਣੀ ਹੈ ਜੱਦ ਕਿ ਮੇਰੇ ਨਾਲ ਇਕ ਵੀ ਵਿਅਕਤੀ ਨਹੀਂ ਸੀ, ਫਿਰ ਮੇਰੇ ਦਾਵੇ ਦੇ ਪ੍ਰਕਾਸ਼ਤ ਹੋਣ'ਤੇ

ਵਿਰੋਧੀਆਂ ਨੇ ਨਹੁੰਆਂ ਤੱਕ ਜ਼ੋਰ ਲਾਇਆ, ਅਖੀਰ ਉਪਰੋਕਤ ਪੇਸ਼ਗੋਈ (ਭਵਿੱਖਬਾਣੀ) ਅਨੁਸਾਰ ਇਹ ਜਮਾਤ ਫੈਲ ਗਈ ਅਤੇ ਹੁਣ ਅੱਜ ਦੀ ਮਿਤੀ ਤੱਕ ਬ੍ਰਿਟਿਸ਼ ਇੰਡੀਆ ਵਿੱਚ ਇਹ ਜਮਾਤ ਇਕ ਲੱਖ ਤੋਂ ਵੀ ਕੁਝ ਬਹੁਤੀ ਹੈ । ਨਦਵਾਤੁਲ ਉਲਮਾ ਨੂੰ ਜੇਕਰ ਚੇਤੇ ਹੈ ਤਾਂ ਬ੍ਰਾਹੀਨ ਅਹਮਦੀਆ ਅਤੇ ਸਰਕਾਰੀ ਕਾਗ਼ਜ਼ਾਂ ਨੂੰ ਦੇਖਕੇ ਦੱਸੇ ਕਿ ਕੀ ਇਹ ਚਮਤਕਾਰ ਹੈ ਜਾਂ ਨਹੀਂ, ਫਿਰ ਜੱਦ ਕਿ ਕੁਰਆਨ ਕਰੀਮ ਤੇ ਚਮਤਕਾਰ ਦੋਵੇਂ ਪੇਸ਼ ਕੀਤੇ ਗਏ ਤਾਂ ਹੁਣ ਬਹਿਸ ਕਿਸ ਗੱਲ ਦੀ ?

ਅਜਿਹਾ ਹੀ ਇਸ ਦੇਸ਼ ਦੇ ਗੱਦੀਨਸ਼ੀਨ ਤੇ ਪੀਰਜ਼ਾਦੇ ਦੀਨ (ਧਰਮ) ਤੋਂ ਅਜਿਹੇ ਅਸੰਬੰਧਤ ਅਤੇ ਆਪਣੀਆਂ ਬਿਦੱਤਾਂ ਵਿੱਚ ਅਜਿਹੇ ਦਿਨ ਰਾਤ ਲੀਨ ਹਨ ਕਿ ਉਹਨਾ ਨੂੰ ਇਸਲਾਮ ਦੀਆਂ ਔਕੁੜਾਂ ਤੇ ਮੁਸੀਬਤਾਂ ਦੀ ਕੋਈ ਖ਼ਬਰ ਹੀ ਨਹੀਂ ਹੈ । ਇਹਨਾ ਦੀਆਂ ਸਭਾਵਾਂ ਵਿੱਚ ਜੇਕਰ ਜਾਈਏ ਤਾਂ ਬਜਾਏ ਕੁਰਆਨ ਕਰੀਮ ਤੇ ਹਦੀਸਾਂ ਦੇ ਹੋਰ ਹੀ ਵੱਖ ਵੱਖ ਪ੍ਰਕਾਰ ਦੇ ਤੰਬੂਰੇ ਤੇ ਸਾਰੰਗੀਆਂ ਅਤੇ ਢੋਲਕੀਆਂ ਤੇ ਕਵੱਾਲ (ਕਵਾਲੀਆਂ ਗਾਉਣ ਵਾਲੇ) ਆਦਿ ਬਿਦੱਤਾਂ ਦਿਖਾਈ ਦੇਣਗੀਆਂ ਅਤੇ ਫਿਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਮੁਸਲਮਾਨਾ ਦੇ ਆਗੂ ਹੋਣ ਦਾ ਦਾਵਾ ਤੇ ਨਬੀ ਦੀ ਪੈਰ੍ਹਵੀ ਦੀਆਂ ਗਪੱਾਂ ਅਤੇ ਕੁਝ ਤਾਂ ਇਹਨਾਂ ਵਿੱਚੋਂ ਇਸਤਰੀਆਂ ਦੇ ਵਸਤਰ ਪਾਉਂਦੇ ਹਨ ਅਤੇ ਹਥੱਾਂ ਨੂੰ ਮਿਹੰਦੀ ਲਾਉਂਦੇ ਹਨ ਅਤੇ ਚੂੜੀਆਂ ਪਾਉਂਦੇ ਹਨ ਅਤੇ ਕੁਰਆਨ ਸ਼ਰੀਫ਼ ਬਾਰੇ ਸ਼ੇਅਰ ਪੜ੍ਹਨਾ ਆਪਣੀ ਸਭਾਵਾਂ ਵਿੱਚ ਪਸੰਦ ਕਰਦੇ ਹਨ । ਇਹ ਅਜਿਹੇ ਪੁਰਾਣੇ ਜ਼ੰਗਾਰ ਹਨ ਜੋ ਵਿਚਾਰ ਨਹੀ ਆ ਸਕਦਾ ਕਿ ਦੂਰ ਹੋ ਸਕਣ, ਫਿਰ ਵੀ ਰੱਬ ਆਪਣੀਆਂ ਕੁਦਰਤਾਂ ਦਿਖਾਏਗਾ ਅਤੇ ਇਸਲਾਮ ਦਾ ਹਾਮੀ ਹੋਵੇਗਾ ।

# ਇਸਤਰੀਆਂ ਨੂੰ ਕੁਝ ਨਸੀਹਤ

ਸਾਡੇ ਇਸ ਯੁੱਗ ਵਿੱਚ ਕੁਝ ਵਿਸੇਸ਼ ਬਿਦੱਤਾਂ ਵਿੱਚ ਇਸਤਰੀਆਂ ਵੀ ਗ੍ਰਿਸੀਆਂ ਹੋਈਆਂ ਹਨ । ਉਹ ਇਕ ਤੋਂ ਵੱਧ ਨਿਕਾਹ ਦੇ ਮਸਲੇ ਨੂੰ ਅਤਿਅੰਤ ਭੈੜੀ ਨਿਗਾਹ ਨਾਲ ਦੇਖਦੀਆਂ ਹਨ, ਸੰਭਵਤਾ ਉਸ'ਤੇ ਇਮਾਨ ਹੀ ਨਹੀਂ ਰਖੱਦੀਆਂ, ਉਹਨਾ ਨੂੰ ਪਤਾ ਨਹੀਂ ਕਿ ਰੱਬ ਦੀ ਸ਼ਰੀਅਤ ਹਰ ਪ੍ਰਕਾਰ ਦਾ ਇਲਾਜ ਆਪਣੇ ਅੰਦਰ ਰਖੱਦੀ ਹੈ । ਸੋ, ਜੇਕਰ ਇਸਲਾਮ ਵਿੱਚ ਇਕ ਤੋਂ ਵੱਧ ਨਿਕਾਹ ਦਾ ਮਸਲਾ ਨ ਹੁੰਦਾ ਤਾਂ ਅਜਿਹੀ ਅਵਸਥਾ ਵਿੱਚ ਕਿ ਜੋ ਪੁਰੁਸ਼ਾਂ ਲਈ ਦੂਜੇ ਨਿਕਾਹ ਦੀ ਲੋੜ ਪੈ ਜਾਂਦੀ, ਇਸ ਸ਼ਰੀਅਤ ਵਿੱਚ ਉਹਨਾ ਦਾ ਕੋਈ ਹੱਲ ਨ ਹੁੰਦਾ । ਉਧਾਰਣ ਲਈ ਇਸਤਰੀ ਪਾਗਲ ਹੋ ਜਾਏ ਜਾਂ ਅਸਾਧ ਰੋਗ ਹੋ ਜਾਏ ਜਾਂ ਹਮੇਸ਼ਾ ਲਈ ਕਿਸੇ ਅਜਿਹੇ ਰੋਗ ਵਿੱਚ ਗ੍ਰਿਸੀ ਜਾਏ ਜੋ ਬੇਕਾਰ ਕਰ ਦਿੰਦਾ ਹੈ ਜਾਂ ਕੋਈ ਅਜਿਹੀ ਅਵਸਥਾ ਬਣ ਜਾਏ ਕਿ ਇਸਤਰੀ ਰਹਿਮ ਯੋਗ ਹੋਵੇ, ਬੇਕਾਰ ਹੋ ਜਾਏ ਅਤੇ ਪੁਰੁਸ਼ ਵੀ ਰਹਿਮ ਯੋਗ ਹੋਵੇ ਕਿ ਉਹ ਇਕੱਲਿਆਂ ਰਹਿਣ ਵਿੱਚ ਸੰਤੋਖੀ ਨ ਹੋਵੇ ਤਾਂ ਅਜਿਹੀ ਅਵਸਥਾ ਵਿੱਚ ਪੁਰੁਸ਼ ਦੇ ਅੰਗਾ ਉਪੱਰ ਜ਼ੁਲਮ ਹੈ ਕਿ ਉਸ ਨੂੰ ਦੂਜੇ ਨਿਕਾਹ ਦੀ ਅਗਿਆ ਨ ਦਿੱਤੀ ਜਾਏ । ਵਾਸਤਵ ਵਿੱਚ ਰੱਬ ਦੀ ਸ਼ਰੀਅਤ ਨੇ ਇਹਨਾ ਕਾਰਜਾਂ ਉਪੱਰ ਦ੍ਰਿਸਟੀ ਕਰਕੇ ਪੁਰੁਸ਼ਾਂ ਲਈ ਇਹ ਮਾਰਗ ਖੁਲੱਾ ਰੱਖਿਆ ਹੈ ਅਤੇ ਮਜਬੂਰੀਆਂ ਸਮੇਂ ਇਸਤਰੀਆਂ ਲਈ ਵੀ ਮਾਰਗ ਖੁਲੱਾ ਹੈ ਕਿ ਜੇਕਰ ਪੁਰੁਸ਼ ਬੇਕਾਰ ਹੋ ਜਾਏ ਤਾਂ ਹਾਕਮ (ਅੱਜ ਕੱਲ ਕੋਰਟ ਰਾਹੀਂ) ਰਾਹੀਂ ਖ਼ੁਲਾਅ (ਇਸਤਰੀ ਵੱਲੋਂ ਅੱਡ ਹੋਣਾ) ਕਰਵਾ ਲਏ ਜੋ ਤਲਾਕ ਦਾ ਪੂਰਕ ਹੈ । ਰੱਬ ਦੀ ਸ਼ਰੀਅਤ ਔਸ਼ਧ ਵਿਕ੍ਰੇਤਾ ਦੀ ਦੁਕਾਨ ਵਾਂਗ ਹੈ, ਸੋ, ਜੇਕਰ ਅਜਿਹੀ ਦੁਕਾਨ ਨਹੀਂ ਹੈ ਜਿਸ ਵਿੱਚ ਹਰ ਇਕ ਬਿਮਾਰੀ ਦੀ ਦਵਾਈ ਮਿਲ ਸਕਦੀ ਹੈ ਤਾਂ ਉਹ ਦੁਕਾਨ ਚੱਲ ਨਹੀਂ ਸਕਦੀ । ਸੋ, ਗ਼ੌਰ ਕਰੋ ਕਿ ਕੀ ਇਹ ਸੱਚ ਨਹੀਂ ਕਿ ਕਈ ਔਕੁੜਾਂ ਪੁਰੁਸ਼ਾਂ ਲਈ ਅਜਿਹੀਆਂ ਪੇਸ਼ ਆ ਜਾਂਦੀਆਂ ਹਨ ਜਿੰਨ੍ਹਾ ਵਿੱਚ ਦੂਜੇ ਨਿਕਾਹ ਲਈ ਚਿੰਤਤ ਹੁੰਦੇ ਹਨ । ਉਹ

ਸ਼ਰੀਅਤ ਕਿਹੜੇ ਕੰਮ ਦੀ ਜਿਸ ਵਿੱਚ ਸਾਰੀਆਂ ਔਕੁੜਾਂ ਦਾ ਇਲਾਜ ਨਹੀਂ । ਦੇਖੋ, ਇੰਜੀਲ ਵਿੱਚ ਤਲਾਕ ਦੇ ਮਸਲੇ ਬਾਰੇ ਕੇਵਲ ਜ਼ਿਨਾ (ਵਿਭਚਾਰ) ਦੀ ਸ਼ਰਤ ਸੀ ਅਤੇ ਦੂਜੇ ਸੈਂਕੜਿਆਂ ਪ੍ਰਕਾਰ ਦੇ ਸਬਬਾਂ ਨੂੰ ਜੋ ਪੁਰਸ਼ ਤੇ ਇਸਤਰੀਆਂ ਨੂੰ ਜਾਨੀ ਦੁਸ਼ਮਣ ਬਣਾ ਦਿੰਦੇ ਹਨ, ਉਹਨਾਂ ਦਾ ਕੋਈ ਵਰਨਣ ਨਹੀਂ ਸੀ । ਇਸ ਲਈ ਇਸਾਈ ਕੌਮ ਇਸ ਉਣਤਾਈ ਨੂੰ ਝੱਲ ਨ ਸਕੀ ਅਤੇ ਅੰਤ ਅਮਰੀਕਾ ਵਿੱਚ 'ਤਲਾਕ' ਦਾ ਕਾਨੂਨ ਪਾਸ ਕਰਨਾ ਪਿਆ । ਸੋ, ਹੁਣ ਸੋਚੋ ਕਿ ਇਸ ਕਾਨੂਨ ਰਾਹੀਂ ਇੰਜੀਲ ਕਿਧੱਰ ਗਈ । ਇਸ ਲਈ ਹੇ, ਇਸਤਰੀਓ ! ਚਿੰਤਾ ਨ ਕਰੋ, ਤੁਹਾਨੂੰ ਜੋ ਕਿਤਾਬ ਮਿਲੀ ਹੈ ਉਹ ਇੰਜੀਲ ਵਾਂਗ ਮਨੁੱਖੀ ਪਰਿਵਰਤਨ ਦੀ ਮੁਥਾਜ ਨਹੀਂ । ਇਸ ਕਿਤਾਬ ਵਿੱਚ ਜਿਵੇਂ ਪੁਰਸ਼ਾਂ ਦੇ ਅਧਿਕਾਰ ਸੁਰੱਖਿਅਤ ਹਨ ਉਸੇ ਪ੍ਰਕਾਰ ਇਸਤਰੀਆਂ ਦੇ ਅਧਿਕਾਰ ਵੀ ਸੁਰੱਖਿਅਤ ਹਨ । ਜੇਕਰ ਇਸਤਰੀ ਪੁਰਸ਼ ਦੇ ਇਕ ਤੋਂ ਵੱਧ ਵਿਆਹ ਤੋਂ ਦੁਖੀ ਹੈ ਤਾਂ ਉਹ ਹਾਕਮ ਰਾਹੀਂ ਖ਼ੁਲਾਅ ਲੈ ਸਕਦੀ ਹੈ । ਰੱਬ ਦਾ ਇਹ ਫ਼ਰਜ਼ ਸੀ ਕਿ ਭਿੰਨ ਭਿੰਨ ਅਵਸਥਾਵਾਂ ਜੋ ਮੁਸਲਮਾਨਾ ਵਿੱਚ ਪੇਸ਼ ਆਉਣ ਵਾਲੀਆਂ ਸਨ, ਆਪਣੀ ਸ਼ਰੀਅਤ ਵਿੱਚ ਉਹਨਾ ਦਾ ਵਰਨਣ ਕਰ ਦਿੰਦਾ ਤਾਂ ਜੋ ਸ਼ਰੀਅਤ ਨਾਕਸ (ਤਰੁਟੀਪੂਰਨ) ਨ ਹੋਵੇ । ਇਸ ਲਈ ਹੇ, ਇਸਤਰੀਓ ! ਤੁਸੀਂ ਆਪਣੇ ਪਤੀਆਂ ਦੇ ਇਸ ਨਿਸ਼ਚੇ ਸਮੇਂ ਕਿ ਉਹ ਦੂਜਾ ਵਿਆਹ ਕਰਵਾਉਣਾ ਚਾਹੁੰਦਾ ਹੈ ਰੱਬ ਦੀ ਸ਼ਿਕਾਇਤ ਨ ਕਰੋ, ਸਗੋਂ ਤੁਸੀਂ ਦੁਆ ਕਰੋ ਕਿ ਰੱਬ ਤੁਹਾਨੂੰ ਮੁਸੀਬਤ ਤੇ ਦੁੱਖ ਤੋਂ ਸੁਰੱਖਿਅਤ ਰੱਖੇ । ਭਾਵੇਂ ਉਹ ਮਨੁੱਖ ਕਠੋਰ, ਜ਼ਾਲਮ ਤੇ ਉਤੱਰਦਾਈ ਹੈ ਜੋ ਦੋ ਪਤਨੀਆਂ ਰਖੱਕੇ ਨਿਆ ਨਹੀਂ ਕਰਦਾ । ਪਰ ਤੁਸੀਂ ਆਪ ਰੱਬ ਦੀ ਅਵੱਗਿਆ ਕਰਕੇ ਇਲਾਹੀ ਦੰਡ ਦੀ ਭਾਗੀ ਨ ਬਣੋ । ਹਰ ਕੋਈ ਆਪਣੇ ਕਰਮਾ ਕਰਕੇ ਪੁੱਛਿਆ ਜਾਵੇਗਾ । ਜੇਕਰ ਤੁਸੀਂ ਰੱਬ ਦੀ ਨਜ਼ਰ ਵਿੱਚ ਨੇਕ ਬਣੋ ਤਾਂ ਤੁਹਾਡਾ ਪਤੀ ਵੀ ਨੇਕ ਕੀਤਾ ਜਾਏਗਾ । ਬੇਸ਼ਕ ਸ਼ਰੀਅਤ ਨੇ ਭਿੰਨ ਭਿੰਨ ਮਸਲਿਆਂ ਕਰਕੇ ਬਹੁ ਵਿਵਾਹ ਨੂੰ ਜਾਇਜ਼ ਕਰਾਰ ਦਿਤੱਾ ਹੈ, ਪਰ ਤਕਦੀਰੇ ਇਲਾਹੀ ਦਾ ਕਾਨੂਨ ਤੁਹਾਡੇ ਲਈ ਖੁਲੱਾ ਹੈ । ਜੇਕਰ ਸ਼ਰੀਅਤ ਦਾ ਕਾਨੂਨ

ਤੁਹਾਡੇ ਲਈ ਸਹਿਨ ਯੋਗ ਨਹੀਂ ਤਾਂ ਦੁਆ ਰਾਹੀਂ ਤਕਦੀਰੇ ਇਲਾਹੀ ਦੇ ਕਾਨੂਨ ਦਾ ਲਾਭ ਉਠਾਓ । ਕਿਉਂਕਿ ਤਕਦੀਰੇ ਇਲਾਹੀ ਦਾ ਕਾਨੂਨ ਸ਼ਰੀਅਤ ਦੇ ਕਾਨੂਨ ਉਪੱਰ ਵੀ ਗ਼ਾਲਬ ਆ ਜਾਂਦਾ ਹੈ । ਸੰਜਮਤਾ ਧਾਰਨ ਕਰੋ । ਦੁਨੀਆ ਵਿੱਚ ਉਸ ਦੀ ਸੁੰਦਰਤਾ ਨਾਲ ਬਹੁਤਾ ਦਿਲ ਨ ਲਾਓ । ਕੌਮੀ (ਜਾਤ ਪਾਤ) ਦਾ ਮਾਣ ਨ ਕਰੋ । ਕਿਸੇ ਇਸਤਰੀ ਨਾਲ ਠੱਠੇ ਮਖ਼ੌਲ ਨ ਕਰੋ । ਪਤੀਆਂ ਕੋਲੋਂ ਉਹ ਮੰਗ ਨ ਕਰੋ ਜੋ ਉਹਨਾ ਦੀ ਪਹੁੰਚ ਤੋਂ ਬਾਹਰ ਹੋਵੇ । ਜਤਨ ਕਰੋ ਕਿ ਤੁਸੀਂ ਮਾਸੂਮ, ਨਿਰਲੇਪ ਤੇ ਪਾਕ ਹੋਣ ਦੀ ਅਵਸਥਾ ਵਿੱਚ ਕਬਰਾਂ ਵਿੱਚ ਦਾਖ਼ਲ ਹੋਵੋ। ਖ਼ੁਦਾ ਵੱਲੋਂ ਲਾਏ ਗਏ ਫ਼ਰਜ਼ ਨਮਾਜ਼ ਰੋਜ਼ਾ ਤੇ ਜ਼ਕਾਤ ਵਿੱਚ ਤੁਸੀਂ ਸੁਸਤੀ ਨ ਕਰੋ । ਆਪਣੇ ਪਤੀਆਂ ਦੀ ਦਿਲ ਤੇ ਜਾਨ ਨਾਲ ਤਾਬਿਆਦਾਰੀ ਕਰੋ । ਉਹਨਾ ਦੇ ਮਾਣ ਦਾ ਬਹੁਤਾ ਭਾਗ ਤੁਹਾਡੇ ਹਥੱਾਂ ਵਿੱਚ ਹੈ । ਸੋ, ਤੁਸੀਂ ਆਪਣੀ ਜ਼ਿੰਮੇਦਾਰੀ ਨੂੰ ਭਲੀ ਪ੍ਰਕਾਰ ਪੂਰਾ ਕਰੋ ਕਿ ਰੱਬ ਕੋਲ ਤੁਸੀਂ ਨੇਕਾਂ ਤੇ ਸੰਜਮੀਆਂ ਵਿੱਚ ਗਿਣੀ ਜਾਓ । ਫ਼ਜ਼ੂਲ ਖਰਚੀ ਨ ਕਰੋ । ਪਤੀਆਂ ਦੇ ਧੰਨ ਨੂੰ ਅਜਾਈਂ ਨ ਖਰਚ ਕਰੋ । ਧੋਖਾ ਧੜੀ ਨ ਕਰੋ । ਚੋਰੀ ਨ ਕਰੋ ਗਿਲੇ ਸ਼ਿਕਵੇ ਨ ਕਰੋ । ਇਕ ਇਸਤਰੀ ਦੂਜੀ ਇਸਤਰੀ ਜਾਂ ਪੁਰਸ਼ 'ਤੇ ਊਝਾਂ ਨ ਲਾਏ ।

# ਸਾਰ

ਇਹ ਸਾਰੇ ਉਪਦੇਸ਼ ਜੋ ਅਸੀਂ ਲਿੱਖ ਚੁਕੇ ਹਾਂ ਇਸ ਮੰਤਵ ਲਈ ਹਨ ਤਾਂ ਜੋ ਸਾਡੀ ਜਮਾਤ ਰੱਬ ਦੇ ਖ਼ੌਫ਼ ਵਿੱਚ ਤਰੱਕੀ ਕਰੇ ਅਤੇ ਉਹ ਇਸ ਯੋਗ ਹੋ ਜਾਣ ਕਿ ਰੱਬ ਦਾ ਪ੍ਰਕੋਪ ਜੋ ਇਸ ਧਰਤ'ਤੇ ਭੜਕ ਰਿਹਾ ਹੈ ਉਹ ਉਹਨਾ ਤੱਕ ਨ ਪਹੁੰਚੇ ਅਤੇ ਉਹ ਤਾਊਨ (ਪਲੇਗ) ਦੇ ਦਿਨਾਂ ਵਿਚ ਵਿਸ਼ੇਸ਼ ਰੂਪ ਵਿੱਚ ਬਚਾਏ ਜਾਣ । ਸੱਚੀ ਸੰਜਮਤਾ (ਆਹ ! ਬਹੁਤ ਹੀ ਘੱਟ ਹੈ ਸੱਚੀ ਸੰਜਮਤਾ) ਰੱਬ ਨੂੰ ਰਾਜ਼ੀ ਕਰ ਲੈਂਦੀ ਹੈ ਅਤੇ ਰੱਬ ਮਮੂਲੀ ਰੂਪ ਵਿੱਚ ਨਹੀਂ ਸਗੋਂ ਵਿਸ਼ੇਸ਼ ਰੂਪ ਵਿੱਚ ਚਮਤਕਾਰ ਦੇ ਰੂਪ ਵਿੱਚ ਪੂਰਨ ਸੰਜਮੀਆਂ ਨੂੰ ਬਲਾਵਾਂ ਤੋਂ ਬਚਾ ਲੈਂਦਾ ਹੈ । ਹਰ ਇਕ ਮਕੱਾਰ (ਫ਼ਰੇਬੀ) ਜਾਂ ਮੂਰਖ ਸੰਜਮੀ ਹੋਣ ਦਾ ਦਾਵ੍ਹਾ ਕਰਦਾ ਹੈ ਪਰ ਸੰਜਮੀ ਉਹ ਹੈ ਜੋ ਰੱਬ ਦੇ ਚਮਤਕਾਰ ਨਾਲ ਸੰਜਮੀ ਸਿੱਧ ਹੋਵੇ । ਹਰ ਕੋਈ ਕਹਿ ਸਕਦਾ ਹੈ ਕਿ ਮੈਂ ਰੱਬ ਨਾਲ ਪਿਆਰ ਕਰਦਾ ਹਾਂ, ਪਰ ਰੱਬ ਨਾਲ ਪਿਆਰ ਉਹ ਕਰਦਾ ਹੈ ਜਿਸ ਦਾ ਪਿਆਰ ਅਕਾਸ਼ੀ ਗਵਾਹੀ ਨਾਲ ਸਾਬਤ ਹੋਵੇ। ਹਰ ਕੋਈ ਕਹਿੰਦਾ ਹੈ ਕਿ ਮੇਰਾ ਧਰਮ ਸਚੱਾ ਹੈ, ਪਰ ਸਚੱਾ ਧਰਮ ਉਸ ਮਨੁੱਖ ਦਾ ਹੈ ਜਿਸ ਨੂੰ ਇਸੇ ਸੰਸਾਰ ਵਿੱਚ ਨੂਰ ਪ੍ਰਾਪਤ ਹੁੰਦਾ ਹੈ । ਹਰ ਇਕ ਕਹਿੰਦਾ ਹੈ ਕਿ ਮੈਂਨੂੰ ਮੁਕਤੀ ਪ੍ਰਾਪਤ ਹੋਵੇਗੀ ਪਰ ਇਸ ਕਥਨ ਵਿੱਚ ਸਚੱਾ ਉਹ ਮਨੁੱਖ ਹੈ ਜੋ ਇਸੇ ਸੰਸਾਰ ਵਿੱਚ ਮੁਕਤੀ ਦੇ ਨੂਰ ਨੂੰ ਦੇਖਦਾ ਹੈ । ਸੋ, ਤੁਸੀਂ ਜਤਨ ਕਰੋ ਕਿ ਰੱਬ ਦੇ ਪਿਆਰੇ ਬਣ ਜਾਓ, ਤਾਂ ਜੋ ਤੁਸੀਂ ਆਫ਼ਤਾਂ ਤੋਂ ਬਚਾਏ ਜਾਓ। ਪੂਰਨ ਸੰਜਮੀ ਤਾਊਨ (ਪਲੇਗ) ਤੋਂ ਬਚਾਇਆ ਜਾਏਗਾ । ਕਿਉਂਕਿ ਉਹ ਰੱਬ ਦੀ ਪਨਾਹ ਵਿੱਚ ਹੈ । ਸੋ, ਤੁਸੀਂ ਪੂਰਨ ਸੰਜਮੀ ਬਣ ਜਾਓ । ਜੋ ਕੁਝ ਰੱਬ ਨੇ ਤਾਊਨ ਬਾਰੇ ਫ਼ਰਮਾਇਆ ਹੈ, ਤੁਸੀਂ ਸੁਣ ਚੁਕੇ ਹੋ । ਇਕ ਪ੍ਰਕੋਪ ਦੀ ਅੱਗ ਹੈ, ਸੋ, ਤੁਸੀਂ ਆਪਣੇ ਆਪਨੂੰ ਉਸ ਅੱਗ ਤੋਂ ਬਚਾਓ । ਜੋ ਮਨੁੱਖ ਸੱਚੇ ਤੌਰ'ਤੇ ਮੇਰੀ ਪੈਰ੍ਹਵੀ ਕਰਦਾ ਹੈ ਅਤੇ ਕੋਈ ਧੋਖਾਧੜੀ ਉਸ ਵਿੱਚ ਨਹੀਂ ਅਤੇ ਨ ਹੀ ਕਾਹਲੀ ਤੇ ਗ਼ਫ਼ਲਤ ਹੈ ਅਤੇ ਨ ਹੀ ਨੇਕੀ ਨਾਲ ਬਦੀ ਨੂੰ ਰਲਾਉਂਦਾ ਹੈ, ਉਹ ਬਚਾਇਆ ਜਾਏਗਾ । ਪਰ ਜੋ ਉਸ ਦੇ ਮਾਰਗ ਵਿੱਚ ਢਿੱਲੇ ਪੈਰ੍ਹੀਂ ਤੁਰਦਾ ਹੈ ਅਤੇ

ਸੰਜਮਤਾ ਦੇ ਮਾਰਗ ਵਿੱਚ ਦ੍ਰਿੜ੍ਹਤਾ ਨਾਲ ਪੈਰ੍ਹ ਨਹੀਂ ਧਰਦਾ ਜਾਂ ਸੰਸਾਰ ਪਰਸਤ ਹੈ ਉਹ ਆਪਣੇ ਆਪ ਨੂੰ ਪ੍ਰੀਖਿਆ ਵਿੱਚ ਪਾਉਂਦਾ ਹੈ । ਹਰ ਪੱਖੋਂ ਰੱਬ ਦੀ ਤਾਬਿਆਦਾਰੀ ਤੇ ਆਗਿਆਕਾਰੀ ਕਰੋ । ਹਰ ਇਕ ਮਨੁੱਖ ਰੱਬ ਦੀ ਤਾਬਿਆਦਾਰੀ ਤੇ ਆਗਿਆਕਾਰੀ ਕਰੇ । ਹਰ ਇਕ ਮਨੁੱਖ ਜੋ ਆਪਣੇ ਆਪਨੂੰ ਬੈਅਤ ਕੀਤਿਆਂ ਵਿੱਚ (ਦੀਖਿਅਤ ਹੋਇਆਂ ਵਿੱਚ) ਗਿਣਦਾ ਹੈ, ਉਸ ਲਈ ਹੁਣ ਸਮਾਂ ਹੈ ਕਿ ਆਪਣੇ ਧੰਨ ਰਾਹੀਂ ਵੀ ਸਿਲਸਿਲੇ (ਜਮਾਤ) ਦੀ ਸੇਵਾ ਕਰੇ। ਜੋ ਮਨੁੱਖ ਇਕ ਪੈਸੇ ਦੀ ਸਮਰਥਾ ਰਖੱਦਾ ਹੈ ਉਹ ਜਮਾਤ ਦੇ ਖਰਚਿਆਂ ਲਈ ਪ੍ਰਤੀ ਮਹੀਨਾ ਇਕ ਪੈਸਾ ਦੇਵੇ ਅਤੇ ਜੋ ਵਿਅਕਤੀ ਇਕ ਰੁਪਿਆ ਪ੍ਰਤੀ ਮਹੀਨਾ ਦੇ ਸਕਦਾ ਹੈ ਉਹ ਹਰ ਮਹੀਨੇ ਇਕ ਰੁਪਿਆ ਅਦਾ ਕਰੇ । ਕਿਉਂਕਿ ਲੰਗਰ ਦੇ ਖਰਚਿਆਂ ਤੋਂ ਬਿਨਾ ਧਾਰਮਕ ਕਾਰਜਾਂ ਲਈ ਵੀ ਅਨੇਕਾਂ ਲੋੜਾਂ ਹੁੰਦੀਆਂ ਹਨ । ਸੈਂਕੜੇ ਮਹਿਮਾਨ ਆਉਂਦੇ ਹਨ ਪਰ ਹੁਣ ਤੱਕ ਮਹਿਮਾਨਾ ਦੀ ਰਿਹਾਇਸ਼ ਤੇ ਅਰਾਮਦਾਇਕ ਮਕਾਨਾ ਦੀ ਘਾਟ ਹੈ, ਚਾਰਪਾਈਆਂ ਦਾ ਪ੍ਰਬੰਧ ਨਹੀਂ । ਮਸਜਿਦ ਵਧਾਉਣ ਦੀਆਂ ਲੋੜਾਂ ਵੀ ਮੁੱਖ ਹਨ । ਵਿਰੋਧੀਆਂ ਦੇ ਟਾਕਰੇ'ਤੇ ਪ੍ਰਚਾਰ ਤੇ ਪ੍ਰਸਾਰ ਦੀ ਵੀ ਅਤਿਅੰਤ ਲੋੜ ਹੈ । ਇਸਾਈਆਂ ਵੱਲੋਂ ਜਿੱਥੇ ਪੰਜਾਹ ਹਜ਼ਾਰ ਰਸਾਲੇ (ਮੈਗ਼ਜ਼ੀਨ) ਅਤੇ ਧਾਰਮਕ ਪਰਚੇ ਨਿਕਲਦੇ ਹਨ, ਪਰ ਸਾਡੇ ਵੱਲੋਂ ਪੂਰੇ ਪ੍ਰਬੰਧਾਂ ਨਾਲ ਇਕ ਹਜ਼ਾਰ ਵੀ ਪ੍ਰਤੀ ਮਹੀਨਾ ਨਹੀਂ ਨਿਕਲ ਸਕਦਾ । ਇਹੋ ਕਾਰਜ ਹਨ ਜਿੰਨ੍ਹਾ ਲਈ ਹਰ ਇਕ ਬੈਅਤ ਕਰਨ ਵਾਲੇ ਨੂੰ ਆਪਣੀ ਸਮਰਥਾ ਤੇ ਪਹੁੰਚ ਅਨੁਸਾਰ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਰੱਬ ਵੀ ਉਹਨਾ ਦੀ ਮਦਦ ਕਰੇ । ਜੇਕਰ ਲਗਾਤਾਰ ਹਰ ਮਹੀਂਨਿ ਮਦਦ ਪਹੁੰਚਦੀ ਰਹੇ, ਭਾਵੇਂ ਥੋੜ੍ਹੀ ਹੀ ਮਦਦ ਹੋਵੇ ਤਾਂ ਉਹ ਮਦਦ ਉਸ ਮਦਦ ਨਾਲੋਂ ਚੰਗੀ ਹੈ ਜੋ ਚਿਰਾਂ ਤੱਕ ਚੁੱਪੀ ਧਾਰਨ ਮਗਰੋਂ ਫਿਰ ਕਿਸੇ ਵੇਲੇ ਚੇਤਾ ਆਉਣ'ਤੇ ਕੀਤੀ ਜਾਂਦੀ ਹੈ । ਹਰ ਇਕ ਮਨੁੱਖ ਦਾ ਸਿਦਕ ਉਸ ਦੀ ਨੇਕੀ ਤੋਂ ਪਛਾਣਿਆਂ ਜਾਂਦਾ ਹੈ । ਸਜਣੋ ! ਇਹ ਧਰਮ ਲਈ ਅਤੇ ਧਾਰਮਕ ਕਾਰਜਾਂ ਲਈ ਸੇਵਾ ਦਾ ਸਮਾਂ ਹੈ । **ਇਸ ਸਮੇਂ ਨੂੰ ਗ਼ਨੀਮਤ ਜਾਣੋ ਕਿ ਇਹ ਫਿਰ ਕਦੇ ਹੱਥ ਨਹੀਂ ਆਏਗਾ** । ਚਾਹੀਦਾ ਹੈ ਕਿ

ਕਿ ਜ਼ਕਾਤ ਦੇਣ ਵਾਲਾ ਆਪਣੀ ਜ਼ਕਾਤ ਇੱਥੇ ਭੇਜੇ । ਅਤੇ ਹਰ ਇਕ ਮਨੁੱਖ ਆਪਣੇ ਆਪ ਨੂੰ ਫ਼ਜ਼ੂਲ ਖਰਚੀਆਂ ਤੋਂ ਬਚਾਈ ਰੱਖੇ ਅਤੇ ਉਸਦੇ (ਰੱਬ ਦੇ) ਮਾਰਗ ਵਿੱਚ ਰੁਪਿਆ ਲਗਾਵੇ ਅਤੇ ਹਰ ਸੰਭਵ ਸਿਦਕ ਦਿਖਾਵੇ ਤਾਂ ਜੋ ਦਿਆਲਤਾ, ਕਿਰਪਾਲਤਾ ਅਤੇ ਰੂਹੁਲ ਕੁਦੁਸ (ਪਵਿੱਤਰ ਆਤਮਾ) ਦਾ ਪੁਰਸਕਾਰ ਪ੍ਰਾਪਤ ਕਰੇ । ਕਿਉਂਕਿ ਇਹ ਪੁਰਸਕਾਰ ਉਹਨਾ ਲੋਕਾਂ ਲਈ ਤਿਆਰ ਹੈ ਜੋ ਇਸ ਜਮਾਤ ਵਿੱਚ ਦਾਖ਼ਲ ਹੋਏ ਹਨ । ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਉਪੱਰ ਜਿਸ ਰੂਹੁਲਕੁਦੁਸ ਦਾ ਪ੍ਰਕਾਸ਼ ਹੋਇਆ ਸੀ ਉਹ ਪ੍ਰਕਾਸ਼ ਹਰ ਇਕ ਪ੍ਰਕਾਸ਼ ਤੋਂ ਵਧੱਕੇ ਹੈ । ਰੂਹੁਲ ਕੁਦੁਸ ਕਦੇ ਕਿਸੇ ਨਬੀ'ਤੇ ਕਬੂਤਰ ਦੇ ਰੂਪ ਵਿੱਚ ਪ੍ਰਕਟ ਹੋਇਆ ਅਤੇ ਕਦੇ ਕਿਸੇ'ਤੇ ਨਬੀ ਜਾਂ ਅਵਤਾਰ'ਤੇ ਗਊ ਦੇ ਰੂਪ ਵਿੱਚ ਪ੍ਰਕਟ ਹੋਇਆ ਕਦੇ ਕਿਸੇ'ਤੇ ਕਛੂੱਕੰਮੇ ਜਾਂ ਮਗਰਮੱਛ ਦੇ ਰੂਪ ਵਿੱਚ ਪ੍ਰਕਟ ਹੋਇਆ ਅਤੇ ਮਨੁੱਖ ਦੇ ਰੂਪ ਵਿੱਚ ਪ੍ਰਕਟ ਹੋਣ ਦਾ ਸਮਾਂ ਨਹੀਂ ਆਇਆ, ਜੱਦ ਤੱਕ ਕਿ ਕਾਮਲ ਇਨਸਾਨ ਅਰਥਾਤ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਪ੍ਰਕਟ ਨ ਹੋਏ । ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਪ੍ਰਕਟ ਹੋ ਗਏ ਤਾਂ ਰੂਹੁਲੂ ਕੁਦੁਸ ਵੀ ਆਪ'ਤੇ ਕਾਮਲ ਇਨਸਾਨ ਹੋਣ ਕਰਕੇ ਮਨੁੱਖ ਦੇ ਰੂਪ ਵਿੱਚ ਹੀ ਪ੍ਰਕਟ ਹੋਇਆ । ਕਿਉਂਕਿ ਰੂਹੁਲ ਕੁਦੁਸ ਦਾ ਮਹਾਂ ਪ੍ਰਕਾਸ਼ ਸੀ ਜਿਸਨੇ ਧਰਤੀ ਤੋਂ ਅਕਾਸ਼ ਤੱਕ ਦਾ ਮੰਡਲ ਭਰ ਦਿਤੱਾ ਸੀ, ਇਸ ਲਈ ਕੁਰਆਨ ਕਰੀਮ ਦੀ ਸਿੱਖਿਆ ਸ਼ਿਰਕ ਤੋਂ ਸੁਰੱਖਿਅਤ ਰਹੀ । ਪਰੰਤੂ ਕਿਉਂਕਿ ਇਸਾਈ ਧਰਮ ਦੇ ਪੇਸ਼ਵਾ'ਤੇ ਰੂਹੁਲ ਕੁਦੁਸ ਅਤਿਅੰਤ ਨਿਰਬਲ ਅਵਸਥਾ ਵਿੱਚ ਪ੍ਰਕਟ ਹੋਇਆ ਸੀ ਅਰਥਾਤ ਕਬੂਤਰ ਦੇ ਰੂਪ ਵਿੱਚ । ਇਸ ਲਈ ਆਪ ਵਿੱਚ ਆਤਮਾ ਅਰਥਾਤ ਸ਼ੈਤਾਨ ਇਸ ਧਰਮ'ਤੇ ਸਫ਼ਲ਼ ਹੋ ਗਿਆ ਅਤੇ ਉਸ ਨੇ ਆਪਣੀ ਵੱਡਿਆਈ ਅਤੇ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਕਿ ਮਹਾਨ ਅਜਗਰ ਵਾਂਗ ਆਕਰਮਣ ਕੀਤਾ । ਇਹੋ ਕਾਰਣ ਹੈ ਕਿ ਕੁਰਆਨ ਕਰੀਮ ਨੇ ਇਸਾਈਆਂ ਦੀ ਗੁਮਰਾਹੀ ਨੂੰ ਦੁਨੀਆਂ ਦੀਆਂ ਸਾਰੀਆਂ ਗੁਮਰਾਹੀ ਤੋਂ ਮੋਹਰੇ ਰੱਖਿਆ ਅਤੇ

ਫ਼ਰਮਾਇਆ ਕਿ ਨੇੜੇ ਹੈ ਕਿ ਅਕਾਸ਼ ਤੇ ਧਰਤੀ ਪਾਟ ਜਾਣ ਤੇ ਟੋਟੇ ਟੋਟੇ ਹੋ ਜਾਣ ਕਿ ਧਰਤੀ ਉਪੱਰ ਇਕ ਬਹੁਤ ਵਡਾੱ ਪਾਪ ਕੀਤਾ ਗਿਆ ਕਿ ਮਨੁੱਖ ਨੂੰ ਰੱਬ ਅਤੇ ਰੱਬ ਦਾ ਪੁਤੱਰ ਬਣਾਇਆ ਗਿਆ । ਕੁਰਆਨ ਸ਼ਰੀਫ਼ ਦੇ ਅਰੰਭ ਵਿੱਚ ਵੀ ਇਸਾਈਆਂ ਦਾ ਰੱਦ ਵਰਨਣ ਹੈ । ਜਿਵੇਂ ਕਿ ਆਇਤ : إِيَّاكَ نَعْبُدُ (الفاتحة 5) 'ਇਯੱਾਕਾ ਨਅਬੁਦੁ ਅਤੇ (الفاتحة 7) وَلَا الضَّالِّينَ۔ ਵਲਜ਼ੱਾਲੀਨ' ਰਾਹੀਂ ਸਮਝਾਇਆ ਜਾਂਦਾ ਹੈ ਅਤੇ ਕੁਰਆਨ ਕਰੀਮ ਦੇ ਅੰਤ ਵਿੱਚ ਇਸਾਈਆਂ ਦਾ ਰੱਦ (ਖੰਡਨ) ਹੈ ਜਿਵੇਂ ਕਿ ਸੂਰਤ ਅਖ਼ਲਾਸ :

(قُلْ هُوَ اللّٰهُ أَحَدٌ۔ اَللّٰهُ الصَّمَدُ۔ لَمْ يَلِدْ وَلَمْ يُولَدْ۔ (الإخلاص 2-4)

'ਕੁਲ ਹੁ ਵਲੱਾਹੁ ਅਹਦ, ਅਲੱਾਹੁਸੱਮਦ, ਲਮ ਯਲਿਦ ਵਲਮ ਯੂਲਦ' (ਸੂਰਤ ਅਖ਼ਲਾਸ 2–4) ਰਾਹੀਂ ਸਮਝਾਰਇਆ ਗਿਆ ਹੈ । ਕੁਰਆਨ ਸ਼ਰੀਫ਼ ਅੰਦਰ ਵੀ ਇਸਾਈ ਧਰਮ ਦੇ ਫ਼ਿਤਨੇ (ਫ਼ਸਾਦ) ਬਾਰੇ ਵਰਨਣ ਮਿਲਦਾ ਹੈ, ਜਿਵੇਂ ਕਿ ਆਇਤ

تَكَادُ السَّمٰوَاتُ يَتَفَطَّرْنَ مِنْهُ۔ (مريم 91)

ਤਕਾਦੁਸੱਮਾਵਾਤੁ ਯਤਾਫ਼ਤੱਰਨਾ ਮਿਨਹੁ (ਸੂਰਤ ਮਰਯੱਮ–91)

ਰਾਹੀਂ ਸਮਝਾਇਆ ਜਾਂਦਾ ਹੈ । ਕੁਰਆਨ ਸ਼ਰੀਫ਼ ਤੋਂ ਪ੍ਰਕਟ ਹੈ ਕਿ ਜੱਦ ਤੋਂ ਦੁਨੀਆ ਬਣੀ ਹੈ ਮਖ਼ਲੂਕ ਪ੍ਰਸਤੀ ਅਤੇ ਧੋਖਾਧੜੀ ਦੇ ਢੰਗਾ ਉਪੱਰ ਅਜਿਹਾ ਜ਼ੋਰ ਕਦੇ ਨਹੀਂ ਦਿਤੱਾ ਗਿਆ । ਇਸੇ ਕਰਕੇ ਮੁਬਾਹਿਲੇ (ਆਪਣੇ ਆਪਣੇ ਧਰਮ ਦੀ ਸਚੱਾਈ ਲਈ ਸੌਂਹਾਂ ਚੁਕੱਣੀਆ ਅਤੇ ਝੂਠੇ ਉਪੱਰ ਰੱਬ ਦੀਆਂ ਲਾਨ੍ਹਤਾਂ ਪਾਉਂਣ ਦੀ ਪ੍ਰਕ੍ਰਿਆ ਨੂੰ ਮੁਬਾਹਿਲਾ ਕਹਿੰਦੇ ਹਨ) ਲਈ ਵੀ ਇਸਾਈ ਬੁਲਾਏ ਗਏ ਸਨ ਨ ਕਿ ਕੋਈ ਹੋਰ ਮੁਸ਼ਰਿਕ । ਇਹ ਜੋ ਰੂਹੁਲਕੁਦੁਸ ਇਸ ਤੋਂ ਪਹਿਲਾਂ ਪੰਛੀਆਂ ਜਾਂ ਪਸ਼ੂਆਂ ਦੇ ਰੂਪ ਵਿੱਚ ਪ੍ਰਕਟ ਹੁੰਦਾ ਰਿਹਾ ਇਸ ਵਿੱਚ ਕੀ ਨੁਕਤਾ ਸੀ, ਸਮਝਣ ਵਾਲਾ ਆਪ ਸਮਝ ਲਏ । ਅਸੀਂ ਕੇਵਲ ਇਹ ਆਖ ਸਕਦੇ ਹਾਂ ਕਿ ਇਹ ਇਸ ਗੱਲ ਵੱਲ ਸੰਕੇਤ ਸੀ ਕਿ ਸਾਡੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਮਨੁਖੱਤਾ ਐਨ੍ਹੀ ਠੋਸ ਹੈ ਰੂਹੁਲ ਕੁਦੁਸ ਨੂੰ ਵੀ ਮਨੁਖੱਤਾ ਵਿੱਚ ਖਿੱਚ ਲਿਆਈ । **ਸੋ, ਤੁਸੀਂ ਅਜਿਹੇ ਮਹਾਨ ਨਬੀ ਦੇ ਤਾਬਿਆਦਾਰ ਹੋਕੇ ਹਿੰਮਤਾਂ**

**ਕਿਉਂ ਹਾਰਦੇ ਹੋ ।** ਤੁਸੀਂ ਆਪਣੇ ਉਹ ਨਮੂਨੇ ਦਿਖਾਓ ਜੋ ਫ਼ਰਿਸ਼ਤੇ ਵੀ ਅਕਾਸ਼ ਉਪੱਰ ਤੁਹਾਡੇ ਸਿਦਕ'ਤੇ ਹੈਰਾਨ ਹੋ ਜਾਣ ਅਤੇ ਤੁਹਾਡੇ'ਤੇ ਦੁਰੂਦ ਭੇਜਣ । ਤੁਸੀਂ ਇਕ ਮੌਤ ਨੂੰ ਧਾਰਨ ਕਰੋ ਤਾਂ ਜੋ ਤੁਹਾਨੂੰ ਜੀਵਨ ਮਿਲੇ ਅਤੇ ਤੁਸੀਂ ਨਫ਼ਸਾਨੀ ਜੋਸ਼ਾਂ (ਆਪਣੇ ਹਉਮੈ ਤੇ ਆਪੇ) ਤੋਂ ਆਪਣਾ ਅੰਦਰੂਨਾ ਖ਼ਾਲੀ ਕਰੋ ਤਾਂ ਜੋ ਰੱਬ ਉਸ ਵਿੱਚ ਵੱਸੇ । ਇਕ ਪਾਸਿਓਂ ਤੁਸੀਂ ਪੱਕੇ ਤੌਰ'ਤੇ ਕਾਟ ਕਰੋ ਅਤੇ ਦੂਜੇ ਪਾਸੇ ਸੰਪੂਰਨ ਸੰਬੰਧ ਪੈਦਾ ਕਰੋ ਤਾਂ ਜੋ ਰੱਬ ਤੁਹਾਡੀ ਮਦਦ ਕਰੇ ।

ਹੁਣ ਮੈਂ ਖ਼ਤਮ ਕਰਦਾ ਹਾਂ ਅਤੇ ਦੁਆ ਕਰਦਾ ਹਾਂ ਕਿ ਇਹ ਮੇਰੀ ਸਿੱਖਿਆ ਤੁਹਾਡੇ ਲਈ ਲਾਹੇਵੰਦ ਹੋਵੇ ਅਤੇ ਤੁਹਾਡੇ ਅੰਦਰ ਅਜਿਹੀ ਤਬਦੀਲੀ ਪੈਦਾ ਹੋਵੇ ਕਿ ਤੁਸੀਂ ਧਰਤੀ ਦੇ ਤਾਰੇ ਬਣ ਜਾਓ ਅਤੇ ਧਰਤੀ ਉਸ ਨੂਰ ਨਾਲ ਰੌਸ਼ਨ ਹੋਵੇ ਜੋ ਤੁਹਾਡੇ ਰੱਬ ਵੱਲੋਂ ਤੁਹਾਨੂੰ ਮਿਲੇ । ਅਮੀਨ । ਫਿਰ ਆਮੀਨ ।

یا عبادَاللہ اُذْ کر کُم ایّام اللہ و اذ کر کم تقوی القلوب۔ إِنَّهُ مَنْ يَأْتِ رَبَّهُ مُجْرِمًا فَإِنَّ لَهُ جَهَنَّمَ لَا يَمُوتُ فِيهَا وَلَا يَحْيَا۔ فلا تُخلدوا الی زینۃ الدنیا وزورھا وتقواللہ وَاسْتَعِينُوا بِالصَّبْرِ وَالصَّلَاةِ۔ إِنَّ اللَّهَ وَمَلَائِكَتَهُ يُصَلُّونَ عَلَى النَّبِيِّ يَا أَيُّهَا الَّذِينَ آمَنُوا صَلُّوا عَلَيْهِ وَسَلِّمُوا تَسْلِيمًا۔ اللھم صل علی محمد وعلی اٰل محمد وبارك وسلم۔

ਯਾ ਇਬਾਦਿਲੱਾਹਿ ਉਜ਼ੱਕਿਰ ਕੁਮ ਅਯੱਾਮਿਲੱਾਹਿ ਵ ਉਜ਼ੱਕਿਰ ਕੁਮ ਤਕਵਲ ਕੁਲੂਬ । ਇਨੱਾਹੂ ਮੰਯਾਤਿ ਰਬੱਾਹੂ ਮੁਜਰਿਮਨ ਫ਼ ਇਨੱਾ ਲਹੂ ਜਹਨੱਮ, ਲਾ ਯਮੂਤੁ ਫ਼ੀਹਾ ਵਲਾ ਯਹਯਾ । ਫ਼ਲਾ ਤਖ਼ਲੁਦੂ ਇਲਾ ਜ਼ੀਨਤੱਦੁਨੀਆ ਵਜ਼ੂਰਿਹਾ ਵਤਕੁਲੱਾਹਾ ਵਸਤਾਈਨੂ ਬਿਸੱਬਰਿ ਵਸੱਲਾਤਿ । ਇਨੱਲੱਾਹਾ ਮਲਾਇਕਾਤੁਹੂ ਯੁਸਲੂੱਨਾ ਅਲਾ ਨਬੀੱਯਿ, ਯਾ ਅਯੁੱ ਹੱਲਜ਼ੀਨਾ ਆਮਾਨੂ ਸਲੂੱ ਅਲੈਹਿ ਵ ਸੱਲਿਮੂ ਤਸਲੀਮਾ । ਅਲੱਾਹੁਮੱਾ ਸੱਲਿ ਅਲਾ ਮੁਹਮੱਾਦਿੰਵ ਵ ਅਲਾ ਆਲਿ ਮੁਹਮੱਦ ਵ ਬਾਰਿਕ ਵਸੱਲਿਮ ।

# ਤਾਊਨ (ਪਲੇਗ) ਬਾਰੇ ਭਵਿੱਖਬਾਣੀ

## (ਫ਼ਾਰਸੀ ਕਲਾਮ)

ਨਿਸ਼ਾਂ ਅਗਰ ਚ ਨ ਦਰ ਅਖ਼ਤਿਆਰ ਕਸ ਬੂਦਸਤ
ਮਗਰ ਨਿਸ਼ਾਂ ਬਦਹਮ ਅਜ਼ ਨਿਸ਼ਾਂ ਜ਼ਦਾਦਾਰਮ
ਕਿ ਆਂ ਸਈਦ ਜ਼ ਤਾਊਨ ਨਜਾਤ ਖ਼ਵਾਹਿਦ ਯਾਫ਼ਤ
ਕਿ ਜਸਤ ਵ ਜੁਸਤ ਪਨਾ ਹੈ ਬਚਾਰ ਦਿਵਾਰਮ
ਮਰਾਕਸਮ ਬਖ਼ੁਦਾਵੰਦ ਖ਼ਵੀਸ਼ ਵ ਅਜ਼ਮਤਿ ਊ
ਕਿ ਹਸਤ ਈਂ ਹਮਾ ਅਜ਼ ਵਹੀ ਪਾਕ ਗ਼ੁਫ਼ਤਾਰਮ
ਚ ਹਾਜਤ ਅਸਤ ਬ ਬਹਸ ਦਗਰ ਹਮੀਂ ਕਾਫ਼ੀਸਤ
ਬਰਾਏ ਆਂ ਕਿ ਸਯਹ ਸ਼ੁਦ ਦਿਲਸ਼ ਜ਼ਾਂਕਾਰਮ
ਅਗਰ ਦਰੋਗ਼ ਬਰ ਆਇਦ ਹਰ ਆਂਚਹ ਵਾਦਾਇ ਮਨ
ਰਵਾਸਤ ਗਰ ਹਮਹ ਖ਼ੀਜ਼ੰਦ ਬਹਰ ਪੈਕਾਰਮ

# ਮਕਾਨ ਉਸਾਰੀ ਲਈ ਚੰਦੇ ਦੀ ਬੇਨਤੀ

ਕਿਉਂਕਿ ਭਵਿੱਖ ਵਿੱਚ ਇਸ ਗੱਲ ਦੀ ਵਿਸ਼ੇਸ਼ ਸੰਭਾਵਨਾ ਹੈ ਕਿ ਤਾਊਨ ਦੇਸ਼ ਵਿੱਚ ਫੈਲ ਜਾਵੇ ਅਤੇ ਸਾਡੇ ਘਰ ਵਿੱਚ ਜਿਸਦੇ ਕੁਝ ਭਾਗ ਵਿੱਚ ਪੁਰੁਸ਼ ਮਹਿਮਾਨ ਰਹਿੰਦੇ ਹਨ ਅਤੇ ਕੁਝ ਭਾਗ ਵਿੱਚ ਇਸਤਰੀਆਂ । ਬਹੁਤ ਤੰਗੀ ਵਾਪਰ ਰਹੀ ਹੈ ਅਤੇ ਆਪ ਲੋਕ ਸੁਣ ਚੁਕੇ ਹਨ ਕਿ ਅਲੱਾਹ ਤਆਲਾ ਨੇ ਉਹਨਾ ਲੋਕਾਂ ਲਈ ਜੋ ਇਸ ਘਰ ਦੀ ਚਾਰ ਦਿਵਾਰੀ ਦੇ ਅੰਦਰ ਹੋਣਗੇ ਸੁਰੱਖਿਆ ਦਾ ਵਿਸ਼ੇਸ਼ ਪ੍ਰਣ ਕੀਤਾ ਹੈ । ਹੁਣ ਉਹ ਘਰ ਜੋ ਗ਼ੁਲਾਮ ਹੈਦਰ ਦਾ ਸੀ ਜਿਸ ਵਿੱਚ ਸਾਡਾ ਹਿਸੱਾ ਹੈ, ਉਸ ਬਾਰੇ ਸਾਡੇ ਸ਼ਰੀਕ ਰਾਜ਼ੀ ਹੋ ਗਏ ਹਨ ਕਿ ਸਾਡਾ ਹਿਸੱਾ ਸਾਨੂੰ ਦੇਣ ਅਤੇ ਬਾਕੀ ਹਿਸੱਾ ਮੁੱਲ ਦੇ ਦੇਣ । ਮੇਰੇ ਵਿਚਾਰ ਵਿੱਚ ਇਹ ਹਵੇਲੀ ਜੋ ਸਾਡੀ ਹਵੇਲੀ ਦਾ ਇਕ ਭਾਗ ਬਣ ਸਕਦੀ ਹੈ ਦੋ ਹਜ਼ਾਰ ਤੱਕ ਤਿਆਰ ਹੋ ਸਕਦੀ ਹੈ । ਕਿਉਂਕਿ ਖ਼ਤਰਾ ਹੈ ਕਿ ਤਾਊਨ ਦਾ ਸਮਾਂ ਨੇੜੇ ਹੈ ਅਤੇ ਇਹ ਘਰ ਇਲਾਹੀ ਵਹੀ ਦੀ ਖ਼ੁਸ਼ਖ਼ਬਰੀ ਅਨੁਸਾਰ ਇਸ ਤਾਊਨ ਦੇ ਹੜ੍ਹ ਵਿੱਚ ਕਿਸ਼ਤੀ (ਬੇੜੀ) ਦੇ ਰੂਪ ਵਿੱਚ ਹੋਵੇਗਾ । ਪਤਾ ਨਹੀਂ ਕਿਸ ਕਿਸ ਨੂੰ ਇਸ ਖ਼ੁਸ਼ਖ਼ਬਰੀ ਦੇ ਪ੍ਰਣ ਵਿੱਚੋਂ ਭਾਗ ਪ੍ਰਾਪਤ ਹੋਵੇ । ਇਸ ਲਈ ਇਹ ਕੰਮ ਬਹੁਤ ਛੇਤੀ ਦਾ ਹੈ । ਰੱਬ'ਤੇ ਭਰੋਸਾ ਕਰਕੇ ਜੋ ਖ਼ਾਲਕ ਦੇ ਰੋਜ਼ੀ ਦਹਿੰਦ ਹੈ ਅਤੇ ਨੇਕ ਕਰਮਾ ਨੂੰ ਦੇਖਦਾ ਹੈ ਜਤਨ ਕਰਨਾ ਚਾਹੀਦਾ ਹੈ । ਮੈਂ ਵੀ ਦੇਖਿਆ ਹੈ ਕਿ ਇਹ ਸਾਡਾ ਘਰ ਕਸ਼ਤੀ ਦੇ ਰੂਪ ਵਿੱਚ ਤਾਂ ਹੈ ਪਰ ਭਵਿੱਖ ਵਿੱਚ ਇਸ ਕਸ਼ਤੀ ਵਿੱਚ ਨ ਕਿਸੇ ਪੁਰੁਸ਼ ਲਈ ਥਾਂ ਹੈ ਨ ਕਿਸੇ ਇਸਤਰੀ ਲਈ । ਇਸ ਲਈ ਉਸਾਰੀ ਦੀ ਲੋੜ ਪਈ । ਵਸੱਲਾਮ ਅਲਾ ਮਨਿਤੱਾਬਾਅਲਹੁਦਾ ।

ਇਸ਼ਤਿਹਾਰ ਦਹਿੰਦ

ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ